# ਫ਼ਰਾਂਸ ਦੀਆਂ ਰਾਤਾਂ

ਤਾਰਾ ਸਿੰਘ

CENTRAL PUBLIC LIBRARY
PATIALA

ਲਾਹੌਰ
ਪ੍ਰੀਤ ਨਗਰ ਸ਼ਾਪ
ਨਿਸਬਤ ਰੋਡ

ਸਭ ਹੱਕ ਰਾਖਵੇਂ

ਪਹਿਲੀ ਵੇਰ
ਜਨਵਰੀ ੧੯੪੪

ਸਮਰਪਨ—

ਉਸ ਨੂੰ

ਜਿਸ ਦੀਆਂ ਸ਼ਰਬਤੀ ਅੱਖਾਂ
ਮੇਰੀਆਂ ਅੱਖਾਂ ਵਿਚ, ਜਿਸ
ਦੀਆਂ ਪਿਆਰ--ਚੁਮਣੀਆਂ
ਮੇਰੇ ਹੋਠਾਂ ਵਿਚ ਸਦਾ ਲਈ
ਸਮਾ ਗਈਆਂ.......................
ਜਿਸ ਪ੍ਰੀਤਮ ਜੀ ਦੇ ਸ਼ਰਾਬ-
ਪਿਆਲੇ ਵਿਚ ਮੇਰੀ ਜੀਵਨ-
ਕਹਾਣੀ ਚਿਤਰੀ ਗਈ।

—-ਤਾਰਾ ਸਿੰਘ

571.423
T16F
7983


| | |
|---|---|
| ਕੁਝ ਆਪਣੇ ਵਲੋਂ | ੫ |
| ਕਿਤਾਬ ਬਾਰੇ ਕੁਝ ਵਾਕਫ਼ੀ | ੭ |
| ਸੋਡਾ ਵਾਟਰ ਦੀਆਂ ਬੋਤਲਾਂ | ੯ |
| ਜੰਗੀ ਕਾਰਤੂਸ | ੧੭ |
| ਬਲਦੀ ਚਿਖਾ | ੨੩ |
| ਹਸਪਤਾਲੀ ਮੁਰਦਾ | ੩੧ |
| ਮੇਰਾ ਮਜ਼੍ਹਬ | ੪੧ |
| ਫਰਾਂਸਣ ਸਹੇਲੀ | ੪੯ |
| ਹੋਲਵੀਂ ਰੋਟੀ | ੫੭ |
| ਪੱਟ ਦਾ ਜ਼ਖਮ | ੬੫ |
| ਪਿਆਰੀ ਨ਼ਰਸ | ੭੫ |
| ਜੰਗੀ ਹਸਪਤਾਲ | ੮੭ |
| ਖੂਫੋ ਦਾ ਹਰਮ | ੯੩ |
| ਮੇਰੀ ਹ਼ਲੀਨਾ | ੯੯ |
| ਯ਼ਸੂ ਦੀ ਜਨਮ ਭੂਮੀ | ੧੦੭ |
| ਤਲੇ ਹੋਏ ਆਲੂ | ੧੧੫ |
| ਅੱਧੀ ਰਾਤ ਦਾ ਸਾਥੀ | ੧੨੩ |
| ਗਿਰਜੇ ਦੇ ਰਾਹ ਵਿਚ | ੧੩੫ |

# ਕੁਝ ਆਪਣੇ ਵਲੋਂ

'ਫ਼ਰਾਂਸ ਦੀਆਂ ਰਾਤਾਂ' ਵਿਚ ਫ਼ੌਜੀ ਜੀਵਨ ਦੇ ਨਿੱਘੇ ਤਜਰਬੇ, ਦੇਸ-ਦੇਸਾਂਤਰਾਂ ਦੀ ਸੈਰ, ਪ੍ਰਦੇਸਾਂ ਦੇ ਰਸਮੋ-ਰਿਵਾਜ, ਬੋਲ ਚਾਲ ਤੇ ਵੱਖੋ ਵਖ ਕੌਮਾਂ ਦੇ ਆਪੋ ਵਿਚ ਸਬੰਧ ਦਰਜ ਹਨ । ਇਹ ਕਹਾਣੀਆਂ ਸੁਣੀਆਂ ਸੁਣਾਈਆਂ ਜਾਂ ਮਨ-ਘੜਤ ਨਹੀਂ, ਸਗੋਂ ਅੱਖੀਂ ਵੇਖੀਆਂ ਤੇ ਆਪ-ਬੀਤੀਆਂ ਹਕੀਕਤਾਂ ਹਨ । ਇਨ੍ਹਾਂ ਕਹਾਣੀਆਂ ਵਿਚ ਇਕ ਫ਼ੌਜੀ ਦੀ ਜ਼ਿੰਦਗੀ ਵਿਚ ਬਾਹਰਲੇ ਮੁਲਕਾਂ ਦੇ ਆਏ ਤਜਰਬੇ, ਆਜ਼ਾਦ ਲੋਕਾਂ ਦੀ ਦਲੇਰੀ, ਬਹਾਦਰੀ, ਉਨ੍ਹਾਂ ਦੇ ਮੁਕਾਬਲੇ ਵਿਚ ਗ਼ੁਲਾਮਾਂ ਦਾ ਜੀਵਣ, ਤਹਿਜ਼ੀਬ, ਆਮ ਵਿਹਾਰਕ ਵਰਤੋਂ ਤੇ ਹਮਵਤਨਾਂ ਨਾਲ ਸਲੂਕ ਆਦ ਗੱਲਾਂ ਸਪੱਸ਼ਟ ਦਿਤੀਆਂ ਗਈਆਂ ਹਨ ।

ਇਸ ਕਿਤਾਬ ਵਿਚੋਂ ਕੁਝ ਲੇਖ ਮਾਸਕ ਪੰਜਾਬੀ 'ਕੰਵਲ' ਵਿਚ ਪਿਛਲੇ ਸਾਲ ੨੪੫੯ ਦੇ ਉਪਨਾਮ ਨਾਲ ਛਪਦੇ ਰਹੇ ਹਨ । ਪਰ ਜਦ ਇਨ੍ਹਾਂ ਸਤਰਾਂ ਦੇ ਲਿਖਾਰੀ ਦੇ ਨਾ ਨੁਕਰ ਦੇ ਬਾਵਜੂਦ ਐਡੀਟਰ ਕੰਵਲ ਨੇ ਪਾਠਕਾਂ ਨਾਲ ਅਸਲੀ ਲਿਖਾਰੀ ਦੀ ਵਾਕਫ਼ੀ ਕਰਾ ਦਿਤੀ, ਤਾਂ ਬਾਹਰੋਂ, ਦੇਸੋਂ ਪ੍ਰਦੇਸੋਂ, ਕਈ ਸ਼ਲਾਘਾ-ਪੱਤਰ ਆਏ । ਜਿਨ੍ਹਾਂ ਦੀ

ਸਾਂਝ ਨੇ ਇਸ ਉਮਰੇ ਵੀ ਬਚਪਨ ਦਾ ਸਵਾਦ ਮੁੜ ਪੈਦਾ ਕਰ ਦਿਤਾ, ਕੁਝ ਆਪਣੀ ਇਛਾ ਤੇ ਕੁਝ ਨਵ-ਸਨੇਹੀਆਂ ਦੇ ਉਤਸ਼ਾਹ ਦਾ ਸਿਟਾ ਅਜ ਉਨ੍ਹਾਂ ਸਾਰੇ ਲੇਖਾਂ ਦਾ ਸੰਗ੍ਰਹਿ ਪਾਠਕਾਂ ਦੀ ਭੇਟਾ ਕਰ ਰਿਹਾ ਹਾਂ।

ਇਸ ਪੁਸਤਕ ਦੀ ਤਿਆਰੀ ਵਿਚ ਮੇਰੇ ਮਾਨ ਯੋਗ ਸਨੇਹੀ ਸ: ਅਭੇ ਸਿੰਘ ਜੀ ਤੇ ਸ: ਜਮੀਅਤ ਸਿੰਘ ਜੀ ਕੰਵਲ ਪ੍ਰਬੰਧਕਾਂ ਨੇ ਬੜਾ ਹਥ ਵੰਡਾਇਆ ਹੈ, ਜਿਨ੍ਹਾਂ ਦਾ ਮੈਂ ਸਚੇ ਦਿਲੋਂ ਰਿਣੀ ਹਾਂ। ਮੈਂ ਆਪਣੇ ਵਲੋਂ ਕਿਤਾਬ ਲਿਖ ਕੇ ਇਹੋ ਸਮਝੀ ਬੈਠਾ ਸਾਂ ਕਿ ਬਸ ਹੁਣ ਕਿਤਾਬ ਛਪੀ ਸਮਝੋ, ਪਰ ਅਗਲੀਆਂ ਮੁਸੀਬਤਾਂ ਮੇਰੇ ਚਿਤ ਚੇਤੇ ਨਹੀਂ ਸਨ। ਕਾਗ਼ਜ਼ ਦਾ ਇਸ ਮਹਿੰਗੇ ਸਮੇਂ ਖਰੀਦਣਾ, ਪੈਸਾਂ ਨਾਲ ਪ੍ਰਬੰਧ, ਸੁਧਾਈ ਛਪਾਈ ਆਦਿ ਕਈ ਬਿਪਤਾ ਵੇਖ ਕੇ ਮੈਂ ਇਹ ਖਰੜਾ ਸ: ਪਿਆਰਾ ਸਿੰਘ 'ਦਾਤਾ', ਮੈਨੇਜਰ ਪ੍ਰੀਤ ਨਗਰ ਸ਼ਾਪ ਲਾਹੌਰ ਦੇ ਸਪੁਰਦ ਕਰ ਦਿਤਾ। ਕਿਤਾਬ ਦੀ ਸੁਧਾਈ, ਗੈਟ-ਅਪ ਤੇ ਛਪਾਈ ਆਦ ਲਈ ਦਿਤੀ ਖੇਚਲ ਲਈ ਮੈਂ ਉਨ੍ਹਾਂ ਦਾ ਬੜਾ ਧੰਨਵਾਦੀ ਹਾਂ।

ਆਪਣੇ ਪਾਠਕਾਂ ਦੀ ਸੇਵਾ ਵਿਚ – ਜਿਨ੍ਹਾਂ ਨਾਲ ਮੇਰੀ ਚਿਰ ਤੋਂ ਸਾਂਝ ਹੈ – ਬੇਨਤੀ ਹੈ ਕਿ ਇਸ ਕਿਤਾਬ ਵਿਚ ਰਹਿ ਗਈਆਂ ਊਣਤਾਈਆਂ ਬਾਰੇ ਜੇ ਉਹ ਆਪਣੇ ਖ਼ਿਆਲ ਦਸ ਸਕਣ, ਤਾਂ ਅਗਲੀ ਐਡੀਸ਼ਨ ਵਿਚ ਸੋਧ ਕੇ ਮੈਨੂੰ ਬੜੀ ਖੁਸ਼ੀ ਹੋਵੇਗੀ।

ਖਾ: ਹਾਈ ਸਕੂਲ,
ਸਰਹਦ

ਤਾਰਾ ਸਿੰਘ

# ਕਿਤਾਬ ਬਾਰੇ ਕੁਝ ਵਾਕਫ਼ੀ

## (੧) ਫਰਾਂਸ ਬਾਬਤ–

੧. ਪਿੰਡਾਂ ਸ਼ਹਿਰਾਂ ਦੀ ਵਸੋਂ, ਨਹਿਰਾਂ, ਦਰਿਆ, ਪਹਾੜ।
੨. ਬਰਫ਼, ਪੌਣ ਪਾਣੀ, ਸੜਕਾਂ, ਸਕੂਲ ਅਤੇ ਖੇਡਾਂ।
੩. ਇਸ਼ਨਾਨ ਮੇਲੇ, ਨਾਚ ਘਰ, ਟਰਾਮ, ਰੇਲ ਤੇ ਸ਼ਾਹੀ ਦੁਕਾਨਾਂ।
੪. ਫਰਾਂਸੀਸੀ ਕੁੜੀਆਂ ਦਾ ਹਿੰਦੀਆਂ ਨਾਲ ਪਿਆਰ।
੫. ਖਾਣਾ, ਪਹਿਰਾਵਾ, ਵਿਆਹ ਤੇ ਪਿਆਰ-ਮਿਲਣੀਆਂ।
੬. ਸਫ਼ਾਈ, ਜੁਵਾਨੀ, ਸੁੰਦਰਤਾ, ਗਿਰਜੇ ਘਰ ਅਤੇ ਆਜ਼ਾਦੀ।
੭. ਜਾਨਵਰਾਂ ਦੀ ਪਾਲਣਾ, ਸੰਭਾਲ ਤੇ ਆਮਦਨ ਵਿਚ ਵਾਧਾ।
੮. ਕਾਰਖਾਨੇ, ਮਜ਼ਦੂਰ, ਬਚਿਆਂ ਦੀ ਪਾਲਣਾ ਰਾਖੀ ਅਤੇ ਸੰਭਾਲ।
੯. ਮਾਰਸਿਲੇਜ਼, ਰੂਆਨ, ਪੈਰਸ, ਉਅਰਲੈਨ ਸ਼ਹਿਰਾਂ ਦੀ ਸੈਰ।
੧੦. ਸ਼ਰਾਬ, ਸੇਬ, ਅੰਗੂਰ, ਸ਼ਹਿਤ ਦੀ ਪੈਦਾਵਾਰ ਆਦਿਕ।

## (੨) ਫੌਜੀਆਂ ਲਈ–

੧. ਫੌਜੀ ਜੀਵਨ, ਸਫ਼ਾਈ, ਤੰਦਰੁਸਤੀ ਤੇ ਫੁਰਤੀ।
੨. ਮੀਂਹ, ਬਰਫ, ਗਰਮੀ ਸਰਦੀ ਵਿਚ ਕੰਮ ਕਰਨ ਦੀ ਆਦਤ।
੩. ਖੁਰਾਕ, ਪੁਸ਼ਾਕ, ਦੁਵਾ ਦਾਰੂ, ਆਰਾਮ ਦੇ ਪ੍ਰਬੰਧ।
੪. ਲੰਬੇ ਸਫਰ, ਨਵੀਆਂ ਥਾਵਾਂ ਦੀਆਂ ਸੈਰਾਂ ਤੇ ਮੇਲੇ।

੫. ਮੈਦਾਨੇ ਜੰਗ ਦੀਆਂ ਬਹਾਦਰੀਆਂ, ਇਨਾਮ ਅਤੇ ਇਜ਼ਤ ।
੬. ਜੰਗੀ ਹਸਪਤਾਲ, ਬੀਮਾਰ ਦੀ ਸੇਵਾ, ਨਰਸਾਂ ਤੇ ਡਾਕਟਰ ।
੭. ਤੋਪਾਂ, ਮਸ਼ੀਨ ਗਨਾਂ, ਬੰਬ, ਹਵਾਈ ਜਹਾਜ਼ ਤੇ ਸਮੁੰਦਰੀ ਸਫ਼ਰ ।
੮. ਫ਼ਰਾਂਸ ਦੇ ਮੋਰਚਿਆਂ ਵਿਚ ਬਰਫ਼ ਮੀਂਹ ਅਤੇ ਸਖਤ ਸਰਦੀ ।
੯ ਰਿਸ਼ਟ ਪੁਸ਼ਟ ਰੰਗੀਲਾ ਸਜੀਲਾ ਰੌਣਕੀ ਤੇ ਆਜ਼ਾਦ ਫੌਜੀ ਜੀਵਨ ।
੧੦. ੧੯੧੪ ਤੋਂ ੧੯੧੮ ਤਕ, ਮਿਸਰ, ਫਰਾਂਸ, ਫਲਸਤੀਨ, ਟਰਕੀ ਤੇ ਹੋਰ ਅਨੇਕਾਂ ਦੇਸਾਂ ਦੇ ਤਜਰਬੇ ।

## (੩) ਆਪਣੀ ਬਾਬਤ—

੧. ਮੇਰੀ ਬਚਪਨ ਕਥਾ, ਫੌਜੀ ਬਚਿਆਂ ਦੀ ਪਿਆਰ ਪੀਂਘ ।
੨. ਸ਼ਰਾਰਤ, ਹਾਦਸੇ ਤੇ ਬਚਪਨ ਦੀਆਂ ਘਟਨਾਵਾਂ ।
੩. ਫੌਜ ਅਤੇ ਸਿਵਲ ਦੀ ਰਹਿਣੀ ਬਹਿਣੀ ਦਾ ਟਾਕਰਾ ।
੪. ਫਰਾਂਸੀਸੀਆਂ ਤੇ ਮਿਸਰੀਆਂ ਦੇ ਪਿਆਰ ਸਤਿਕਾਰ ।
੫. ਫੌਜੀ ਦਾ ਪੇਂਡੂ ਜੀਵਨ—ਪੈਨਸ਼ਨ ਮਗਰੋਂ, ਪ੍ਰਬੰਧ ਤੇ ਸਫਾਈ ।
੬. ਮਿਲਕੇ ਸਾਥੀਆਂ ਨਾਲ ਕੰਮ ਕਰਨਾ ਤੇ ਡਿਸਪਲਿਨ ਦੀ ਆਦਤ।
੭. ਪ੍ਰਦੇਸੀ ਸੈਰਾਂ ਤੇ ਤਜਰਬਿਆਂ ਤੋਂ ਆਪਣੇ ਦੇਸ ਨੂੰ ਲਾਭ ।
੮. ਮਜ਼ਬ, ਖੁਰਾਕ, ਛੂਤ ਛਾਤ ਤੇ ਧਰਮ ਦਾ ਨਿਸ਼ਾਨਾ ।
੯. ਧਰਮ ਅਸਥਾਨਾਂ, ਇਤਿਹਾਸਕ ਥਾਵਾਂ ਤੇ ਪ੍ਰਸਿਧ ਸ਼ਹਿਰਾਂ ਦੀ ਸੈਰ ।
੧੦. ਫੌਜੀ ਜੀਵਨ ਦੀ ਪ੍ਰੇਮ ਕਥਾ ਤੇ ਬਾਕੀ ਜੀਵਨ ਤੇ ਉਸਦਾ ਅਸਰ।

ਡਾਰਾ ਸਿੰਘ

# ਸੋਡਾ ਵਾਟਰ ਦੀਆਂ ਬੋਤਲਾਂ

ਇਕ ਛਾਉਣੀ ਦੀ ਗੱਲ ਹੈ, ਜਦੋਂ ਮੈਂ ਅੱਠਾਂ ਵਰ੍ਹਿਆਂ ਦਾ ਸਾਂ, ਦਿਨ ਸਨ ਹੋਲੀਆਂ ਦੇ । ਉਸ ਰਜਮੈਂਟ ਵਿਚ ਸਿਖਾਂ ਦੇ ਦੋ ਸੁਕਾ-ਵਰਡਨ ਸਨ । ਛਾਉਣੀ ਸੀ ਹਿੰਦੁਸਤਾਨ ਦੀ ਤੇ ਚੀਜ਼ਾਂ ਸਾਰੀਆਂ ਹੀ ਸਸਤੀਆਂ ਸਨ । ਖ਼ਾਸ ਕਰ ਮਹਾਂ ਪ੍ਰਸ਼ਾਦ ਤੇ ਸ਼ਰਾਬ । ਫ਼ੌਜ ਵਿਚ ਇਨ੍ਹਾਂ ਦੋਹਾਂ ਹੀ ਚੀਜ਼ਾਂ ਦਾ ਖ਼ਾਸ ਪ੍ਰਚਾਰ ਹੁੰਦਾ ਹੈ, ਫਿਰ ਦਿਨ ਹੋਲੀਆਂ ਦੇ !

ਉਸ ਦਿਨ ਸਾਡੇ ਘਰ ਕਿਸੇ ਮਿੱਤਰ ਦੀ ਰੋਟੀ ਸੀ । ਨਹੀਂ, ਰੋਟੀ ਤਾਂ ਦਾਲ ਫੁਲਕਾ ਚਾਵਲਾਂ ਨੂੰ ਹੀ ਆਖਦੇ ਹਨ; ਪਰ ਇਥੇ ਤਾਂ ਜਲਸਾ ਸੀ । ਜਿਸ ਵਿਚ ਬਾਲਾ ਸੁੰਦਰੀ ਦਾ ਵੀ ਨਾਚ ਹੈ ਸੀ । ਉਂਞ ਵੀ ਪਿਤਾ ਜੀ ਰੋਜ਼ ਹੀ ਪੀਂਦੇ ਸਨ; ਪਰ ਮੈਂ ਸਚੋ ਸਚ ਆਖਦਾ ਹਾਂ ਕਿ ਉਨ੍ਹਾਂ ਦੇ ਪੀਣ ਦਾ ਢੰਗ ਮੈਨੂੰ ਵੀ ਪਸੰਦ ਸੀ, ਉਦੋਂ ਨਹੀਂ, ਹੁਣ ! ਮੈਂ ਕਈ ਪਿਆਰ ਵੇਖੇ ਹਨ—ਬੋਤਲ ਨੂੰ ਮੂੰਹ ਲਾ ਕੇ ਖ਼ਤਮ ਕਰਨ ਵਾਲੇ, ਬੁਕ ਧਰ ਕੇ ਪੀਣ ਵਾਲੇ, ਇਕੋ ਵਾਰ ਅਧੀਆ ਗਲਾਸ ਵਿਚ ਸਿਟ ਡੀਕ ਲਾਉਣ ਵਾਲੇ, ਨਕ ਚਾੜ੍ਹ ਜ਼ਹਿਰ ਸਮਝ ਅੰਦਰ ਸਿਟਣ ਵਾਲੇ;

ਪਰ ਇਥੇ ਇਹ ਗੱਲ ਨਹੀਂ ਸੀ। ਛਟਾਂਕ ਗਲਾਸ ਵਿਚ ਪਾ ਕੇ ਉਪਰ ਸੋਡਾ ਬਰਫ਼ ਪਾ ਲੈਣੀ ਅਤੇ ਮਿਠੇ ਮਿਠੇ ਘੁਟ ਘੰਟੇ ਦੋ ਘੰਟੇ ਵਿਚ ਸਵਾਦ ਲੈ ਲੈ ਪੀਣਾ; ਪਰ ਪੀਣੀ ਹਰ ਰੋਜ਼। ਬਹੁਤ ਛਾਲ ਮਾਰਨੀ ਤਾਂ ਛਟਾਂਕ ਹੋਰ ਸਹੀ; ਪਰ ਅਜ ਕਲ ਤਾਂ ਹੋਲੀਆਂ ਸਨ। ਫਿਰ ਮਿੱਤਰ ਵੀ ਘਰ ਆਇਆ ਸੀ!

* * * *

ਤਿੰਨੇ ਪਤੀਲੇ ਲਾਹ ਕੇ ਗਰਮ ਰਖੇ ਹੋਏ ਸਨ। ਉਨ੍ਹਾਂ ਵਿਚੋਂ ਭਿੰਨੀ ਭਿੰਨੀ ਮੂੰਹ 'ਚੋਂ ਪਾਣੀ ਆਉਣ ਵਾਲੀ ਸੁਗੰਧੀ ਉਠ ਰਹੀ ਸੀ। ਮੇਜ਼ ਲਗ ਚੁਕਿਆ ਸੀ, ਬੋਤਲ ਖੁਲੀ ਪਈ ਸੀ, ਕੱਚ ਦੇ ਗਲਾਸ ਮੌਜੂਦ ਸਨ; ਪਰ 'ਅਗਨੂਆਂ' ਸਾਈਸ ਅਜੇ ਬਰਫ਼ ਸੋਡਾ ਲੈ ਕੇ ਨਹੀਂ ਸੀ ਮੁੜਿਆ। ਦੋਹਾਂ ਨੇ ਹੀ ਇਕ ਇਕ ਪੈਗ ਬਿਨਾ ਬਰਫ਼ ਸੋਡਾ, ਪਾਣੀ, ਨਾਲ ਹੀ ਸ਼ੁਰੂ ਕਰ ਦਿਤਾ; ਪਰ ਅਜੇ ਵੀ ਅਗਨੂਆਂ ਨਾ ਆਇਆ। ਅਸਲ ਵਿਚ ਉਹ ਵੀ ਸਦਰ ਬਾਜ਼ਾਰ 'ਚ ਹੋਲੀ ਮਨਾ ਰਿਹਾ ਸੀ ਅਤੇ ਬਾਲਾ ਸੁੰਦਰੀ ਦੇ ਲੋਰ ਵਿਚ ਉਹ ਆਪਣੇ ਮਾਲਕ ਦੇ ਹੁਕਮ ਨੂੰ ਤੇ ਸੋਡੇ ਬਰਫ਼ ਨੂੰ ਉੱਕਾ ਭੁਲਾ ਚੁਕਾ ਸੀ।

ਹੁਣ ਮੈਨੂੰ ਹੁਕਮ ਮਿਲਿਆ:

"ਜਾ ਕਾਕਾ! ਜਾ ਕੇ ਸੋਡੇ ਦੀਆਂ ਛੇ ਬੋਤਲਾਂ ਤੇ ਦੋ ਸੇਰ ਬਰਫ਼–!" ਇਹ ਹੁਕਮ ਸੁਣ ਕੇ ਤਾਂ ਮੇਰੀ ਹੋਸ਼ ਗੁਮ ਹੋ ਗਈ। ਅਸਲ ਗੱਲ ਇਹ ਸੀ ਕਿ ਰਸਾਲਾ ਬਾਜ਼ਾਰ ਨੂੰ ਜਾਂਦਿਆਂ ਰਸਤੇ ਵਿਚ ਇਕ ਬਾਗ਼ ਹੈ ਸੀ। ਬਾਗ਼ ਵਿਚ ਇਕ ਬ੍ਰਿਛ ਉਪਰ ਸਾਵੇ ਰੰਗ ਦਾ ਝੰਡਾ ਸੀ ਤੇ ਆਖਦੇ ਸਨ ਕਿ ਉਹ ਕਿਸੇ 'ਜਿੰਨਾਂ' ਦੇ ਪੀਰ ਦੀ ਥਾਂ ਹੈ। ਮੈਂ ਦਿਨੇ ਵੀ ਜਦੋਂ ਉਥੋਂ ਲੰਘਿਆ ਕਰਦਾ, ਹਮੇਸ਼ਾ ਹੀ ਭੱਜ ਕੇ ਲੰਘਦਾ। ਫਿਰ ਅਜ ਤਾਂ ਚੋਖੀ ਰਾਤ ਹੈਸੀ। ਸਾਥੀ ਮੁੰਡੇ ਦਸਦੇ ਸਨ ਕਿ ਇਹ ਪੀਰ ਮੁੰਡਿਆਂ ਦਾ ਖ਼ਾਸ ਵੈਰੀ ਹੈ; ਪਰ ਦਿਨੇ ਚਾਨਣਾ ਹੁੰਦਾ ਸੀ। ਫਿਰ ਪੜ੍ਹਨ ਜਾਂਦਿਆਂ ਦੋ ਚਾਰ ਮੁੰਡੇ ਹੋਣੇ।

ਹੁਣ ਰਾਤ ਪੈ ਚੁਕੀ ਸੀ। ਦੂਜੇ ਪਾਸੇ ਪਿਤਾ ਦਾ ਸ਼ਾਹੀ ਤੇ ਇਲਾਹੀ ਹੁਕਮ ਸੀ। ਉਹ ਵੀ ਇਕ ਮਿੱਤਰ ਦੀ ਮੌਜੂਦਗੀ ਵਿਚ ਅਤੇ ਫਿਰ ਨਸ਼ੇ ਦੇ ਘੋੜੇ ਉਪਰ ਸਵਾਰ ਹੋ ਕੇ।

ਮੈਂ ਪਰਨਾ, ਬੋਤਲਾਂ ਬੰਨ੍ਹਣ ਤੇ ਬਰਫ਼ ਪਾਣ ਲਈ ਚੁਕ ਲਿਆ, ਅਤੇ ਮਾਂ ਜੀ ਪਾਸੋਂ ਪੈਸੇ ਲੈ, ਉਸ ਦੇ ਲੜ ਬਨ੍ਹੇ। ਅੱਖਾਂ ਹੀ ਅੱਖਾਂ ਵਿਚ ਮੈਂ ਮਾਂ ਜੀ ਵਲ ਵੇਖਿਆ ਕਿ ਮੈਂ ਇਸ ਰਾਤ ਦੇ ਹਨੇਰੇ ਵਿਚ ਨਾ ਘਲਿਆ ਜਾਵਾਂ। ਮਾਂ ਜੀ ਨੇ ਵੀ ਦਬੀ ਜ਼ਬਾਨ ਵਿਚ ਮੇਰੀ ਹਮਦਰਦੀ ਕੀਤੀ:

"ਕੀੜੇ ਪਤੰਗੇ ਦੀ ਬਹਾਰ ਹੈ ਤੇ ਮੁੰਡਾ ਇਕੱਲਾ ਹੈ।"

ਪਰ ਦੂਜੇ ਬੰਨਿਓਂ ਇਕ ਭਬਕ ਆਈ। ਮੈਂ ਚੁਪ ਕੀਤਾ ਪੈਸੇ ਲੈ ਕੇ ਬਾਹਰ ਨਿਕਲ ਗਿਆ ਤੇ ਮਾਂ ਜੀ ਚੁਪ ਹੋ ਗਏ।

* * * *

ਅਧੇ ਕੁ ਘੰਟੇ ਮਗਰੋਂ ਅੰਗਨੂਆਂ ਆ ਗਿਆ। ਬਰਫ਼ ਸੋਡਾ ਹਾਜ਼ਰ ਸੀ; ਪਰ ਅੰਗਨੂਆਂ ਵੀ ਲੋਟ-ਪੋਟ ਹੈਸੀ। ਗਲਾਸਾਂ ਵਿਚ ਬਰਫ਼ ਸੋਡਾ ਪੈ ਕੇ ਨਵਾਂ ਦੌਰ ਸ਼ੁਰੂ ਹੋਇਆ। ਸਾਈਸ ਨੂੰ ਆਖਿਆ ਗਿਆ:

"ਅਰੇ! ਜ਼ਰਾ ਸੁਰਜੂ ਕੀ ਦੁਕਾਨ ਪਰ ਜਾਨਾਂ, ਵਹਾਂ ਛੋਕਰਾ ਸੋਡਾ ਲੇਨੇ ਗਿਆ ਹੈ।"

ਅੰਗਨੂਆਂ ਰਸਾਲਾ ਬਾਜ਼ਾਰ ਨੂੰ ਤੁਰ ਪਿਆ। ਉਹ ਵੀ ਉਸੇ ਕੱਬਰ ਪਾਸੋਂ ਲੰਘਿਆ ਹੋਣਾ ਹੈ; ਪਰ ਉਸ ਦੇ ਅੰਦਰ ਇਸ ਵੇਲੇ ਕਈ ਘੋੜਿਆਂ ਦੀ ਤਾਕਤ ਦਾ ਇੰਜਨ ਭਖ ਰਿਹਾ ਸੀ।

ਅੰਗਨੂਆਂ ਦੇ ਚਲੇ ਜਾਣ ਪਿਛੋਂ ਮਾਂ ਜੀ ਨੇ ਕਈ ਵਾਰ ਆਖਿਆ—"ਨਾ ਮੁੰਡਾ ਮੁੜਿਆ ਹੈ, ਨਾ ਸਾਈਸ ਹੀ ਆਇਆ ?"

ਪਰ ਦੂਜੇ ਪਾਸਿਓਂ ਉਤਰ ਮਿਲਿਆ:

"ਹੋਲੀਆਂ ਹੈਨ, ਮੁੰਡਾ ਵੀ ਉਥੇ ਤਮਾਸ਼ਾ ਵੇਖਣ ਲਗ ਗਿਆ ਤੇ ਫਿਰ ਅੰਗਨੂਆਂ ਕੋਈ ਘੱਟ ਹੈ ?"

ਮਾਂ ਤਾਂ ਚਾਹੁੰਦੀ ਸੀ, ਉਹ ਉਡ ਕੇ ਜਾਵੇ, ਉਸ ਨੂੰ ਆਪਣੇ ਬੱਚੇ ਦਾ ਬੜਾ ਹੀ ਫ਼ਿਕਰ ਸੀ। ਦਰ-ਅਸਲ ਉਹ ਭੋਜਨ ਤਾਂ ਵੰਡ ਰਹੀ ਸੀ, ਪਰ ਤੜਫ਼ ਰਹੀ ਸੀ। ਉਹ ਜਾਣਦੀ ਸੀ ਕਿ ਉਸ ਦਾ ਪੁਤਰ ਅਜ ਹੀ ਬਾਹਰ ਗਿਆ ਹੈ। ਨਾਲੇ ਜਿਸ ਘਰ ਵਿਚ ਪਹਿਲੇ ਦੋ ਤਿੰਨ ਬਾਲ ਗੁਜ਼ਰ ਗਏ ਹੋਣ, ਉਥੇ ਬੱਚਿਆਂ ਦੀ ਬੜੀ ਰੱਖਿਆ

ਤੇ ਦੇਖ ਭਾਲ ਹੁੰਦੀ ਹੈ। ਇਕ ਇਕ ਘੜੀ ਸੱਧਰਾਂ ਨਾਲ ਬਿਤਾਈ ਜਾਂਦੀ ਹੈ। ਸ਼ਰਾਬ ਦੇ ਦੌਰਾਂ ਮਗਰੋਂ ਰੋਟੀ ਦੀ ਵਾਰੀ ਆਈ, ਪਰ ਇਤਨੇ ਨੂੰ ਅੰਗਨੂਆਂ ਵੀ ਆਣ ਪੁਜਿਆ।

"ਮਹਾਰਾਜ! ਵਹਾਂ ਤੋ ਲੜਕਾ ਗਿਆ ਹੀ ਨਹੀਂ, ਸੁਰਜੂਆ ਕੋ ਹਮ ਨੇ ਹੇਰ ਕਰ ਪੂਛ ਲੀਆ ਹੈ।"

ਮਾਂ ਜ਼ੀ ਦੇ ਪੈਰਾਂ ਹੇਠੋਂ ਧਰਤੀ ਨਿਕਲ ਗਈ। ਉਹ ਘਾਬਰ ਕੇ ਉਠ ਖਲੋਤੀ। ਅੱਖਾਂ ਵਿਚ ਅੱਥਰੂ ਆ ਗਏ ਤੇ ਬਾਹਰ ਜਾਣ ਨੂੰ ਤਿਆਰ ਹੋ ਪਈ; ਪਰ ਪਿਤਾ ਜੀ ਨੇ ਫਿਰ ਬੇ-ਪਰਵਾਹੀ ਵਿਚ:

"ਕਿਧਰੇ ਤਮਾਸ਼ਾ ਵੇਖਦਾ ਹੋਣਾ ਏ, ਸ਼ੈਤਾਨ ਮੁੰਡਿਆਂ ਨਾਲ ਰਲ ਗਿਆ ਹੋਊ।"

ਪਰ ਝੱਟ ਹੀ ਅੰਗਨੂਆਂ ਨੇ ਆਖਿਆ:-

"ਨਹੀਂ ਸਰਕਾਰ! ਮੈਂ ਤੀਨੋ ਮਜਲਿਸ ਛਾਨ ਆਇਆ ਹੂੰ, ਲੌਂਡਾ ਕਹੀਂ ਭੀ ਨਹੀਂ ਮਿਲਾ?"

ਹੁਣ ਤਾਂ ਮਾਂ ਜੀ ਦੀਆਂ ਚੀਕਾਂ ਨਿਕਲ ਗਈਆਂ। ਪਿਤਾ ਜੀ ਦੀਆਂ ਵੀ ਅੱਖਾਂ ਫਰਕਣ ਲਗੀਆਂ, ਰੋਟੀ ਵੀ ਲਗ ਪਗ ਮੁਕ ਹੀ ਚੁਕੀ ਸੀ, ਮਿੱਤਰ ਨੇ ਵੀ ਆਖਿਆ:

"ਜ਼ਰੂਰ ਭਾਲ ਕਰਨੀ ਚਾਹੀਦੀ ਹੈ।"

ਘੜੀ ਵੇਖੀ। ਸਾਢੇ ਬਾਰਾਂ ਹੋ ਚੁਕੇ ਸਨ, ਲੈਂਪ ਚੁਕਿਆ। ਤਿੰਨੇ (ਪਿਤਾ ਜੀ, ਮਿਤਰ ਅਤੇ ਅੰਗਨੂਆਂ) ਬਾਹਰ ਨਿਕਲ ਗਏ। ਅੰਗਨੂਆਂ ਪਾਸੋਂ ਫਿਰ ਪੁਛਿਆ ਜਾ ਰਿਹਾ ਸੀ:

"ਸੁਰਜੂਆ, ਕਿਯਾ ਕਹਿਤਾ ਥਾ?"

"ਕੌਨ ਕੌਨ ਸੀ ਮਜਲਿਸ ਮੇਂ ਦੇਖਾ?"

"ਕਿਸ ਕਿਸ ਸੇ ਪੁਛਾ ਥਾ?"

ਤਿੰਨਾਂ ਦੀ ਪਾਰਟੀ ਨੇ ਫਿਰ ਸੁਰਜੂਏ ਥੀਂ ਕੰਮ ਸ਼ੁਰੂ ਕੀਤਾ। ਮਜਲਿਸਾਂ ਭਾਲੀਆਂ, ਜਮਾਤੀ ਮੁੰਡਿਆਂ ਦੇ ਘਰ ਗਏ, ਖ਼ੂਹ, ਬਾਗ਼, ਗੁਰਦਵਾਰਾ, ਮੰਦਰ, ਬਾਜ਼ਾਰ, ਚੌਧਰੀ ਬਲਦਿਓ ਪ੍ਰਸ਼ਾਦ-ਜਿਥੇ ਮੁੰਡਾ ਪੜ੍ਹਨ ਜਾਂਦਾ ਸੀ-ਸਾਰੀਆਂ ਥਾਵਾਂ ਪੁਛੀਆਂ।

ਮਾਂ ਵਿਚਾਰੀ ਦਾ ਵੱਸ ਨਾ ਸੀ, ਉਹ ਪਰਦੇ ਦੇ ਅੰਦਰ ਕੈਦ, ਘਰੋਂ ਬਾਹਰ ਨਾ ਸੀ ਨਿਕਲ ਸਕਦੀ; ਨਹੀਂ ਤਾਂ ਉਹ ਇਨ੍ਹਾਂ ਸਾਰਿਆਂ ਥੀਂ

ਅਗੇ ਪੁਜਦੀ। ਹੁਣ ਢਾਈ ਤਿੰਨ ਹੋਣ ਵਾਲੇ ਸਨ, ਸਭੋ ਗਾਣੇ, ਗਾਸਾਂ, ਨਾਟਕ, ਮਜਲਸਾਂ ਮੁਕ ਚੁਕੀਆ ਸਨ। ਰਾਤ ਦੀ ਥਕਾਵਟ ਦੂਰ ਕਰਨ ਲਈ ਲੋਕੀਂ ਬਿਸਤਰੇ ਦਾ ਆਨੰਦ ਲੈਣ ਜਾ ਰਹੇ ਸਨ।

ਮੇਜਰ ਨਾਲ ਹੁਣ ਤਿੰਨ ਦੀ ਥਾਂ ਦਸ ਪੰਦਰ੍ਹਾਂ ਦੀ ਪਾਰਟੀ ਸੀ ਅਤੇ ਸਾਰਿਆਂ ਥਾਵਾਂ ਦੀ ਵੇਖ ਭਾਲ ਮੁਕਾ ਕੇ ਇਹ ਪਾਰਟੀ ਸੋਚ ਰਹੀ ਸੀ:

"ਹੁਣ ਕੀ ਕੀਤਾ ਜਾਵੇ? ਸਾਰਿਆਂ ਦਾ ਖ਼ਿਆਲ ਸੀ ਕਿ ਹੁਣ ਮੁੰਡੇ ਨੂੰ ਜੀਉਂਦਾ ਲੱਭਣਾ ਔਖਾ ਹੀ ਹੈ। ਰਸਾਲਦਾਰ, ਜਮਾਂਦਾਰ, ਦਫ਼ੇਦਾਰ, ਮਿੱਤਰ ਸਿਪਾਹੀ ਸਭੋ ਅੱਖਾਂ ਵਿਚ ਨੀਂਦ ਲਈ ਤੇ ਪੀਤੀਆਂ ਸ਼ਰਾਬਾਂ ਦੀ ਤੋਟ ਵਿਚ ਹਮਦਰਦੀ ਕਰ ਰਹੇ ਸਨ। ਸਾਰਿਆਂ ਦਾ ਹੀ ਬਾਨ੍ਹਵਾਂ ਖ਼ਿਆਲ ਸੀ ਕਿ ਮੁੰਡਾ ਮੌਤ ਦੇ ਘਾਟ ਉਤਾਰ ਦਿਤਾ ਗਿਆ ਹੈ।

* * * *

ਗੱਲ ਅਸਲ ਵਿਚ ਇਹ ਸੀ: ਹੋਲੀਆਂ ਥੀਂ ਦਸ ਬਾਰ੍ਹਾਂ ਦਿਨ ਪਹਿਲਾਂ ਐਤਵਾਰ ਵਾਲੇ ਦਿਨ ਸਵੇਰ-ਸਾਰ ਹੀ ਇਕ ਸ਼ਹਿਰੀ ਲਾਈਨ ਵਿਚ ਆਇਆ, ਜਿਸ ਦੇ ਨਾਲ ਛੀ ਬੱਕਰੇ ਸਨ ਅਤੇ ਉਹ ਵੇਚਣਾ ਚਾਹੁੰਦਾ ਸੀ। ਫ਼ੈਸਲਾ ਹੋਇਆ, ਹੋਲੀਆਂ ਲਈ ਖ਼ਰੀਦ ਲਏ ਜਾਣ। ਨਾਲੇ ਝਟਕੇ ਦੀ ਮਸ਼ਕ ਹੋਵੇ ਤੇ ਨਾਲੇ ਮਹਾਂ ਪ੍ਰਸ਼ਾਦ ਉਡੇ। ਮੇਜਰ ਪਾਸ ਆਏ, ਮੁਲ ਮੈਂ ਪੁਛਿਆ, ਬੜਾ ਹੀ ਸਸਤਾ ਮਾਲ ਸੀ। ਸਾਰਿਆਂ ਨੂੰ ਸ਼ੱਕ ਹੋਇਆ ਕਿ ਮਾਲ ਚੋਰੀ ਦਾ ਜਾਪਦਾ ਹੈ। ਸਤ ਅਠ ਸੇਰ ਦਾ ਬੱਕਰਾ ਦੋ ਪੌਣੇ ਦੋ ਰੁਪਏ ਮੰਗਦਾ ਸੀ। ਅਖ਼ੀਰ ਇਕ ਰੁਪਿਆ ਛੀ ਛੀ ਆਨੇ ਸਭੋ ਖ਼ਰੀਦੇ ਗਏ। ਵੇਚਣ ਵਾਲੇ ਨੇ ਗੰਗਾਜਲੀ ਚੁਕੀ, ਆਪਣੀ ਜਵਾਨੀ ਦੀ ਸਹੁੰ ਖਾਧੀ, ਦੇਵੀ ਦੇਵਤਿਆਂ ਦੀਆਂ ਸਹੁੰਆਂ ਖਾਧੀਆਂ। ਇਤਨਾ ਕੁਝ ਹੁੰਦਿਆਂ ਵੀ ਸਾਰਿਆਂ ਨੂੰ ਸ਼ੱਕ ਸੀ ਕਿ ਬੱਕਰੇ ਚੋਰੀ ਦੇ ਹਨ, ਪਰ ਉਹ ਆਖਦਾ ਸੀ, ਮੈਨੂੰ ਪੈਸਿਆਂ ਦੀ ਲੋੜ ਹੈ। ਮੇਰੇ ਤੇ ਇਕ ਅਨਹੋਣਾ ਮੁਕੱਦਮਾ ਬਣ ਗਿਆ। ਭਲਕੇ ਪੇਸ਼ੀ ਹੈ। ਬੱਕਰੇ ਖ਼ਰੀਦੇ ਗਏ ਅਤੇ ਸਵਾ ਅਠ ਰੁਪਏ ਉਸ ਦੇ ਹਵਾਲੇ ਕੀਤੇ ਗਏ।

ਹੋਲੀਆਂ ਵਿਚ ਅਜੇ ਦਸ ਦਿਨ ਬਾਕੀ ਸਨ। ਰਸਾਲੇ ਦਾ ਖੁਲ੍ਹਾ ਘਾਹ ਦਾਣਾ ਅਤੇ ਠੰਢਾ ਪਾਣੀ ਪੀ ਪੀ ਬਕਰੇ ਦਿਨਾਂ ਵਿਚ ਹੀ ਤਿੰਨ

ਤਿੰਨ ਸੇਰ ਹੋਰ ਵਧ ਗਏ ਅਤੇ ਹੋਲੀਆਂ ਸ਼ੁਰੂ ਹੁੰਦਿਆਂ ਹੀ ਹਰ ਰੋਜ਼ ਇਕ ਤਲਵਾਰ ਦੀ ਭੇਟ ਹੋਣ ਲਗਾ। ਵਾਰੋ ਵਾਰ ਜਦ ਚਾਰ ਬਕਰੇ ਉਡਾਏ ਜਾ ਚੁਕੇ ਤਾਂ ਇਕ ਐਤਵਾਰ ਨੂੰ ਅੰਗਨੂਆਂ ਬਾਹਰੋਂ ਭੱਜਾ ਆਇਆ :

"ਮਹਾਰਾਜ ! ਵੁਹੀ ਬਕਰੋਂ ਵਾਲਾ ਹੈ। ਔਰ ਸਾਥ ਮੇਂ ਪੋਲੀਸ ਭੀ ਹੈ !"

ਲੋਕੀਂ ਕੱਠੇ ਹੋਏ, ਰਹਿੰਦੇ ਦੋ ਬਕਰੇ ਉਨ੍ਹਾਂ ਦੇ ਹਵਾਲੇ ਕੀਤੇ ਗਏ। ਉਸ ਦੇ ਮੁਕਰਨ ਤੇ ਉਹਨੂੰ ਲੱਤ-ਮੁਕੀ ਵੀ ਕੀਤੀ ਗਈ। ਮੰਦਾ-ਚੰਗਾ, ਗਾਲਾਂ, ਸਾਰਾ ਦਿਨ ਫਿਟਕਾਰਾਂ ਪੈਂਦੀਆਂ ਰਹੀਆਂ। ਰਹਿੰਦੇ ਦੋ ਬੱਕਰਿਆਂ ਦਾ ਉਹਨੂੰ ਮੁਲ ਵੀ ਮੋੜਨਾ ਪਿਆ।

* * * *

ਅਜ ਜਦੋਂ ਕਿ ਮੇਜਰ ਦਾ ਮੁੰਡਾ ਗੁਮ ਹੋ ਚੁਕਿਆ ਸੀ, ਸਾਰਿਆਂ ਦਾ ਹੀ ਇਹੋ ਖ਼ਿਆਲ ਸੀ ਕਿ ਇਹ ਉਨ੍ਹਾਂ ਦੀ ਹੀ ਕਰਤੂਤ ਹੈ। ਉਹ ਸ਼ੋਹਦੇ ਬਦਮਾਸ਼ ਹਨ ਅਤੇ ਸ਼ਹਿਰ ਵਿਚ ਉਨ੍ਹਾਂ ਦੀ ਚੰਗੀ ਤਕੜੀ ਪਾਰਟੀ ਹੈ। ਜ਼ਰੂਰ ਕਿਧਰੇ ਉਹ ਸ਼ਾਮੀਂ ਤਾੜ ਵਿਚ ਰਹੇ ਹਨ, ਬਾਜ਼ਾਰ ਜਾਂਦਿਆਂ ਮੁੰਡੇ ਨੂੰ ਚੁਕ ਲੈ ਗਏ। ਹੋਰ ਕੋਈ ਵੀ ਮੇਜਰ ਦਾ ਵੈਰੀ ਨਹੀਂ ਸੀ।

ਹੁਣ ਪੰਜ ਖੜਕਣ ਵਾਲੇ ਸਨ। ਦਿਨ ਚੜ੍ਹਣ ਵਾਲਾ ਸੀ। ਮਾਂ ਜੀ ਸਾਰੀ ਰਾਤ ਹੀ ਪਰਦੇ ਨਾਲ ਦਰਵਾਜ਼ੇ ਵਿਚ ਖੜੋਤੀ ਰੋ ਰੋ ਅੱਖਾਂ ਸੁਜਾਂਦੀ ਰਹੀ ਸੀ। ਪਿਤਾ ਜੀ ਦੀਆਂ ਅੱਖਾਂ ਲਾਲ ਸੁਰਖ ਸਨ। ਕਿਸੇ ਕਿਸੇ ਵੇਲੇ ਉਨ੍ਹਾਂ ਦੀਆਂ ਅੱਖਾਂ ਵਿਚੋਂ ਵੀ ਅਥਰੂਆਂ ਦੀ ਝੜੀ ਲੱਗ ਪੈਂਦੀ ਸੀ।

ਫ਼ੈਸਲਾ ਇਹੋ ਹੀ ਹੋਇਅ ਕਿ ਦਿਨ ਚੜ੍ਹਦੇ ਹੀ ਸਕਵਾਡਰਨ ਦੀ ਆਗਿਆ ਲੈਕੇ ਸ਼ਹਿਰ ਦੇ ਥਾਣੇ ਰਿਪੋਰਟ ਦਿਤੀ ਜਾਵੇ ਅਤੇ ਗਵਾਹੀਆਂ ਬਣਾਕੇ ਸਾਫ਼ ਆਖ ਦਿਤਾ ਜਾਵੇ ਕਿ ਮੁੰਡਾ ਉਨ੍ਹਾਂ ਹੀ ਚੁਕਿਆ ਹੈ, ਜਿਨ੍ਹਾਂ ਬੱਕਰੇ ਵੇਚੇ ਸਨ।

* * * *

ਸਤ ਕੁ ਵਜੇ ਸਕਵਾਡਰਨ ਦੇ ਸਾਈਸ ਜਦੋਂ ਘਾਹ ਦਾ ਢੇਰ ਵੰਡਣ ਲਗੇ, ਤਾਂ ਵਿਚੋਂ ਕੋਈ ਚੀਜ਼ ਹਿਲੀ। ਇਹ ਘਾਹ ਪਹਿਲੇ ਦਿਨ ਇਸ ਲਈ ਆ ਗਿਆ ਸੀ ਕਿ ਦੂਜੇ ਦਿਨ ਹੋਲੀ ਦੀ ਛੁਟੀ ਸੀ, ਤਾਂ ਜੁ ਉਸ ਦਿਨ ਨੌਕਰ ਵੀ ਛੁਟੀ ਦਾ ਆਨੰਦ ਲੈਣ।

ਅੰਗਨੂਆਂ ਭੱਜਦਾ ਆਇਆ :

"ਮਹਾਰਾਜ ! ਛੋਕਰਾ ਘਾਸ ਕੇ ਢੇਰ ਸੇ ਮਿਲ ਗਿਆ ਹੈ।"

"ਮਰਾ ਹੂਆ ਕਿ ਜ਼ਿੰਦਾ ?"

"ਅਰੇ ਰਾਮ ! ਰਾਮ !! ਜ਼ਿੰਦਾ, ਰਾਜ਼ੀ ਬਾਜ਼ੀ।"

ਪਿਤਾ ਜੀ ਦੇ ਇਕ ਪੈਰ ਵਿਚ ਬੂਟਾਂ ਦੇ ਤਸਮੇ ਬੰਦ ਸਨ ਤੇ ਦੂਜਾ ਪੈਰ ਨੰਗਿਆਂ ਹੀ, ਉਠ ਨਸੇ। ਅਗੋਂ ਲੋਕੀਂ ਮੁੰਡੇ ਨੂੰ ਚੁਕੀ ਆ ਰਹੇ ਸਨ। ਪੈਸਿਆਂ ਵਾਲਾ ਪਰਨਾ ਅਜੇ ਵੀ ਉਸਦੇ ਹਥ ਵਿਚ ਸੀ। ਡੇਰੇ ਦੇ ਸਾਮ੍ਹਣੇ ਬਰਾਂਡੇ ਵਿਚ ਪੁਜਦਿਆਂ ਹੀ ਮਾਂ ਜੀ ਸਾਰੀਆਂ ਸ਼ਰਮਾਂ, ਪਰਦੇ ਤੇ ਬੁਰਕੇ ਲਾਹਕੇ ਭੱਜਦੀ ਬਾਹਰ ਆ ਗਈ ਤੇ ਚੀਕ ਮਾਰਕੇ, ਬੱਚੇ ਨੂੰ ਚੁਕ ਕੇ ਗਲ ਨਾਲ ਲਾ, ਫਿਰ ਅੰਦਰ ਜਾ ਵੜੀ। ਸਾਰਾ ਸਕਵਾਡਰਨ ਮੇਜਰ ਨੂੰ ਵਧਾਈਆਂ ਦੇਣ ਆ ਰਿਹਾ ਸੀ।

ਅਸਲ ਗਲ ਇਹ ਸੀ ਕਿ ਮੈਂ ਡਰਦਿਆਂ ਭੂਤਾਂ ਦੀ ਕਬਰ ਪਾਸੋਂ ਲੰਘ ਨਹੀਂ ਸਾਂ ਸਕਦਾ। ਖ਼ਾਲੀ ਹਥ ਘਰ ਆਉਂਦਿਆਂ ਮਾਰ ਦਾ ਡਰ ਸੀ। ਪਹਿਲੀ ਰਾਤ ਆਪਣੀ ਭਾਲ ਹੁੰਦੀ ਵੇਖਦਾ ਰਿਹਾ। ਅਖ਼ੀਰ ਸੌਂ ਗਿਆ। ਦਿਨ ਚੜ੍ਹੇ ਹੁਣ ਜਦੋਂ ਘਾਹ ਦਾ ਢੇਰ ਹੀ ਚੁਕਿਆ ਜਾਣਾ ਸੀ ਤਾਂ ਬਿਨਾਂ ਹਿਲੇ ਹੋਰ ਚਾਰਾ ਹੀ ਕੀ ਸੀ !

# ਜੰਗੀ ਕਾਰਤੂਸ

ਅਮਨ ਦੇ ਦਿਨਾਂ ਵਿਚ ਫੌਜੀ ਬੰਦੂਕ ਅਤੇ ਉਸ ਦੇ ਕਾਰਤੂਸਾਂ ਦੀ ਬੜੀ ਹੀ ਰਾਖੀ ਹੁੰਦੀ ਹੈ। ਜਿਨ੍ਹਾਂ ਆਫ਼ੀਸਰਾਂ ਦੇ ਇਹ ਹਵਾਲੇ ਹੁੰਦੇ ਹਨ, ਉਨ੍ਹਾਂ ਦੀ ਚੋਖੀ ਜ਼ੁਮੇਵਾਰੀ ਹੁੰਦੀ ਹੈ। ਚਾਂਦ-ਮਾਰੀ ਦੇ ਦਿਨਾਂ ਵਿਚ ਅਫ਼ਸਰਾਂ ਦੀ ਮੌਜੂਦਗੀ ਵਿਚ ਇਕ ਇਕ ਕਾਰਤੂਸ ਚਲਾਇਆ ਜਾਂਦਾ ਹੈ। ਚਲੇ ਹੋਏ ਕਾਰਤੂਸਾਂ ਮਗਰੋਂ ਕਾਰਤੂਸਾਂ ਦੇ ਖਾਲੀ ਖੋਲ ਗਿਣ ਕੇ ਮੋੜਨੇ ਪੈਂਦੇ ਹਨ ਅਤੇ ਚਾਂਦ-ਮਾਰੀ ਮੁਕ ਜਾਣ ਮਗਰੋਂ ਸਿੱਕੇ (Bullet) ਵੀ ਮਿੱਟੀ ਵਿਚੋਂ ਚੁਗ ਕੇ ਪੂਰੇ ਕਰਨੇ ਪੈਂਦੇ ਹਨ। ਕਾਰਤੂਸਾਂ ਥੀਂ ਵੱਖ ਬੰਦੂਕ ਦੀ ਰਾਖੀ ਲਈ ਏਸ ਥੀਂ ਵਧੀਕ ਸਖ਼ਤੀ ਅਤੇ ਮਜਬੂਰੀ ਹੁੰਦੀ ਹੈ। ਹਿੰਦੁਸਤਾਨ ਦੀਆਂ ਛਾਵਣੀਆਂ ਵਿਚ ਤਾਂ ਇਸ ਵਿਚਾਰੀ ਦਾ ਕੋਈ ਵੀ ਆਸ਼ਿਕ ਨਹੀਂ, ਪਰ ਰਾਵਲਪਿੰਡੀ ਥੀਂ ਅਗਲੇ ਪਾਸਿਆਂ ਦੀਆਂ ਛਾਵਣੀਆਂ ਵਿਚ ਬਲਦੀ ਸ਼ਮਾਂ ਦੇ ਪ੍ਰਵਾਨਿਆਂ ਵਾਂਗ ਕਈ ਇਸ ਪੁਰ ਸੱਦਕੜੇ ਹੋਣ ਲਈ ਤਿਆਰ ਰਹਿੰਦੇ ਹਨ। ਇਸੇ ਲਈ ਸਰਹੱਦੀ ਛਾਵਣੀਆਂ ਵਿਚ ਰਾਤ ਦੇ ਪਹਿਰੇ ਲਈ ਹਰ ਇਕ ਸੰਤਰੀ ਦੇ ਲੱਕ ਨਾਲ ਤਕੜਾ ਜ਼ੰਜੀਰ ਪਾ ਕੇ ਉਸ ਨਾਲ ਬੰਦੂਕ ਜਕੜ ਦਿਤੀ ਜਾਂਦੀ ਹੈ। ਭਲਾ ਜੇ ਕੋਈ ਪਠਾਣ ਇਸ ਰਾਣੀ ਦੇ ਇਸ਼ਕ ਵਿਚ ਅੱਧੀ ਰਾਤ ਨੂੰ ਆ ਹੀ ਪਵੇ, ਤਾਂ ਪਹਿਲਾਂ ਸੰਤਰੀ ਦੀ ਅਲਖ ਮੁਕੇ, ਗਾਰਦ ਨਾਲ ਮੁਕਾਬਲਾ ਹੋਵੇ, ਗੋਲੀਆਂ ਚੱਲਣ, ਫਿਰ ਕਿਧਰੇ ਉਹ ਜੀਂਵਦਾ ਬੰਦੂਕ ਲਿਜਾਣ ਜੋਗਾ ਬਣੇ; ਪਰ ਇਹ ਅਣਹੋਣੀ ਗੱਲ ਹੈ।

ਜਦੋਂ ਦੀ ਮੈਂ ਗਲ ਕਰ ਰਿਹਾ ਹਾਂ, ਓਦੋਂ ਨੌਸ਼ਹਿਰੇ, ਦੋ ਦੇਸੀ ਰਸਾਲੇ, ਇਕ ਗੋਰਾ ਰਸਾਲਾ, ਇਕ ਖੱਚਰਾਂ ਦਾ ਪਹਾੜੀ ਤੋਪਖਾਨਾ ਤੇ ਇਕ ਹਾਰਸ-ਆਰਟਿਲਰੀ ਗੋਰਿਆਂ ਦੀ, ਦੋ ਦੇਸੀ ਪਲਟਣਾਂ ਤੇ ਇਕ ਅੰਗਰੇਜ਼ੀ ਪਲਟਣ ਸੀ। ਮੈਨੂੰ ਚੇਤਾ ਹੈ ਕਿ ਹਰ ਵਰ੍ਹੇ ਪਹਿਲੀ

ਜਨਵਰੀ ਨੂੰ ਇੰਨੀਆਂ ਕੁ ਫ਼ੌਜਾਂ ਦਾ ਸਾਲਾਨਾ ਮਾਰਚਡ-ਪਾਸ ( Marched Pass ) ਅਤੇ 'ਹਿਪ ਹਿਪ ਹੁਰਰਾ' ਹੋਇਆ ਕਰਦਾ ਸੀ ।

ਸਾਡੀ ਲਾਇਨ ਬਿਲਕੁਲ ਉਜਾੜ ਵਾਲੇ ਪਾਸੇ ਸੀ । ਚਰਾਟ ਦਾ ਪਹਾੜ ਅਤੇ ਕਈ ਵਾਰੀ ਮੀਂਹ ਪੈਣ ਮਗਰੋਂ ਪਹਾੜ ਦੀਆਂ ਬਾਰਕਾਂ ਵੀ ਦਿਸ ਪੈਂਦੀਆਂ ਸਨ । ਲਾਇਨ ਦੇ ਚੌਗਿਰਦੇ ਇਕ ਕਚੀ ਕੰਧ ਦੀ ਵਲਗਣ ਹੈਸੀ । ਇਸ ਵਲਗਣ ਦੇ ਵਿਚ ਰਸਾਲੇ ਦੀਆਂ (Follower-Line) ਫਾਲਵਰ ਲਾਇਨ, ਘੋੜਾ ਹਸਪਤਾਲ, ਬੰਦਿਆਂ ਦਾ ਹਸਪਤਾਲ, ਬਾਜ਼ਾਰ, ਮਿਸਤਰੀ ਖਾਨਾ ਅਤੇ ਹੋਰ ਸਾਰਾ ਕੁਝ ਹੀ ਸੀ । ਦੇਸੀ ਆਫ਼ੀਸਰਾਂ ਦੇ ਬੰਗਲੇ ਤਾਂ ਏਥੇ ਹੀ ਸਨ, ਪਰੰਤੂ ਗੋਰੇ ਆਫ਼ੀਸਰ ਰੇਲਵੇ ਸਟੇਸ਼ਨ ਤੇ ਛਾਉਣੀ ਦੇ ਲਾਗੇ ਰਹਿੰਦੇ ਸਨ । ਇਨ੍ਹਾਂ ਦਿਨਾਂ ਵਿਚ ਲਾਇਨ ਦੇ ਚੌਗਿਰਦੇ ਰਾਤ ਨੂੰ ਪੰਜ ਗਾਰਦਾਂ ਲਗਦੀਆਂ ਸਨ । ਇਕ ਚਰਾਟ ਵਾਲੇ ਪਾਸੇ ਲਾਇਨ ਦੇ ਪਿਛੇ, ਦੋ ਸੱਜੇ ਖੱਬੇ ਅਤੇ ਦੋ ਗਾਰਦਾਂ ਕੁਵਾਰਟਰ ਗਾਰਦ ਵਿਚ ਰਹਿੰਦੀਆਂ ਸਨ । ਇਕ ਕਵਾਰਟਰ ਗਾਰਦ ਲਈ ਅਤੇ ਦੂਜੀ ਮੈਗਜ਼ੀਨ (Magazine) ਲਈ, ਪਰ ਦਿਨੇ ਕੇਵਲ ਇਕੋ ਗਾਰਦ ਰਹਿੰਦੀ ਸੀ, ਬਾਕੀ ਚਾਰ ਹਟਾ ਲਈਆਂ ਜਾਂਦੀਆਂ ਸਨ । ਇਹੋ ਇਕੋ ਗਾਰਦ ਦਿਨੇ ਮੈਗਜ਼ੀਨਾਂ, ਕਵਾਰਟਰ ਗਾਰਦ ਅਤੇ ਬੰਦੂਕਾਂ ਦੀ ਰਾਖੀ ਕਰਦੀ ਸੀ ।

ਮੌਲਵੀ ਜੀ ਪਾਸੋਂ 'ਖਾਲਕ ਬਾਰੀ' ਪੜ੍ਹ ਲੈਣ ਮਗਰੋਂ ਹੁਣ ਅੰਗ੍ਰੇਜ਼ੀ ਪੜ੍ਹਨ ਦੇ ਖ਼ਿਆਲ ਨੇ ਅਸਾਂ ਦੋਹਾਂ ਨੂੰ ਸਦਰ ਅੰਗ੍ਰੇਜ਼ੀ ਸਕੂਲ ਵਿਚ ਜਾ ਦਾਖ਼ਲ ਕਰਾਇਆ । ਮੈਂ ਖ਼ੁਸ਼ ਸਾਂ ਕਿ ਇਥੇ ਨਾ ਕੋਈ ਕਬਰ ਹੈ ਸੀ ਅਤੇ ਨਾ ਹੀ ਕੋਈ ਭੂਤ ਪ੍ਰੇਤ ਸਨ ਅਤੇ ਨਾ ਹੀ ਕਿਸੇ ਦਰਖ਼ਤ ਉਪਰ ਸਾਵਾ ਝੰਡਾ ਹੈ ਸੀ । ਖ਼ਬਰੇ ਸਰਹੱਦੀ ਪਠਾਣ ਪੀਰਾਂ, ਫ਼ਕੀਰਾਂ ਜਿੰਨਾਂ ਭੂਤਾਂ ਨੂੰ ਮੰਨਦੇ ਹੀ ਨਾ ਹੋਣ, ਪਰ ਜਿਥੇ ਸਾਨੂੰ ਪੜ੍ਹਨੇ ਪਾਇਆ ਗਿਆ ਤੇ ਸੁਖ ਨਾਲ ਜਿਸ ਮਾਸਟਰ ਜੀ ਦੇ ਹਵਾਲੇ ਸਾਡੀ ਜਮਾਤ ਕੀਤੀ ਗਈ ਉਹ ਜਮਦੂਤ ਨਾਲੋਂ ਕਿਸੇ ਤਰ੍ਹਾਂ ਵੀ ਘਟ ਨਹੀਂ ਸੀ । ਸਚ ਜਾਣੋਂ ਦੂਰਗੇ ਮੋਟੇ ਦੇ ਵੀ ਨੰਬਰ ਕਟਦਾ ਸੀ । ਉਹਦਾ ਹਰ ਇਕ ਟੱਬ ਹਥੌੜਾ, ਪੈਰ ਪੂਰੀਆਂ ਗੋਲੀਆਂ ਸਨ । ਕਦ ਮਧਰਾ, ਵੀਹਾਂ ਗਜ਼ਾਂ ਦੀ ਤੇੜ ਸੁਥਣ, ਦਸਾਂ ਦਾ ਖੁਲ੍ਹੀਆਂ ਬਾਹਵਾਂ ਵਾਲਾ ਕੁੜਤਾ ਪਾਉਂਦਾ ।

ਉਸ ਦੀ ਪਿਸ਼ੌਰੀ ਜੁਤੀ ਹੀ ਸਤ ਅਠ ਸੇਰ ਥੀਂ ਘਟ ਨਹੀਂ ਸੀ। ਹਾਂ, ਸਿਰ ਉਪਰ ਜ਼ਰੂਰ ਵੱਟਵੀਂ ਨਿੱਕੀ ਲੁੰਗੀ ਹੁੰਦੀ ਸੀ।

ਅਸੀਂ ਸਭੋ ਮੁੰਡੇ ਇਕ ਨਹੀਂ ਹਜ਼ਾਰ ਵਾਰ ਸੋਚਿਆ ਕਰਦੇ ਕਿ ਉਪਰਲੇ ਨੌਸ਼ਹਿਰੇ ਥੀਂ ਉਹ ਕਿਵੇਂ ਹਰ ਰੋਜ਼ ਤੁਰ ਕੇ ਆਣ ਪੁਜਦਾ ਹੈ ! ਗਰਮੀ ਹੋਵੇ ਸਰਦੀ, ਮੀਂਹ ਹੋਵੇ ਹਨੇਰੀ, ਮੌਤ ਦੇ ਫ਼ਰਿਸ਼ਤੇ ਵਾਂਗ ਵੇਲੇ ਸਿਰ ਹਾਜ਼ਰ ਹੈ। ਟਾਂਗੇ ਵਾਲਾ ਉਹਨੂੰ ਕੋਈ ਵੀ ਲਿਜਾਣ ਨੂੰ ਤਿਆਰ ਨਹੀਂ ਸੀ। ਅਸੀਂ ਤਾਂ ਇਸ ਗਲੋਂ ਵੀ ਹੈਰਾਨ ਸਾਂ ਕਿ ਲੁੰਡੇ ਦਰਿਆ ਦੇ ਬੇੜੀਆਂ ਵਾਲੇ ਪੁਲ ਥੀਂ ਉਹ ਕਿਵੇਂ ਹਰ ਰੋਜ਼ ਪਾਰ ਲੰਘ ਆਉਂਦਾ ਹੈ; ਪੂਰਾ ਗਡੇ ਦਾ ਭਾਰ ਸੀ। ਦੁਪਹਿਰੇ ਜਦੋਂ ਅਧੀ ਛੁਟੀ ਹੁੰਦੀ ਤਾਂ ਸਕੂਲ ਦੇ ਸਾਮ੍ਹਣੇ ਵਾਲੀ ਨਾਨਬਾਈ ਦੀ ਹਟੀ ਉਪਰ ਤਿੰਨ ਚਾਰ ਗਜ਼ ਗਜ਼ ਲੰਮੀਆਂ ਪਿਸ਼ੌਰੀ ਖ਼ਮੀਰੀ ਰੋਟੀਆਂ (ਨਾਨ) ਮਾਮੂਲੀ ਤਰੀ ਤੇ ਇਕ ਅਧੀ ਬੋਟੀ ਨਾਲ ਚਖ ਚੁਖਕੇ ਅੰਦਰ ਧਕ ਲੈਂਦਾ ਤੇ ਅਖ਼ੀਰ ਵਿਚ ਮੁਛਾਂ ਪੁਤੇ ਹਥ ਫੇਰ, ਬਿਨਾ ਦੁਧ, ਬਿਨਾ ਮਿਠਾ, ਚਾਹ ਦਾ ਉਬਲਿਆ ਪਾਣੀ ਪੂਰੀ ਇਕ ਚਾਇਨਾ ਛਕ ਜਾਂਦਾ। ਇਥੇ ਹੀ ਬਸ ਨਹੀਂ, ਤਰਬੂਜ਼ਾਂ ਦੀ ਰੁਤੇ ਘੜੇ ਜਿਡਾ ਤਰਬੂਜ਼, ਖਰਬੂਜ਼ਿਆਂ ਦੀ ਰੁਤੇ ਅਠ ਦਸ ਸੇਰ ਖਰਬੂਜ਼ੇ, ਮੱਕੀ ਦੀ ਰੁਤੇ ਦਸ ਵੀਹ ਭੁੰਨੀਆਂ ਹੋਈਆਂ ਮੋਟੀਆਂ ਛਲੀਆਂ, ਆੜੂ, ਅਲੂਚੇ, ਖੁਰਮਾਨੀਆਂ ਸਭ ਬਲਾ-ਬਤਰ ਖਾਈ ਜਾਂਦਾ। ਹਾਂ, ਉਸ ਵਿਚ ਇਕ ਸਿਫਤ ਜ਼ਰੂਰ ਸੀ ਕਿ ਜਦੋਂ ਇਕ ਵਾਰੀ ਆਪਣੀ ਛੇ ਗਜ਼ੀ ਲਠੇ ਦੀ ਚਾਦਰ ਚਿਤੜਾਂ ਹੇਠਾਂ ਦੇ ਕੇ ਬਹਿ ਜਾਂਦਾ ਫਿਰ ਛੁਟੀ ਹੋਣ ਤਕ ਕਦੇ ਨਾ ਉਠਦਾ।

ਹੁਣ ਤੁਸੀਂ ਹੀ ਦਸੋ, ਇਹੋ ਜਹੇ ਫਿਲਮ ਐਕਟਰ ਤੇ ਪਿਸ਼ੌਰੀ ਕੁਪੇ ਪਾਸ ਕਿਸੇ ਪੜ੍ਹਨਾ ਪੜ੍ਹਾਉਣਾ ਤਾਂ ਕੀ ਹੋਇਆ, ਉਹਦੀ ਸ਼ਕਲ, ਪਹਿਰਾਵੇ ਤੇ ਖ਼ੁਰਾਕ ਦੀਆਂ ਹੀ ਦਿਨ ਰਾਤ ਤੇ ਰਾਹ ਜਾਂਦਿਆਂ ਸਾਖੀਆਂ ਹੁੰਦੀਆਂ। ਕਿਸੇ ਨੇ ਉਹਦੀ ਟੋਰ ਦੀ ਨਕਲ ਲਾਉਣੀ, ਕਿਸੇ ਨੇ ਰਾਹ ਵਿਚ ਉਹਦੇ ਵਰਗਾ ਮੂੰਹ ਬਣਾਕੇ ਦੱਸਣਾ, ਕਿਸੇ ਨੇ ਉਹਦੀ ਖ਼ੁਰਾਕ ਦਾ ਤੇ ਵਡੀ ਦੇਗ ਗੋਗੜ ਦਾ ਨਕਸ਼ਾ ਖਿਚਣਾ।

ਰਾਹ ਵਿਚ ਰੇਲ ਦੀ ਲਾਇਨ ਸੀ। ਚੋਖਾ ਚਿਰ ਉਥੇ ਵੀ ਰੌਣਕ ਲਗਦੀ। ਰੇਲ ਨੂੰ ਉਡੀਕਿਆ ਜਾਂਦਾ ਅਤੇ ਜਦੋਂ ਉਹ ਆਵਣ ਵਾਲੀ

ਹੋਣੀ ਤਾਂ ਉਸਦੀ ਪਟੜੀ ਉਪਰ ਸਲੇਟ, ਤਖਤੀ, ਦਵਾਤ ਪੈਨਸਲ, ਹੋਲਡਰ, ਘਰੋਂ ਖਰਚਣ ਲਈ ਮਿਲੇ ਸਿਕੇ ਆਦਿ ਰਖ ਕੇ ਤਮਾਸ਼ਾ ਦੇਖਿਆ ਜਾਂਦਾ। ਸਭੋ ਚੀਜ਼ਾਂ ਫੀਤੇ ਫੀਤੇ ਹੁੰਦੀਆਂ, ਪੈਸੇ ਚੌੜੇ ਹੋ ਜਾਂਦੇ।

ਰੇਲਵੇ ਲਾਇਨ ਥੀਂ ਕੁਝ ਅਗੇਰੇ ਇਕ ਬਰਸਾਤੀ ਨਾਲਾ ਹੈ, ਜਿਹੜਾ ਕੇਵਲ ਮੀਂਹ ਪਏ ਉਪਰ ਹੀ ਵਗਦਾ, ਬਾਕੀ ਹਮੇਸ਼ਾ ਖੁਸ਼ਕ ਹੀ ਰਹਿੰਦਾ। ਇਥੇ ਮੁੰਡਿਆਂ ਦੀ ਫ਼ੌਜ ਮਦਾਨ ਮਾਰਦੀ ਤੇ ਕਈ ਵਾਰੀ ਜਦੋਂ ਸਾਰੀ ਪਲਟਣ ਨੇ ਸਕੂਲ ਨਾ ਜਾਣਾ ਹੁੰਦਾ ਤਾਂ ਇਸੇ ਰੇਤ ਵਿਚ ਬਸਤੇ ਤਖ਼ਤੀਆਂ ਦਬਕੇ ਸਾਰਾ ਦਿਨ ਖੇਡ ਮਚਦੀ ਤੇ ਸ਼ਾਮੀਂ ਇਸੇ ਨਾਲੇ ਵਿਚੋਂ ਘਰ ਨੂੰ ਮੁੜਦੇ।

* * * *

ਇਸੇ ਨਾਲੇ ਵਿਚੋਂ ਇਕ ਦਿਨ ਮੈਨੂੰ ਮਿੱਟੀ ਫ਼ੋਲਦਿਆਂ ਛੀ ਕਾਰਤੂਸ ਹਥ ਆਏ। ਸਾਰੀ ਟੋਲੀ ਨਾਲੋਂ ਚੋਰੀ ਚੁਪ ਕੀਤੇ ਖੀਸੇ ਵਿਚ ਸਿਟ ਲਏ। ਜਾਣੋਂ ਖ਼ਜ਼ਾਨਾ ਮਿਲ ਪਿਆ ਹੈ। ਨਾਲ ਹੀ ਇਹ ਵੀ ਮੈਂ ਜਾਣਦਾ ਸੀ ਕਿ ਇਹ ਬੜੀ ਖਤਰਨਾਕ ਚੀਜ਼ ਹੈ। ਇਹ ਵੀ ਪਤਾ ਸੀ ਕਿ ਫੌਜ ਵਿਚ ਇਸ ਦੀ ਚੋਖੀ ਰਾਖੀ ਤੇ ਪੁਛ ਭਾਲ ਹੁੰਦੀ ਹੈ। ਪਹਿਲਾਂ ਤਾਂ ਦਲੀਲ ਹੋਈ, ਚਲੋ ਚਲਦਿਆਂ ਹੀ ਪਿਤਾ ਜੀ ਨੂੰ ਜਾ ਦੱਸਾਂਗਾ, ਪਰ ਡਰ ਸੀ ਕਿ ਉਹ ਇਸ ਖ਼ਤਰਨਾਕ ਚੀਜ਼ ਨੂੰ ਕਿਥੇ ਰਖਣਗੇ। ਫਿਰ ਪੁਛ ਭਾਲ ਸ਼ੁਰੂ ਹੋਵੇਗੀ, ਕਿਥੋਂ ਮਿਲੇ ਹਨ? ਕਿਸ ਕਿਸ ਨੂੰ ਪਤਾ ਹੈ? ਨਾਲ ਕੌਣ ਕੌਣ ਸਨ? ਇਨ੍ਹਾਂ ਹੀ ਦਲੀਲਾਂ ਵਿਚ ਦਿਨ ਲਥੇ ਘਰ ਪੁਜਿਆ, ਰੋਟੀ ਖਾਧੀ ਅਤੇ ਝਬਦੇ ਹੀ ਨੀਂਦ ਦੀਆਂ ਮੌਜਾਂ ਵਿਚ ਆਨੰਦ ਹੋ ਗਿਆ। ਜਦੋਂ ਸਵੇਰੇ ਜਾਗਿਆ, ਕਾਰਤੂਸ ਅਜੇ ਵੀ ਖੀਸੇ ਵਿਚ ਸਨ। ਗਿਣੇ ਤਾਂ ਪੂਰੇ ਛੀ ਹੀ ਸਨ।

ਹੁਣ ਫਿਰ ਦਲੀਲਾਂ ਸ਼ੁਰੂ ਹੋਈਆਂ। ਅਜ ਐਤਵਾਰ ਹੋਣ ਕਰਕੇ ਨਾ ਹੀ ਪ੍ਰੇਟ ਸੀ ਅਤੇ ਨਾ ਹੀ ਸਕੂਲ ਜਾਣ ਦੀ ਕਾਹਲ। ਬਹੁਤਾ ਚਿਰ ਮੈਂ ਉਸ ਅਮੋਲਕ ਦਾਤ ਨੂੰ ਲੁਕਾ ਕੇ ਵੀ ਤਾਂ ਨਹੀਂ ਸਾਂ ਰਖ ਸਕਦਾ। ਨੌਕਰ ਨੇ ਮਹਾਂ ਪ੍ਰਸ਼ਾਦ ਲਿਆਂਦਾ ਤੇ ਚਾਹ ਮਗਰੋਂ ਮਾਤਾ ਜੀ ਨੇ ਰਾੜ੍ਹਾ ਲਾਕੇ ਪਾਣੀ ਪਾ ਦਿਤਾ, ਅੱਧਾ ਭੋਨਵਾਂ ਕਢਕੇ। ਤਰੀ ਵਿਚ ਬੋਟੀਆਂ ਤਾਰੀਆਂ ਲੈਣ ਲਗੀਆਂ। ਮਾਤਾ ਜੀ ਬੇਫ਼ਿਕਰ ਹੋ

ਨਾਲ ਦੇ ਗਵਾਂਢ ਗਿਆਨ-ਗੋਸ਼ਟ ਲਈ ਤੁਰ ਗਏ। ਹੁਣ ਮੈਦਾਨ ਖਾਲੀ ਵੇਖ ਅਸਾਂ ਛੀ ਦੇ ਪੂਰੇ ਛੀ ਕਾਰਤੂਸ ਚੁਲ੍ਹੇ ਦੀ ਪਿਛਲੀ ਵਿਥ ਵਿਚੋਂ ਇਕ ਇਕ ਕਰਕੇ ਅੰਦਰ ਨੂੰ ਧਕ ਦਿਤੇ ਅਤੇ ਆਪ ਗੇਂਦ ਬੱਲਾ ਚੁਕ ਲਾਇਨ ਦੇ ਪਿਛਲੇ ਪਾਸੇਂ ਮੁੰਡਿਆਂ ਦੀ ਫ਼ੌਜ ਵਿਚ ਜਾ ਰਲੇ। ਖੇਡ ਤਾਂ ਬੇਸ਼ੱਕ ਸ਼ੁਰੂ ਹੋ ਪਈ, ਪਰ ਖ਼ਿਆਲ ਹਰ ਘੜੀ ਘਰ ਵਲ ਸੀ ਕਿ ਕਦੋਂ ਧਮਾਕੇ ਦੀ ਘਨਘੋਰ ਨਿਕਲਦੀ ਹੈ। ਵੀਹ ਕੁ ਹੀ ਮਿੰਟ ਗੁਜ਼ਰੇ ਸਨ ਕਿ ਤੋਪ ਦਾ ਗੋਲਾ ਚਲਿਆ। ਘੋੜਿਆਂ ਦੀ ਮਾਲਸ਼ ਹੋ ਰਹੀ ਸੀ, ਅੰਗਰੇਜ਼ ਅਫ਼ਸਰ ਵੀ ਮੌਜੂਦ ਸਨ। ਸਾਰਿਆਂ ਨੇ ਕੰਨ ਖੜੇ ਕਰ ਲਏ। ਆਵਾਜ਼ ਅਤੇ ਧੂੰਏਂ ਦੇ ਨੇੜੇ ਘਰਾਂ ਵਲ ਹਰ ਕੋਈ ਭਜਿਆ। ਅਖੀਰ ਸਾਡੇ ਘਰੋਂ ਪਤਾ ਲਗਾ, ਚੁਲ੍ਹਾ ਚੀਨੇ ਚੀਨੇ ਹੋ ਚੁਕਿਆ ਸੀ, ਪਤੀਲਾ ਕੰਧ ਦੇ ਬਾਹਰਲੇ ਪਾਸੇ ਦੀ ਯਾਤਰਾ ਕਰ ਰਿਹਾ ਸੀ, ਮਹਾਂ ਪ੍ਰਸ਼ਾਦ ਦੀਆਂ ਬੋਟੀਆਂ ਤੇ ਤਰੀ ਨੇ ਹੋਲੀਆਂ ਦਾ ਰੰਗ ਮਚਾ ਦਿਤਾ। ਸਾਰਾ ਵਿਹੜਾ ਰੰਗ ਭੂਮੀ ਬਣ ਗਿਆ। ਅਸੀਂ ਵੀ ਗੇਂਦ ਬਲੇ ਸਮੇਤ ਭੀੜ ਵਿਚ ਹਾਜ਼ਰ ਆਣ ਹੋਏ।

ਤਜਵੀਜ਼ਾਂ, ਵਿਚਾਰਾਂ ਤੇ ਆਦੇਸ਼ ਨੇ ਇਹੋ ਹੀ ਦਸਿਆ ਕਿ ਚੁਲ੍ਹੇ ਵਿਚ ਕੋਈ ਪੱਥਰ ਹੈਸੀ, ਜਿਹੜਾ ਪਾਟ ਗਿਆ ਹੈ। ਹੋਰ ਕੁਝ ਵੀ ਨਹੀਂ। ਇਸ ਬਿਨਾਂ ਸਿਵਾ ਹੋਰ ਖ਼ਿਆਲ ਵੀ ਕੀ ਕੀਤਾ ਜਾਂਦਾ? ਦੂਜੇ ਦਿਨ ਹੀ ਰੈਜਮੈਂਟਲ ਆਰਡਰ ਹੋ ਗਿਆ ਕਿ ਹਰ ਇਕ ਚੁਲ੍ਹਾ ਖ਼ਾਲਸ ਮਿਟੀ ਦਾ ਤਿਆਰ ਕੀਤਾ ਜਾਵੇ। ਆਫ਼ੀਸਰ ਮੈੱਸ ਅਤੇ ਕੁਲ ਬਾਵਰਚੀ ਖਾਨਿਆਂ ਦੇ ਚੁਲ੍ਹੇ ਉਸੇ ਦਿਨ ਪੁਟਵਾ ਦਿਤੇ ਗਏ। ਟੱਬਰਦਾਰਾਂ ਦੇ ਘਰੀਂ ਵੀ ਇਹੋ ਪਰੇਟ ਸਭਨਾਂ ਤੀਵੀਆਂ ਨੂੰ ਕਰਨੀ ਪਈ।

ਮੇਰਾ ਅਜੇ ਚਿਤ ਕਰਦਾ ਹੈ ਸੀ, ਇਹੋ ਜਿਹਾ ਤਮਾਸ਼ਾ ਫੇਰ ਹੋਵੇ। ਜਿਵੇਂ—ਇਕ ਚੋਰੀ ਮਗਰੋਂ ਦੂਜੀ, ਇਕ ਝੂਠ ਮਗਰੋਂ ਦੂਜਾ ਝੂਠ, ਇਸੇ ਤਰ੍ਹਾਂ ਇਸ ਨਵੀਂ ਸ਼ਰਾਰਤ ਮਗਰੋਂ ਹੋਰ ਸ਼ਰਾਰਤ ਲਈ ਵੀ ਚਿਤ ਕਰਦਾ ਹੈ ਸੀ। ਮੈਂ ਚਾਹੁੰਦਾ ਸਾਂ—ਅੱਠ ਦਸ ਕਾਰਤੂਸ ਹੋਣ ਅਤੇ ਉਸ ਨਾਨਬਾਈ ਦੇ ਤੰਦੂਰ ਵਿਚ ਸਿਟੇ ਜਾਣ, ਜਿਥੇ ਸਾਡੇ ਮਾਸਟਰ ਜੀ ਗਜ਼ ਗਜ਼ ਲੰਬੀਆਂ ਖਮੀਰੀਆਂ ਪਿਸ਼ੌਰੀ ਰੋਟੀਆਂ ਖਾਂਦੇ ਸਨ। ਕਾਰਤੂਸ ਉਦੋਂ ਚਲਣ, ਜਦੋਂ ਬੁਰਕੀ ਉਨ੍ਹਾਂ ਦੇ ਮੂੰਹ ਵਿਚ ਹੋਵੇ। ਖ਼ੂਬ ਧਮਾਕਾ

ਉਠੇ, ਧੂੰਆਂ ਅਸਮਾਨ ਤਕ ਜਾਵੇ, ਸਾਡੇ ਮਾਸਟਰ ਜੀ ਡਿਗਦੇ ਢਹਿੰਦੇ ਤੰਬਾ ਫੜੀ ਸਕੂਲ ਨੂੰ ਭਜਣ, ਖ਼ਲਕਤ ਕਠੀ ਹੋਵੇ ਅਤੇ ਅਖੀਰ ਪੱਬਰ ਪਾਟਣ ਉਪਰ ਸਮਾਪਤੀ ਹੋ ਜਾਵੇ।

ਪਰ ਇਸਦੇ ਉਲਟ ਕਾਦਰ ਖਾਂ ਸਾਈਸ ਨੇ ਬਾਬੂ ਜੀ ਦੀ ਚੋਰੀ ਕਰ ਲਈ। ਕਾਦਰੂ ਦਾ ਮਿਤ੍ਰਾਨਾ ਸਦਰ ਦੀ ਵੇਸਵਾ ਨਾਲ ਸੀ। ਵਿਚਾਰੇ ਦੀ ਤਨਖ਼ਾਹ ਅਠ ਰੁਪਏ ਤੇ ਮਿਤ੍ਰਾਨਾ ਵੇਸਵਾ ਨਾਲ, ਕਿਵੇਂ ਨਿਭਦੀ ? ਪਹਿਲਾਂ ਤਾਂ ਰੋਜ਼ ਨਿਕ ਸੁਕ, ਕਪੜਾ, ਕੰਬਲ, ਬੂਟ, ਕਦੇ ਕਿਸੇ ਦਾ ਕਦੇ ਕਿਸੇ ਦਾ ਗੁਵਾਚਦਾ ਗਿਆ, ਅਖ਼ੀਰ ਬਾਬੂ ਜੀ ਦੀ ਪਿਛਲ਼ੀ ਖਿੜਕੀ ਤੋੜ ਕਾਦਰੂ ਨੇ ਬਾਬੂ ਜੀ ਦੇ ਅੰਦਰੋਂ ਸਾਰਾ ਗਹਿਣਾ ਕਢ ਕੇ ਰਾਤੋ ਰਾਤ ਸਦਰ ਵਾਲੀ ਵੇਸਵਾ ਪਾਸ ਪਹੁੰਚਾ ਦਿਤਾ। ਸਵੇਰੇ ਕਾਦਰੂ ਵੇਲੇ ਸਿਰ ਕੰਮ ਉਪਰ ਹਾਜ਼ਰ ਸੀ। ਦਿਨ ਚੜ੍ਹੇ ਬਾਬੂ ਜੀ ਜਦੋਂ ਬੀਵੀ ਸਮੇਤ ਜਾਗੇ ਤਾਂ ਅੰਦਰ ਦੀ ਸਫ਼ਾਈ ਹੋ ਚੁਕੀ ਸੀ।

ਕਾਦਰੂ ਹੁਰੀਂ ਫੜੇ ਗਏ। ਛਿਤਰੌਲ ਸ਼ੁਰੂ ਹੋ ਪਿਆ। ਜਿਹੜਾ ਗਿਆ ਉਸੇ ਹੀ ਜਾ ਦਸ ਠੋਕੀਆਂ। ਮਾਰ ਥੀਂ ਬਚਣ ਲਈ ਕਾਦਰੂ ਹੁਰੀਂ ਬਕ ਪਏ :

"ਜੀ ! ਜ਼ੇਵਰ ਨਾਲੇ ਵਿਚ ਦਬਿਆ ਹੈ।"

ਉਸੇ ਵੇਲ਼ੇ ਸਾਰੀ ਪਾਰਟੀ ਕਾਰਤੂਸਾਂ ਵਾਲੀ ਥਾਂ ਪੁਜੀ, ਜਿਥੇ ਮੈਂ ਅਗੇ ਕਈ ਵਾਰੀ ਕਾਰਤੂਸਾਂ ਦੀ ਵੇਖ ਭਾਲ ਕਰ ਆਇਆ ਸਾਂ, ਪਰ ਮੇਰੀ ਤਾਂ ਬਾਲਾਂ ਵਾਲੀ ਖੇਡ ਸੀ ਤੇ ਇਹ ਪਾਰਟੀ ਕਹੀਆਂ ਬੇਲਚਿਆਂ ਸਣੇ ਗਈ ਸੀ। ਛੀ ਕੀਹਦੇ, ਇਥੇ ਤਾਂ ਪੇਟੀਆਂ ਦਬੀਆਂ ਹੋਈਆਂ ਸਨ।

ਅਸਲ ਵਿਚ ਗਲ ਇਉਂ ਸੀ ਕਿ ਸਾਥੋਂ ਪਹਿਲੀ ਕਿਸੇ ਫ਼ੌਜ ਦਾ ਮੈਗਜ਼ੀਨ (Magazine) ਚੋਰੀ ਹੋਇਆ ਦਸਦੇ ਸਨ। ਸ਼ਾਇਦ ਪਠਾਣ ਵੀ ਇਸ ਥਾਂ ਨੂੰ ਭੁਲ ਬੈਠੇ ਸਨ।

ਹੁਣ ਵਿਚਾਰੇ ਕਾਦਰੂ ਨੂੰ ਵੀ ਵੇਸਵਾ ਦਾ ਬੂਹਾ ਦਸਣਾ ਪਿਆ ਤੇ ਬਾਬੂ ਜੀ ਦਾ ਸਾਰਾ ਟੂਮ ਟਲਾ ਮਿਲ਼ ਗਿਆ।

ਪਰ ਮੇਰੇ ਲਈ ਉਹ ਭੂਤਾਂ ਪ੍ਰੇਤਾਂ ਦੀ ਥਾਂ ਬਣ ਗਈ। ਮੈਂ ਮੁੰਡਿਆਂ ਥੀਂ ਵਖ ਕਦੇ ਵੀ ਕੱਲਾ ਉਥੋਂ ਨਾ ਲੰਘਦਾ। ਕਈ ਵਾਰੀ ਦਿਲ ਵਿਚ ਆਇਆ ਕਿ ਮੈਂ ਵੀ ਚੁਲ੍ਹੇ ਦੇ ਉਡਣ ਦਾ ਕਾਰਨ ਦਸਾਂ, ਪਰ ਅਜ ਤਕ ਇਹ ਭੇਦ ਹਿਰਦੇ ਵਿਚ ਹੀ ਰਿਹਾ।

# ਬਲਦੀ ਚਿਖਾ

ਮੈਂ ਅਜ ਉਦੋਂ ਦੀ ਗਲ ਕਰਨ ਲਗਾਂ ਹਾਂ ਜਦੋਂ ਫ਼ੌਜਾਂ ਪੈਦਲ ਮਾਰਚ ਕਰਦੀਆਂ ਸਨ—ਇਕ ਛਾਵਣੀ ਥੀਂ ਦੂਜੀ ਛਾਵਣੀ ਨੂੰ—ਹਰ ਰੋਜ਼ ਇਕ ਪੜਾਉ। ਪਲਟਨਾਂ ਦੇ ਪੈਦਲ ਮਾਰਚ, ਕਿਸੇ ਸ਼ਹਿਰ ਜਾਂ ਪਿੰਡ ਪਾਸੋਂ ਲੰਘਦਿਆਂ ਬੈਂਡ ਜਾਂ ਬਿਗਲ—ਡ੍ਰਮ ਦੀ ਘੁਣਕਾਰ, ਤੋਪਖਾਨੇ ਅਤੇ ਰਸਾਲੇ ਦੀਆਂ ਦੌੜਾਂ ਬੜੇ ਅਜੀਬ ਨਜ਼ਾਰੇ ਹੋਇਆ ਕਰਦੇ ਸਨ। ਉਹ ਪੈਦਲ ਕੂਚ ਦੇ ਅਦਭੁਤ ਨਜ਼ਾਰੇ ਯਾਦ ਕਰ ਕੇ ਹੁਣ ਵੀ ਬੁਢੀਆਂ ਹੱਡੀਆਂ ਵਿਚ ਜੋਸ਼ ਭਰ ਆਉਂਦਾ ਹੈ।

ਹਰ ਰੋਜ਼ ਨਵੀਂ ਥਾਂ, ਨਵੀਂ ਬੋਲੀ, ਨਵੀਂ ਰੌਣਕ, ਨਵਾਂ ਪਿੰਡ, ਨਵਾਂ ਗੁਰਦੁਆਰਾ, ਨਵਾਂ ਖੂਹ, ਨਵਾਂ ਪੱਤਣ, ਨਵਾਂ ਚੁਲ੍ਹਾ ਚੌਕਾ। ਇਹੋ ਕਾਰਨ ਸੀ ਕਿ ਇਸ ਅਨੋਖੇ ਸਫ਼ਰ ਵਿਚ ਬੁਢੇ ਥੀਂ ਬੁਢਾ ਸਿਪਾਹੀ ਵੀ, ਨਿੱਤ ਨਵੀਂ ਸਵੇਰ ਜਵਾਨ ਅਤੇ ਨਵਾਂ ਨਵਾਂ ਨਜ਼ਰੀ ਆਉਂਦਾ।

ਅਜ ਕਾਲਜਾਂ ਅਤੇ ਸਕੂਲਾਂ ਦੇ ਮੁੰਡੇ ਕਿਸੇ ਥਾਂ ਪਿਕ-ਨਿਕ (Pick-Nick) ਕਰਨ, ਦੋ ਚਾਰ ਦਿਨ ਮੌਜ ਮੇਲੇ ਲਈ ਜਾ ਕੇ, ਬੜੀ ਹੀ ਪ੍ਰਸੰਨਤਾ ਪ੍ਰਗਟ ਕਰਦੇ ਹਨ, ਪਰ ਇਥੇ ਫ਼ੌਜਾਂ ਨੂੰ ਕਈ ਵਾਰੀ ਪਿਸ਼ੌਰ ਥੀਂ ਲਖਨਊ, ਫ਼ੀਰੋਜ਼ਪੁਰ ਥੀਂ ਕੋਇਟਾ, ਅੰਬਾਲਾ ਛਾਵਣੀ ਥੀਂ ਨੌਸ਼ਹਿਰਾ ਬਦਲੀ ਹੋਈ ਤੇ ਸਾਰਾ ਹੀ ਰਾਹ ਪੈਦਲ ਤੇ ਹਰ ਰੋਜ਼ ਨਵੀਂ ਥੀਂ ਨਵੀਂ ਪਿਕ-ਨਿਕ ਹੁੰਦੀ।

ਲਾਮ-ਡੋਰੀ (Advance-Party) ਇਕ ਦਿਨ ਪਹਿਲਾਂ

ਜਾਂਦੀ। ਫ਼ੌਜ ਲਈ ਨਵੇਂ ਪੜਾਉ ਉਪਰ ਉਤਾਰੇ ਲਈ ਨਿਸ਼ਾਨ ਲਾਏ ਜਾਂਦੇ। ਬਾਜ਼ਾਰ, ਲੰਗਰ, ਹਸਪਤਾਲ, ਕਵਾਰਟਰ ਗਾਰਦ, ਬ੍ਰਿਟਿਸ਼ ਅਤੇ ਇੰਡੀਅਨ ਆਫ਼ੀਸਰਾਂ ਲਈ ਵਖੋ ਵਖਰੀਆਂ ਥਾਵਾਂ ਮਿਥੀਆਂ ਜਾਂਦੀਆਂ। ਬਰਦਾਸ਼ਤ-ਖਾਨੇ ਦੇ ਪ੍ਰਬੰਧਕਾਂ ਨਾਲ ਮਿਲ ਕੇ ਦੁਧ, ਮਾਸ, ਲਕੜੀ, ਦਾਣਾ, ਘਾਹ, ਅੰਡਾ, ਮੁਰਗੀ, ਸਬਜ਼ੀ—ਹਰ ਇਕ ਚੀਜ਼ ਦਾ ਨਿਰਖ ਮੁਕੱਰਰ ਕਰ ਲਿਆ ਜਾਂਦਾ। ਭਾਰ-ਬਰਦਾਰੀ ਦੇ ਪੁਜਦਿਆਂ ਹੀ ਡੇਰੇ ਲਾ ਦਿਤੇ ਜਾਂਦੇ। ਸਿਪਾਹੀ ਗਿੱਧੇ ਤੇ ਬੋਲੀਆਂ ਪਾਉਂਦੇ। ਵਧੀਆ ਲੰਗਰ ਤਿਆਰ ਹੁੰਦੇ। ਵਡਿਆਂ ਸ਼ਹਿਰਾਂ ਵਿਚ ਇਕ ਦਿਨ ਦਾ ਵਧੀਕ ਹਾਲਟ ਹੋਣਾ। ਅਨਾਰਕਲੀ, ਸ਼ਾਲਾਮਾਰ ਬਾਗ਼, ਲਾਲ ਕਿਲ੍ਹਾ, ਰੋਜ਼ਾ ਤਾਜ ਮਹਲ, ਸ੍ਰੀ ਦਰਬਾਰ ਸਾਹਿਬ, ਖ਼ਾਲਸਾ ਕਾਲਜ, ਮਥੁਰਾ, ਚਾਂਦਨੀ ਚੌਕ, ਅਲਾਹਬਾਦ, ਅਲੀਗੜ੍ਹ ਵਖੋ ਵਖਰੀਆਂ ਥਾਵਾਂ ਦੀ ਬੜੀ ਚੰਗੀ ਸੈਰ ਹੁੰਦੀ। ਰਾਹ ਵਿਚ ਹੀ ਪੋਲੀਸ, ਕਾਲਜ, ਫ਼ੌਜ ਅਤੇ ਕਲੱਬਾਂ ਨਾਲ ਫੁਟਬਾਲ, ਹਾਕੀ ਦੇ ਮੈਚ, ਕੁਸ਼ਤੀਆਂ, ਦੌੜਾਂ ਤੇ ਖੇਡਾਂ ਵੀ ਹੁੰਦੀਆਂ। ਕਈ ਥਾਵਾਂ ਉਪਰ ਝੂਠੀ ਲੜਾਈ ਦੇ ਪ੍ਰੋਗ੍ਰਾਮ ਅਨੁਸਾਰ ਬੇੜੀਆਂ ਦੀ ਦੌੜ, ਤਾਰੀਆਂ, ਇਸ਼ਨਾਨ, ਪੁਲ ਤੋੜਨੇ ਤੇ ਨਵੇਂ ਤਿਆਰ ਕਰਨੇ; ਪਿਛੇ ਹਟਣਾ, ਅਗੇ ਵਧਣਾ ਸਾਰਾ ਕੁਝ ਹੀ ਹੁੰਦਾ। ਇਸ ਸਾਰੇ ਕੂਚ ਦਾ ਪ੍ਰੋਗ੍ਰਾਮ ਅਧ ਨਵੰਬਰ ਥੀਂ ਸ਼ੁਰੂ ਮਾਰਚ ਤਕ ਹੋਇਆ ਕਰਦਾ ਸੀ।

ਇਹਨਾਂ ਖ਼ੂਬਸੂਰਤ, ਅਰੋਗ, ਮਨ-ਭਾਵਣੀਆਂ, ਉਤਸ਼ਾਹੀ ਗੱਲਾਂ ਥੀਂ ਵਖ ਕੁਝ ਇਹੋ ਜਹੀਆਂ ਦੁਰਘਟਨਾਂ ਵੀ ਹੁੰਦੀਆਂ, ਜਿਨ੍ਹਾਂ ਲਈ ਓਦੋਂ ਤਾਂ ਭਾਵੇਂ ਕੋਈ ਨਫ਼ਰਤ ਘ੍ਰਿਣਾ ਨਾ ਸੀ; ਪਰ ਅਜ ਜ਼ਰੂਰ ਮਨ ਵਿਚ ਚੀਸ ਉਠਦੀ ਹੈ।

* * * *

ਇਕ ਪੜਾਉ ਉਪਰ ਪਿਛਲੇ ਪੜਾਉ ਥੀਂ ਦੁਧ ਮਹਿੰਗਾ ਸੀ—ਛੀ ਪੈਸੇ ਸੇਰ ਦੀ ਥਾਂ ਦੋ ਆਨੇ ਸੇਰ। ਕੌਣ ਖਰੀਦੇ? ਲਾਮ ਡੋਰੀ ਵਾਲੇ ਰਸਾਲਦਾਰ ਜੀ ਨੇ ਤਹਿਸੀਲਦਾਰ ਜੀ ਨੂੰ ਬੜਾ ਸਮਝਾਇਆ ਕਿ ਅਸਾਂ ਮਹੀਨਾ ਭਰ ਕੂਚ ਵਿਚ ਕਿਧਰੇ ਵੀ ਦੋ ਆਨੇ ਸੇਰ ਨਹੀਂ ਖਰੀਦਿਆ, ਪਰ ਤਹਿਸੀਲਦਾਰ ਵੀ ਆਪਣੀ ਆਣ ਉਪਰ ਡਟਿਆ ਰਿਹਾ। ਲਾਮ-ਡੋਰੀ ਮਗਰੋਂ ਦੂਜੀ ਭਲਕ ਫ਼ੌਜ ਦੇ ਪੁਜਦਿਆਂ ਹੀ

ਬਿਗਲ ਹੋਇਆ। ਸੁਕਾਡਰਨ ਦਫ਼ੇਦਾਰ ਬੁਲਾਏ ਗਏ। ਹੁਕਮ ਮਿਲ ਗਿਆ ਕਿ ਦੁਧ ਦੋ ਆਨੇ ਸੇਰ ਹੋਣ ਦੇ ਕਾਰਨ ਕੋਈ ਵੀ ਨਹੀਂ ਖ਼ਰੀਦ ਸਕਦਾ। ਸਿਪਾਹੀਆਂ ਨੇ ਸਵੇਰ ਦੀ ਤਾਂ ਰੰਡੀ ਚਾਹ ਪੀਤੀ, ਪਰ ਦੁਪਹਿਰ ਦੀ ਚਾਹ ਤਕ ਉਡੀਕ ਸੀ। ਭਰੇ ਹੋਏ ਦੁਧ ਦੇ ਕੜਾਹ ਅਤੇ ਘੜੇ ਬਰਦਾਸ਼ਤ ਖ਼ਾਨੇ ਵਿਚ ਮੌਜੂਦ ਸਨ, ਪਰ ਤਹਿਸੀਲਦਾਰ ਜੀ ਅਜੇ ਭੀ ਆਣ ਉਪਰ ਡਟੇ ਹੋਏ ਸਨ, "ਡੁਲ੍ਹਵਾ ਦਿਤਾ ਜਾਵੇਗਾ, ਪਰ ਦੁਆਨੀ ਸੇਰ ਥੀਂ ਘਟ ਨਹੀਂ ਦੇਣਾ!"

ਬਾਰਾਂ, ਇਕ, ਦੋ, ਢਾਈ, ਤਿੰਨ। ਹੁਣ ਸਿਪਾਹੀਆਂ ਦੀ ਉਡੀਕ ਦਾ ਪਿਆਲਾ ਭਰ ਚੁਕਿਆ ਸੀ। ਜਮਾਂਦਾਰ ਜੀਟਨ (Adjutant) ਪਾਸ ਲੋਕੀਂ ਫਿਰ ਗਏ।

"ਸਵੇਰੇ ਵੀ ਰੰਡੀ (ਬਿਨਾਂ ਦੁਧ) ਚਾਹ ਪੀਤੀ ਹੈ।"

"ਹੁਣ ਵੀ ਪੀਓ।"

"ਸਾਨੂੰ ਆਗਿਆ ਦਿਓ, ਅਸੀਂ ਆਪ ਨਿਰਖਾਂ ਦਾ ਫੈਸਲਾ ਕਰ ਲਈਏ।"

"ਹਾਂ, ਜ਼ਰੂਰ!"

"ਪਰ ਜੇ ਉਹ ਨਾ ਮੰਨੇ......?"

"ਤਾਂ ਤੁਸੀਂ ਜਾਣੋ!"

"ਹੁਕਮ ਹੋਵੇ ਤਾਂ ਦੇਗਾਂ ਨੂੰ ਚੱਟੀਏ ਜੀ।" ਧਾੜ ਦੀ ਧਾੜ ਗੜਵੀਆਂ ਗਲਾਸਾਂ ਦੀ ਪਾਰਟੀ ਬਰਦਾਸ਼ਤ ਖ਼ਾਨੇ ਪੁਜੀ। ਪਹਿਲੇ ਪੰਜ ਚਾਰ ਸਿਪਾਹੀਆਂ ਨੇ ਸੇਰ, ਅੱਧ ਸੇਰ ਭਾਂਡਿਆਂ ਵਿਚ ਪਵਾਇਆ ਅਤੇ ਛੀ ਪੈਸੇ ਸੇਰ ਦੇ ਹਿਸਾਬ ਮੁਲ ਤਾਰਦੇ ਗਏ। ਹਲਵਾਈ ਮੁਲ ਲੈਣ ਥੀਂ ਇਨਕਾਰ ਕਰਦਾ। ਛੇਕੜ ਉਹਨਾਂ ਦਾ ਆਦਮੀ ਤਹਿਸੀਲ-ਦਾਰ ਨੂੰ ਬੁਲਾਉਣ ਗਿਆ; ਪਰ ਏਧਰ ਸਿਪਾਹੀਆਂ ਨੇ ਬਿਨਾਂ ਮੁਲ, ਬਿਨਾਂ ਮਿਣਤੀ ਗਿਣਤੀ ਕੜਾਹ ਵਿਚੋਂ ਹੀ ਗੜਵੀਆਂ, ਗਲਾਸ, ਕਰਮੰਡਲ ਭਰਨੇ ਸ਼ੁਰੂ ਕਰ ਦਿਤੇ ਸਨ। ਹੁਣ ਜਦੋਂ ਬਾਕੀਆਂ ਨੂੰ ਪਤਾ ਲਗਾ ਕਿ ਦੁਧ ਦੀ ਵਿਕਰੀ ਮੁਫ਼ਤੋ ਮੁਫ਼ਤੀ ਹੈ, ਸਾਰੀ ਫ਼ੌਜ ਵਿਚ ਤਰਥੱਲੀ ਮਚ ਗਈ। ਦੁਧ ਤੋਂ ਛੁਟ ਘਿਓ, ਖੰਡ, ਆਂਡੇ, ਆਟਾ, ਸਬਜ਼ੀ, ਮਠਿਆਈ, ਸਾਬਣ, ਤੇਲ, ਜੋ ਕੁਝ ਵੀ ਕਿਸੇ ਦੇ ਹੱਥ ਆਇਆ, ਲੈ ਤੁਰਿਆ। ਤਹਿਸੀਲਦਾਰ ਸਾਹਿਬ ਤੇ ਉਨ੍ਹਾਂ ਦੀ

ਪਾਰਟੀ, ਬਰਦਾਸ਼ਤ-ਖਾਨੇ ਦੇ ਸਾਰੇ ਦੁਕਾਨਦਾਰ ਸੜਕ ਦੇ ਪਾਰਲੇ ਕੰਢੇ ਇਹ ਨਜ਼ਾਰਾ ਵੇਖ ਰਹੇ ਸਨ ਤੇ ਹੈਰਾਨ ਸਨ ।

ਫ਼ਾਲਿਨ (Fall in) ਦਾ ਬਿਗਲ ਵਜਿਆ। ਸਭ ਹਾਜ਼ਰ ਦੀ ਗਿਣਤੀ ਹੋਈ। ਬਣਨਾ ਬਣਾਉਣਾ ਤਾਂ ਕੀ ਸੀ, ਵਿਚਾਰਾ ਤਹਿਸੀਲਦਾਰ ਤਿੰਨ ਪੜਾ ਫ਼ੌਜ ਦੇ ਨਾਲ ਤੁਰਿਆ ਆਇਆ। ਕਰਨਲ ਸਾਹਿਬ ਆਖਦਾ ਸੀ :

"ਆਪ ਲੋਗ ਕਾ ਕੁਛ ਬੰਡੋਬਸਟ ਨਹੀਂ ਮਾਂਗਟਾ। ਹਮ ਏਕ ਚਿੱਟੀ ਡਿਪਟੀ ਸਾਹਿਬ ਕੋ ਲਿਖਨਾ ਮਾਂਗਟਾ।"

ਵਿਚਾਰਾ ਤਹਿਸੀਲਦਾਰ ਬੜੀਆਂ ਮਿੰਨਤਾਂ ਮਗਰੋਂ ਚਿੱਠੀ ਲੈਣ ਵਿਚ ਕਾਮਯਾਬ ਹੋਇਆ। ਅਸਲ ਵਿਚ ਫ਼ੌਜ ਵਾਲੇ ਵੀ ਜਾਣਦੇ ਸਨ ਕਿ ਸਾਰਾ ਦੁਧ, ਲਕੜੀ, ਆਂਡੇ, ਮੁਰਗ਼ੀਆਂ ਪਿੰਡਾਂ ਵਿਚੋਂ ਮੁਫ਼ਤ ਕੱਠੇ ਹੁੰਦੇ ਹਨ ਤੇ ਪੈਸੇ ਤਹਿਸੀਲਦਾਰ ਦੇ ਪੇਟੇ ਪੈਂਦੇ ਹਨ ।

* * * *

ਇਕ ਹੋਰ ਪੜਾਉ ਦੀ ਘਟਨਾ—ਇਥੇ ਪੋਲੀਸ ਲਾਈਨ ਨਾਲ ਹਾਕੀ ਦਾ ਮੈਚ ਸੀ। ਛਾਵਣੀ ਟੀਮ—ਜਿਨ੍ਹਾਂ ਵਿਚ ਅੰਗਰੇਜ਼ ਆਫ਼ੀਸਰ ਵੀ ਸਨ—ਬੜੀ ਸਜ ਧਜ ਨਾਲ ਗਈ। ਦੂਜੇ ਦਿਨ ਐਤਵਾਰ ਦੇ ਕਾਰਨ ਇਥੇ ਹਾਲਟ ਸੀ। ਬੜਾ ਵਧੀਆ ਮੈਚ ਹੋਇਆ। ਸਾਰੀ ਫ਼ੌਜ ਆਪਣੀ ਪਾਰਟੀ ਨੂੰ ਜਿਤਾਉਣ ਤੇ ਤਾੜੀਆਂ ਮਾਰਨ ਲਈ ਪੁਜੀ ਹੋਈ ਸੀ। ਪੋਲੀਸ, ਫ਼ੌਜ ਦੇ ਆਫ਼ੀਸਰ ਵੀ ਤੇ ਸ਼ਹਿਰੀ ਭਲੇਮਾਣਸ, ਕਾਲਜਾਂ ਦੇ ਮੁੰਡੇ ਬੜੀ ਖ਼ਲਕਤ ਪੁਜੀ। ਮੈਚ ਤਾਂ ਬੜਾ ਹੀ ਸੁਆਦਲਾ ਹੋਇਆ; ਪਰ ਸ਼ਾਇਦ ਹੀ ਕੋਈ ਸਾਈਕਲ ਪੰਕਚਰ ਹੋਣੋਂ ਬਚ ਗਿਆ ਹੋਵੇ। ਸਿਪਾਹੀਆਂ ਦੀ ਪਾਰਟੀ ਪਹਿਲਾਂ ਹੀ ਪਿੰਨ ਲੈਕੇ ਆਈ ਹੋਈ ਸੀ। ਜਿਥੇ ਵੀ ਮੇਲਾ ਵੇਖਣ ਖੜੋਤੇ, ਨਾਲ ਖੜੋਤੇ ਸ਼ਹਿਰੀਆਂ ਦੇ ਸਾਈਕਲ ਵਿਚ ਪਿੰਨ ਮਲਕੜੇ ਹੀ ਖੋਭ ਦੇਣ। ਇਕ ਥਾਂ ਕੰਮ ਮੁਕ ਗਿਆ ਅਗਲੀ ਥਾਂ ਜਾ ਪੁੱਜੇ।

"ਇਥੋਂ ਚੰਗਾ ਨਹੀਂ ਵਿਖਾਲੀ ਦਿੰਦਾ। ਆ ਗੰਡਾ ਸਿੰਹਾ, ਉਥੇ ਚਲੀਏ।" ਜਦੋਂ ਉਥੇ ਸਾਰੀਆਂ ਠੁਸ ਕਰ ਲਈਆਂ ਤਾਂ ਸਹਿਜੇ ਹੀ ਅਗਲੀ ਥਾਂ। ਖੇਡ ਮੁਕਣ ਤੇ ਜਿਹੜਾ ਵੀ ਚੜ੍ਹਿਆ ਕੋਈ ਦੋ ਕਦਮ ਕੋਈ ਚਾਰ ਕਦਮ ਸਾਰੇ ਹੀ ਸਾਈਕਲ ਪੰਕਚਰ ਹੋ ਚੁਕੇ ਸਨ। ਥੋੜੀ

ਵਿਥ ਉਪਰ, ਅਗੇ ਜਾ ਕੇ, ਕਿਸੇ ਸਕੂਲ ਦੇ ਮੁੰਡੇ ਫੁਟਬਾਲ ਖੇਡਦੇ ਸਨ। ਸਿਪਾਹੀਆਂ ਦੀ ਪਾਰਟੀ ਉਥੇ ਤਮਾਸ਼ੇ ਲਈ ਜਾ ਖੜੋਤੀ। ਜਦੋਂ ਕਿਕ ਮਗਰੋਂ ਫੁਟਬਾਲ ਗਰਾਊਂਡ ਥੀਂ ਬਾਹਰ ਆਇਆ, ਦੌੜ ਕੇ ਇਕ ਸਿਪਾਹੀ ਨੇ ਚੁਕਿਆ, ਪਿੰਨ ਖੋਭੀ ਤੇ ਗਰਾਊਂਡ ਅੰਦਰ ਕਿਕ ਲਾ ਦਿਤੀ। ਉਥੇ ਵੀ ਖੇਡ ਮੁਕੀ। ਮਿੰਟਾਂ ਵਿਚ ਫੁਟਬਾਲ ਪੰਕਚਰ ਹੋ ਗਿਆ।

ਓਦੋਂ ਆਬਕਾਰੀਆਂ ਵਿਚੋਂ ਛਟਾਂਕ, ਪਾ, ਅਧ ਪਾ, ਖੁਲ੍ਹੀ ਮਿਲ ਜਾਂਦੀ ਸੀ। ਰਾਹ ਵਿਚ ਬਾਜ਼ਾਰਾਂ ਵਿਚੋਂ ਲੰਘਦਿਆਂ ਕਿਸੇ ਦਾ ਬੈਂਚ ਚੁਕ ਅਗਲੇ ਚੌਕ ਵਿਚ, ਕਿਸੇ ਦਾ ਮੂੜ੍ਹਾ ਕਿਸੇ ਹੋਰ ਥਾਂ, ਹਲਵਾਈਆਂ ਦੀਆਂ ਬੰਦ ਹਟਾਂ ਦੇ ਚੁਲ੍ਹੇ ਪੁਟ, ਸੜਕਾਂ ਦੇ ਲੈਂਪ ਬੁਝਾ, ਕੰਧਾਂ ਦੀਆਂ ਪਾਥੀਆਂ ਡੇਗ, ਬੰਦ ਦਰਵਾਜ਼ਿਆਂ ਨੂੰ ਡੰਡੇ ਖੜਕਾ ਬੜੀ ਰਾਤ ਗਏ ਕੈਂਪ ਵਿਚ ਪੁਜਕੇ ਬਰਫ਼ ਵਰਗੀਆਂ ਰੋਟੀਆਂ ਝਮਣੀਆਂ।

* * * *

ਅੰਮ੍ਰਿਤਸਰ ਕਿਲ੍ਹੇ ਦੇ ਲਾਗੇ ਹੀ ਪੜਾਉ ਹੈ। ਇਥੇ ਹੀ ਬਰ-ਦਾਸ਼ਤ ਖਾਨਾ ਸੀ। ਰੇਲਵੇ ਸਟੇਸ਼ਨ ਤੇ ਮਾਲ ਗੁਦਾਮ ਵੀ ਨੇੜੇ ਹੀ ਹਨ। ਉਸੇ ਰਾਤ ਇਕ ਟੋਕਰਾ ਸਬਜ਼ੀ ਦਾ ਮਾਲ ਗੁਦਾਮ ਵਿਚੋਂ ਚੁਕ ਲਿਆਂਦਾ। ਓਦੋਂ ਮਾਲ ਗੁਦਾਮ ਦੇ ਗਿਰਦੇ ਕੰਧ ਦੀ ਵਲਗਣ ਨਹੀਂ ਸੀ ਹੁੰਦੀ।

ਐਤਵਾਰ ਨੂੰ ਜਦੋਂ ਦਰਬਾਰ ਸਾਹਿਬ ਗਏ, ਓਦੋਂ ਮਹੰਤਾਂ ਦੀ ਬਾਦਸ਼ਾਹੀ ਸੀ। ਹੁਣ ਵਾਲੇ ਮੰਝੇਲ ਜੀ ਨੂੰ ਕੋਈ ਨਹੀਂ ਸੀ ਪੁਛਦਾ। ਲੰਗਰ ਵਾਲੀ ਥਾਂ ਬ੍ਰਹਮ ਬੂਟੇ ਦੇ ਅਖਾੜੇ ਥੀਂ ਮੰਜੀ ਸਾਹਿਬ ਤਕ ਬੜੇ ਬੜੇ ਜਟਾਧਾਰੀ ਬਿਭੂਤੀਆਂ ਵਾਲੇ ਸਾਧੂ ਹੋਇਆ ਕਰਦੇ ਸਨ। ਇਥੇ ਹੀ ਸਾਡੀ ਫ਼ੌਜ ਵਿਚੋਂ ਨਾਮ ਕਟਾ.........ਸਿੰਘ ਸਾਧੂ ਬਣਿਆ ਬੈਠਾ ਸੀ। ਉਸ ਤਾਂ ਪਛਾਣ ਲਿਆ, ਪਰ ਅਸਾਂ ਨਾ ਪਛਾਤਾ। ਜਦੋਂ ਹਾਂਡੀਵਾਲ ਪਾਰਟੀ ਲੰਘੀ ਤਦੋਂ ਉਸ ਦਾ ਵੀ ਮਨ ਪਸੀਜ ਆਇਆ। ਧੂਣੀ ਪਾਸ ਲੰਮਾ ਪਿਆ ਉਠ ਕੇ ਬੈਠ ਗਿਆ। ਲਾਲ ਅੱਖਾਂ ਮਟਕਾਂਦੇ ਇਕ ਸੇਠਾਣੀ ਨੂੰ ਹੁਕਮ ਦਿਤਾ। ਟੋਕਰਾ ਵਧੀਆ ਮਿਠਾਈ ਤੇ ਭਰੀ ਹੋਈ ਬਾਲਟੀ ਦੁਧ ਦੀ ਆ ਗਈ। ਨਾਲ ਦੇ ਬੁੰਗੇ ਵਿਚ ਬੈਠ ਸਾਰਿਆਂ ਨੇ ਖੂਬ ਲੇੜ੍ਹ ਕੀਤਾ। ਵਧਦੀ ਸੇਰ ਸੇਰ ਨਾਲ ਬੰਨ੍ਹ ਲਿਆਂਦੀ। ੧੫) ਨਕਦ ਵੀ ਦਿਤੇ, ਮੇਰੀ ਵਲੋਂ ਜਲਸਾ ਕਰਨਾ। ਸਾਡੇ ਸਾਰਿਆਂ

ਦਾ ਜੀਅ ਕਰੇ, ਕਿਉਂ ਨਾ ਅਸੀਂ ਵੀ ਸਭੋ ਇਹੋ ਜਹੇ ਜਟਾਧਾਰੀ ਬਣ ਜਾਈਏ ।

* * * *

ਸਾਡੀ ਭੰਗਣ ਦੀ ਧੀ ਬਦਚਲਨੀ ਦੇ ਕਾਰਨ ਭੰਗੀ ਬਰਾਦਰੀ ਵਿਚੋਂ ਛੇਕ ਦਿਤੀ ਗਈ। ਛਾਵਣੀ ਵਿਚ ਨਾ ਰਹਿ ਸਕੀ, ਗੱਡੀ ਚੜ੍ਹ ਆਈ। ਅਜ ਅਸੀਂ ਉਸ ਪੜਾਉ ਤੇ ਪੁਜੇ ਹੋਏ ਸਾਂ, ਜਿਥੇ ਰੇਲਵੇ ਸਟੇਸ਼ਨ ਹੀ ਸੀ। ਆਬਾਦੀ ਮਾਮੂਲੀ ਜਹੀ ਰਤਾ ਦੁਰਾਡੇ ਸੀ। ਪਰਲੇ ਪਾਸੇ ਇਕ ਬਰਸਾਤੀ ਨਾਲਾ ਬੜਾ ਸੁੰਦਰ ਸੀ। ਅੱਜ ਦੀ ਸੈਰ ਰੇਲਵੇ ਸਟੇਸ਼ਨ, ਹਾਕੀ, ਨਾਲਾ ਅਤੇ ਨਿੱਕਾ ਜਿਹਾ ਪਿੰਡ ਸੀ। ਸਾਰੀਆਂ ਥਾਂਵਾਂ ਨੂੰ ਵੇਖ ਕੇ ਆਂਵਦਿਆਂ ਗੱਡੀ ਸਟੇਸ਼ਨ ਉਪਰ ਆਉਣ ਵਾਲੀ ਸੀ। ਗੱਡੀ ਲੰਘਾ ਕੇ ਜਦੋਂ ਸਟੇਸ਼ਨ ਸਟਾਫ਼ ਦੇ ਕਵਾਰਟਰਾਂ ਪਾਸੋਂ ਲੰਘਣ ਲਗੇ, ਤਾਂ ਨਲਕੇ ਥੀਂ ਪਾਣੀ ਭਰਦੀ 'ਗੁਲਾਬੀ' ਨਜ਼ਰ ਗਈ। ਉਹ ਆਪਣਾ ਪੜਦਾ ਫਾਸ਼ ਹੋਇਆ ਵੇਖ ਪਾਣੀ ਦਾ ਭਾਂਡਾ ਨਲਕੇ ਉਪਰ ਹੀ ਛਡ ਦੌੜ ਗਈ । ਅਸਾਂ ਨਾਲ ਹੀ ਖੇਡਦਿਆਂ ਮੁੰਡਿਆਂ ਪਾਸੋਂ ਪੁਛਿਆ:—

"ਇਹ ਤੀਵੀਂ, ਜਿਹੜੀ ਭਜ ਗਈ ਹੈ, ਕੌਣ ਹੈ ?"

"ਅਮਰ ਨਾਥ ਸ਼ਰਮਾ ਦੀ ਵਹੁਟੀ।"

"ਬਾਬੂ ਨੂੰ ਵਿਆਹਿਆਂ ਕਿੰਨਾ ਚਿਰ ਹੋਇਆ ਹੈ ?"

"ਉਹਨਾਂ ਦਾ ਵਿਆਹ ਸਟੇਸ਼ਨ ਉਪਰ ਹੀ ਹੋਇਆ ਸੀ। ਅਸਾਂ ਵੀ ਲਡੂ ਖਾਧੇ ਸਨ।"

ਹੁਣ ਗੁਲਾਬੀ ਬਾਹਰ ਆ ਗਈ। ਹੱਥ ਜੋੜ ਕੇ ਆਖਣ ਲਗੀ:—

"ਮਹਾਰਾਜ ! ਮਾਫ਼ ਕਰੋ, ਚੁਪ ਕਰਕੇ ਚਲੇ ਜਾਓ।"

"ਅਰੇ ਤੂੰ ਈਹਾਂ ਕੈਸੇ ਆਈ ?"

"ਮੈਂ ਈਹਾਂ ਸ਼ਾਦੀ ਕਰ ਚੁਕੀ ਹੂੰ । ਮੇਰੀ ਇੱਜ਼ਤ ਬਨੀ ਰਹਿਨੇ ਦੋ।"

ਅਸੀਂ ਚੁਪੀਤੇ ਟੁਰ ਪਏ । ਥੋੜੀ ਦੂਰ ਹੀ ਗਏ ਸਾਂ, ਪਿਛੋਂ ਬਾਬੂਆਂ ਦਾ ਟੋਲਾ ਆਣ ਪੁਜਾ। ਅਸੀਂ ਗੁਲਾਬੀ ਦੇ ਮਾਪਿਆਂ ਪਾਸ ਪੁਜ ਕੇ ਸਾਰੀ ਕਹਾਣੀ ਦਸੀ । ਗੁਲਾਬੀ ਉਨ੍ਹਾਂ ਫੜ ਲਿਆਂਦੀ।

ਅਮਰ ਨਾਲ ਸ਼ਰਮੇ ਲਈ ਬੜੀ ਖਿਲੀ ਮਚੀ। ਵਿਚਾਰੇ ਨੂੰ ਗੰਗਾ ਹੋਚ ਕਰਾਉਣਾ ਪੈ ਗਿਆ। ਹਰਦਵਾਰ ਥੀਂ ਉਰੇ ਉਦੋਂ ਸ਼ੁਦੀ ਨਹੀਂ ਸੀ ਹੁੰਦੀ। ਸਾਰੀ ਨਗਰੀ ਦੇ ਪੰਡਤਾਂ ਨੂੰ ਨਵਿਗਰੀ ਦੇਣੀ ਪਈ।

* * * *

ਹਿੰਦੁਸਤਾਨ ਦੇ ਪਿੰਡਾਂ ਵਿਚ ਬਹੁਤੀ ਆਬਾਦੀ ਮੂਲੋਂ ਹੀ ਗ਼ਰੀਬ ਬੰਦਿਆਂ ਦੀ ਹੁੰਦੀ ਹੈ। ਜਾਂ ਤਾਂ ਤਅੱਲਕੇਦਾਰ ਪਿੰਡਾਂ ਦੇ ਮਾਲਕ, ਜਾਂ ਫਿਰ ਹੇਠਾਂ ਉਤਰਕੇ ਪਟਵਾਰੀ, ਦੁਕਾਨਦਾਰ ਤੇ ਸ਼ਾਹੂਕਾਰ ਨਹੀਂ ਤਾਂ ਬਿਨਾਂ ਦਰਵਾਜ਼ਿਆਂ ਦੇ ਨਿਕੇ ਨਿਕੇ ਘਰ, ਕਾਨਿਆਂ ਦੇ ਛਪਰ, ਢੀਂਗਲੀ ਵਾਲੇ ਖੂਹ, ਜ਼ਮੀਨ ਦੇ ਛੋਟੇ ਛੋਟੇ ਟੁਕੜੇ, ਸਿੰਗਾੜਿਆਂ ਦੇ ਤਾਲਾਬ ਤੇ ਖਜੂਰ ਦੇ ਦਰੱਖਤ ਥੀਂ ਖਟ-ਮਿਠੀ ਠੰਡੀ ਤਾੜੀ ਅਤੇ ਮਾਹਿਉਏ ਦੀ ਸ਼ਰਾਬ, ਸਤੂ ਅਤੇ ਚਬੇਨਾ ਇਹੋ ਉਸ ਪਾਸੇ ਦੀਆਂ ਵਡੀਆਂ ਸੁਗਾਤਾਂ ਸਨ।

ਇਤਨੀ ਗਰੀਬੀ ਦੇ ਹੁੰਦਿਆਂ ਵੀ ਸ਼ਾਦੀ ਜਾਂ ਮੌਤ ਸਮੇਂ ਸਾਰੀ ਬਰਾਦਰੀ ਨੂੰ ਜ਼ਰੂਰ ਸ਼ਰਾਬ ਦੇਣੀ ਪੈਂਦੀ। ਦੇਵੀ ਦੀ ਪੂਜਾ ਤੇ ਜਾਗਣ, ਹਨੂਮਾਨ ਅਤੇ ਸ਼ਿਵਜੀ ਦੇ ਪਾਠ ਵੀ ਜ਼ਰੂਰ ਹੁੰਦੇ। ਭਾਵੇਂ ਇਹ ਲੋਕ ਡਾਢੇ ਗਰੀਬ ਹਨ; ਪਰ ਸਾਰੇ ਫੈਸਲੇ ਪੰਚਾਇਤ ਕਰਦੀ ਹੈ। ਮੁਖੀਆ, ਛੜੀ ਬਰਦਾਰ, ਚੌਧਰੀ, ਪੰਚ ਪ੍ਰਮੇਸ਼ਰ ਇਹਨਾਂ ਵਿਚੋਂ ਹੀ ਚੁਣੇ ਜਾਂਦੇ ਅਤੇ ਫਿਰ ਇਹਨਾਂ ਦੇ ਫੈਸਲੇ ਰਬੀ ਫੈਸਲੇ ਵਾਂਗ ਮੰਨੇ ਜਾਂਦੇ।

ਇਹੋ ਜਹੇ ਪਿੰਡ ਦੇ ਨੇੜੇ ਹੀ ਸਾਡਾ ਪੜਾਉ ਸੀ। ਮਹੀਨਾ ਅਧ ਦਸੰਬਰ ਅਤੇ ਝੜੀਆਂ ਲਗੀਆਂ ਹੋਈਆਂ। ਸ਼ਹਿਰ ਰਤਾ ਦੁਰਾਡੇ ਸੀ। ਨੌਂ ਦਾ ਬਿਗਲ ਅਸਾਂ ਰਾਹ ਵਿਚ ਹੀ ਸੁਣਿਆ। ਹੋਰ ਅਧੇ ਘੰਟੇ ਨੂੰ ਪੜਾਉ ਉਪਰ ਪੁਜ ਜਾਣਾ ਸੀ, ਪਰ ਸੜਕ ਦੇ ਇਕਲਵਾਂਝੇ, ਅੰਬ ਤੇ ਜਾਮਨੂੰ ਦੇ ਦਰੱਖਤਾਂ ਦੇ ਪਾਰਲੇ ਪਾਸੇ ਬਲਦੀ ਅੱਗ ਦੀ ਰੌਸ਼ਨੀ ਦੂਰ ਤਕ ਚਾਨਣਾ ਦੇ ਰਹੀ ਸੀ। ਪਿੰਡਾਂ ਦੀਆਂ ਤੀਵੀਆਂ, ਮਰਦ ਤੇ ਬੱਚੇ ਸਭੋ ਹੀ ਘਰਾਂ ਵਿਚੋਂ ਨਿਕਲ ਸਰਦੀ ਨਾਲ ਕੰਬਦੇ ਦਰੱਖਤਾਂ ਹੇਠਾਂ ਕੱਠੇ ਹੋਏ ਹੋਏ ਸਨ ਤੇ ਆਪੋ ਵਿਚ :

"ਹੋ ਨਾ ਹੋ ਕੋਈ ਔਰਤ ਹੀ ਹੈ।"

"ਔਰਤ ਹੋ ਤੋ ਧੋਤੀ ਹੋਤੀ। ਯਿਹ ਤੋ ਪਾਜਾਮਾ ਪਹਿਰੇ ਹੈ।"
"ਅਰੇ ਸ਼ੇਖ ਜੀ ਕੇ ਘਰ ਸੇ ਹੋਗੀ।"
"ਔਰ ਹੌਸਲਾ ਤੋ ਦੇਖੋ! ਕੋਈ ਭੀ ਸਾਥ ਮੇਂ ਨਹੀਂ!"
"ਬੱਚੇ ਕੀ ਖ਼ਾਤਰ ਕਿਆ ਕੁਛ ਨਹੀਂ ਕਰਨਾ ਪੜਤਾ।"
ਹੁਣ ਅਸੀਂ ਵੀ ਇਥੇ ਪੁਜ ਚੁਕੇ ਸਾਂ, ਅਸਾਂ ਪੁਛਿਆ–
"ਅਰੇ ਕਿਆ ਬਾਤ ਹੈ?"
"ਸਰਦਾਰ! ਕੋਈ ਬੇ-ਔਲਾਦ ਔਰਤ ਭੂਤ ਜਗਾ ਰਹੀ ਹੈ।"
"ਇਹ ਆਗ ਕਿਸ ਨੇ ਜਲਾਈ ਹੈ?"
"ਅਜੀ ਅਭੀ ਤੋ ਹਮ ਲੋਗ ਈਹਾਂ ਏਕ ਲੜਕੇ ਕੋ ਜਲਾ ਕਰ ਗਏ ਹੈਂ।"

ਅਸੀਂ ਸਭੋ ਉਸ ਅੱਗ ਵਲ ਨੂੰ ਤੁਰ ਪਏ। ਜਿਉਂ ਜਿਉਂ ਨੇੜੇ ਜਾਂਦੇ ਸਾਂ ਕੋਈ ਬਲਾ ਬਲਦੇ ਅੰਗਿਆਰਾਂ ਉਪਰ ਕੁਝ ਸੇਕ ਸੇਕ ਕੇ ਖਾ ਰਹੀ ਸੀ। ਲੰਮੇ ਲੰਮੇ ਵਾਲ ਉਠਦਿਆਂ, ਤੁਰਦਿਆਂ, ਅੱਗ ਉਰੇ ਕਰਦਿਆਂ, ਅੱਗ ਉਪਰ ਸੇਕਦਿਆਂ, ਕਦੇ ਅਗੇ ਖਿਲਰਦੇ ਅਤੇ ਕਦੇ ਉਸ ਦੇ ਮੂੰਹ ਉਪਰ ਆ ਜਾਂਦੇ। ਉਹ ਸਿਵਿਆਂ ਦੀ ਦੇਵੀ ਫਿਰ ਵਾਲ ਪਿਛੇ ਸਿਟ ਲੈਂਦੀ ਤੇ ਖ਼ੂਬ ਸੇਕ ਸੇਕ ਆਨੰਦ ਵਿਚ ਕੁਝ ਖਾਈ ਜਾਂਦੀ।

ਪਿੰਡ ਦੇ ਲੋਕੀਂ ਦੁਰਾਡੇ ਹੀ ਡਰ ਦੇ ਮਾਰੇ ਖੜੋ ਗਏ। ਸਾਡੇ ਕਦਮਾਂ ਦੀ ਬਿੜਕ ਸੁਣਕੇ ਬੰਤਾ ਸਿੰਘ ਨੇ ਪਿਛੇ ਪਰਤ ਕੇ ਵੇਖਿਆ। ਅਸਾਂ ਤਿੰਨਾਂ ਨੇ ਉਸ ਨੂੰ ਤੇ ਉਸ ਸਾਨੂੰ ਪਛਾਣ ਲਿਆ।

ਦੁਵੱਲੀ ਦੋ ਦੋ ਚਾਰ ਚਾਰ ਸਵਾਦਲੀਆਂ ਗਾਲ੍ਹਾਂ ਦੀਆਂ ਪਿਚ-ਕਾਰੀਆਂ ਛਡੀਆਂ ਗਈਆਂ। ਬੰਤਾ ਸਿੰਘ ਗਾਲ੍ਹ ਕਢਦਿਆਂ ਬੋਲਿਆ:

"............ਦੋ ਹੀ ਕਬੂਤਰ ਮਿਲੇ ਸਨ, ਮੈਂ ਆਖਿਆ, ਚਲੋ ਵਖਤਿਆਂ ਭੁੰਨਕੇ ਆਨੰਦ ਲਈਏ। ਅਧੀਆ, ਅਗੇ ਹੀ ਪਾਸ ਸੀ, ਪਰ ਤੁਸਾਂ ਇਥੇ ਵੀ ਪਿਛਾ ਨਾ ਛਡਿਆ?"

ਸਾਨੂੰ ਆਪੋ ਵਿਚ ਹਸਦਿਆਂ ਤੇ ਗੱਲਾਂ ਕਰਦਿਆਂ ਨੂੰ ਵੇਖ ਪਿੰਡ ਦੇ ਲੋਕੀਂ ਵੀ ਪੁਜ ਚੁਕੇ ਸਨ ਅਤੇ ਜਦੋਂ ਉਨ੍ਹਾਂ ਨੂੰ ਪਤਾ ਲਗਾ ਕਿ ਫੌਜ ਦਾ ਸਿਪਾਹੀ ਬਲਦੀ ਚਿਖਾ ਉਪਰ ਕਬੂਤਰ ਭੁੰਨਕੇ ਰੋਟੀਆਂ ਖਾਂਦਾ ਅਤੇ ਕੇਸ ਹਰੇ ਕਰਦਾ ਹੈ ਤਾਂ ਉਹ ਹੈਰਾਨਗੀ ਵਿਚ ਪਿਛੇ ਪਰਤ ਗਏ।

ਬੰਤਾ ਸਿੰਘ ਦਾ ਨਾਮ ਸਾਰੀ ਫੌਜ ਵਿਚ "ਬੰਤੀ ਭੂਤਨਾ" ਪ੍ਰਸਿਧ ਹੋਇਆ।

# ਹਸਪਤਾਲੀ ਮੁਰਦਾ

ਸਿਪਾਹੀ ਦਾ ਜੀਵਨ, ਦਰਿਆਵਾਂ ਦੇ ਫੇਰ, ਕਦੀ ਸੇਰ ਕਦੀ ਸਰਸਾਹੀ। ਅਜ ਕਲ ਛਾਵਣੀਆਂ ਵਿਚ ਟੱਬਰਦਾਰਾਂ ਦੀਆਂ 'ਘਰੀਆ ਲਾਈਨਾਂ' (Family Quarters) ਵਖਰੀਆਂ ਹਨ। ਜਦੋਂ ਦਾ ਮੈਂ ਜ਼ਿਕਰ ਸ਼ੁਰੂ ਕੀਤਾ ਹੈ, ਉਦੋਂ ਰਸਾਲਿਆਂ ਵਿਚ ਹਰ ਘਰ ਦੇ ਨਾਲ ਵਿਹੜਾ ਭੀ ਮੌਜੂਦ ਸੀ ਅਤੇ ਹਰ ਇਕ ਨੂੰ ਟੱਬਰ ਲਿਆਉਣ ਦੀ ਖੁਲ੍ਹ ਹੁੰਦੀ ਸੀ।

ਸਿਪਾਹਾਨਾ ਜੀਵਨ ਇਕ ਸ਼ਾਨਦਾਰ ਜ਼ਿੰਦਗੀ ਹੈ। ਤੇਜ਼ੀ, ਫੁਰਤੀ, ਸਫ਼ਾਈ, ਤੁਰਨਾ ਫਿਰਨਾ, ਚੁਸਤੀ, ਚਲਾਕੀ, ਰਹਿਣੀ ਬਹਿਣੀ ਹਰ ਇਕ ਗੱਲ ਵਿਚ ਸਿਪਾਹੀ ਆਮ ਬੰਦਿਆਂ ਨਾਲੋਂ ਵੱਖਰਾ ਹੀ ਨਜ਼ਰ ਆਉਂਦਾ ਹੈ। ਨਿਤ ਦੇ ਪ੍ਰੋਗ੍ਰਾਮ ਅਨੁਸਾਰ ਉਸ ਦੀ ਸਿਹਤ, ਖ਼ੁਰਾਕ ਤੇ ਰਿਹਾਇਸ਼ ਦਾ ਖਾਸ ਖ਼ਿਆਲ ਰਖਿਆ ਜਾਂਦਾ ਹੈ। ਇਨ੍ਹਾਂ ਹੀ ਕਾਰਨਾਂ ਕਰਕੇ ਛਾਵਣੀਆਂ ਵਿਚ ਕਦੀ ਵੀ ਹੈਜ਼ਾ, ਤਪਦਿਕ, ਪਲੇਗ, ਮਲੇਰੀਆ ਆਦਿਕ ਛੂਤ ਦੀਆਂ ਬੀਮਾਰੀਆਂ ਨਹੀਂ ਫੈਲਦੀਆਂ।

ਸਵੇਰੇ ਚਾਈਂ ਚਾਈਂ ਜਾਗਣਾ, ਸਾਫ਼ ਟੱਟੀਆਂ, ਸੁਥਰੇ ਗ਼ੁਸਲ-ਖ਼ਾਨੇ, ਚਾਹਟੇ ਪੀ ਪਿਆ ਕੇ ਮੁਛਾਂ ਸਵਾਰ, ਦਸਤਾਰ ਸ਼ਿੰਗਾਰ, ਲਸ਼ ਲਸ਼ ਕਰਦੀ ਸਾਫ਼ ਵਰਦੀ ਪਾ, ਸਿਪਾਹੀ ਪ੍ਰੇਟ ਲਈ ਹਾਜ਼ਰ ਹਨ। ਤਿੰਨ ਚਾਰ ਘੰਟ ਦੀ ਦੌੜ-ਭੱਜ, ਛਾਲਾਂ, ਹਥਿਆਰਾਂ ਦੀ ਮਸ਼ਕ ਤੇ ਹੋਰ ਅਨੇਕਾਂ ਸਿਖਲਾਈਆਂ ਮਗਰੋਂ ਫਿਰ ਮੂੰਹ ਹੱਥ ਧੋ ਸਵਾਰ ਕੇ ਲੰਗਰ ਦਾ ਸਿੱਧਾ ਸਾਦਾ, ਪਰ ਤਾਕਤਵਰ ਭੋਜਨ ਬੜਾ ਹੀ ਮਿੱਠਾ ਅਤੇ ਸਵਾਦੀ।

ਦੋ ਢਾਈ ਘੰਟੇ ਆਰਾਮ, ਤਿੰਨ ਵਜੇ ਫਿਰ ਸਕੂਲ, ਲੈਕਚਰ, ਖ਼ਬਰਾਂ, ਸ਼ਾਮ ਨੂੰ ਖੇਡਾਂ, ਸ਼ਹਿਰ ਦੀ ਸੈਰ, ਗਿਧੇ, ਤਮਾਸ਼ੇ, ਜਲਸੇ, ਗੀਤ, ਫਿਰ ਰਾਤ ਦੀ ਰੋਟੀ ਅਤੇ ਸੌਣ ਥੀਂ ਪਹਿਲਾਂ ਗਿਣਤੀ ਪ੍ਰੇਟ।

ਨਾਈ, ਧੋਬੀ, ਭੰਗੀ, ਬਹਿਸ਼ਤੀ, ਲਾਂਗਰੀ, ਬਾਵਰਚੀ ਇਤਨਾ ਵੱਡਾ ਅਮਲਾ ਮੌਜੂਦ ਹੈ ਕਿ ਸਿਪਾਹੀ ਦਾ ਜੀਵਨ ਸਫ਼ਾਈ ਵਿਚ ਢਲ ਕੇ ਵੇਲੇ ਸਿਰ ਕੰਮ ਕਰਨ ਦਾ ਭਰਪੂਰ ਖ਼ਜ਼ਾਨਾ ਬਣ ਜਾਂਦਾ ਹੈ।

ਇਹੋ ਹੀ ਕਾਰਨ ਹਨ ਕਿ ਫ਼ੌਜ ਵਿਚ ਮੱਛਰਦਾਨੀ ਬਿਨਾਂ ਭੰਗੀ ਤੇ ਬਾਵਰਚੀ ਨੂੰ ਵੀ ਸੌਣ ਦੀ ਆਗਿਆ ਨਹੀਂ। ਮਲੇਰੀਆ ਫੈਲਣ ਥੀਂ ਪਹਿਲਾਂ ਹੀ ਹਫ਼ਤੇ ਵਿਚ ਤਿੰਨ ਵਾਰੀ ਹਰ ਇਕ ਬੰਦੇ ਨੂੰ ਕੁਨੀਨ ਪਿਆਲੀ ਜਾਂਦੀ ਹੈ।

ਇਕ ਵਾਰੀ ਕਿਸੇ ਛਾਵਣੀ ਵਿਚ ਇਕ ਸਿਪਾਹੀ ਆਪਣੇ ਨਾਲ ਛੁਟੀ ਕਟਕੇ ਪਿੰਡ ਥੀਂ ਪਲੇਗ ਲੈ ਆਇਆ, ਪੰਜਵੇਂ ਦਿਨ ਉਸ ਦੀ ਮੌਤ ਹੋ ਗਈ। ਸਾਰੀ ਫੌਜ ਨੂੰ ਲਾਇਨ ਵਿਚੋਂ ਤਿੰਨ ਮਹੀਨੇ ਲਈ ਬਾਹਰ ਮੈਦਾਨ ਵਿਚ ਕੱਢ ਦਿਤਾ ਗਿਆ। ਬਾਕੀ ਛਾਵਣੀ ਨਾਲੋਂ ਆਉਣ ਜਾਣ, ਮਿਲਣ ਮਿਲਾਣ, ਪ੍ਰੇਟ, ਡਿਊਟੀ, ਸ਼ਹਿਰ-ਸਦਰ ਜਾਣਾ ਸਾਰ ਕੁਝ ਹੀ ਬੰਦ ਕਰ ਦਿਤਾ ਗਿਆ। ਸਾਰੀ ਰੈਜਮਿੰਟ ਨਾਲੋਂ ਵੱਖਰੀ ਥਾਂ ਸਾਡੇ ਸਕਾਉਡਰਨ ਨੂੰ ਦੁਰਾਡੇ ਰਖਿਆ ਗਿਆ। ਸਕਾਉਡਰਨ ਥੀਂ ਵਖਰਿਆਂ ਉਸ ਟ੍ਰਪ ਨੂੰ ਅਤੇ ਜਿਸ ਸੈਕਸ਼ਨ ਵਿਚ ਜਵਾਨ ਦੀ ਮੌਤ ਹੋਈ ਸੀ, ਉਸ ਨੂੰ ਹੋਰ ਵੀ ਦੋ ਮੀਲ ਪਰੇ।

ਸਾਰਿਆਂ ਥੀਂ ਪਹਿਲਾਂ ਕੁਆਰਟਰਾਂ ਵਿਚ ਖ਼ੂਬ ਗੰਧਕ ਦੀ ਧੂਣੀ ਦਿਤੀ ਗਈ, ਫਿਰ ਸੈਕਸ਼ਨ ਦੇ ਕੁਲ ਕਮਰਿਆਂ ਦੀਆਂ ਛੱਤਾਂ ਉਤਰਵਾ ਦਿਤੀਆਂ, ਕੰਧਾਂ ਉਪਰੋਂ ਛੀ ਛੀ ਇੰਚ ਪਲੱਸਤਰ ਉੜਰਵਾ ਦਿਤਾ ਅਤੇ ਕੁਲ ਫ਼ਰਸ਼ ਪੁਟਵਾ ਦਿਤੇ ਗਏ। ਪੂਰੇ ਛੀ ਮਹੀਨੇ ਸਾਰੀ ਰੈਜਮਿੰਟ ਦਾ ਕੰਮ ਕਾਜ ਅਤੇ ਛੁਟੀ ਬਿਲਕੁਲ ਬੰਦ ਰਹੇ। ਸਾਡਾ ਕਰਨਲ ਦਸਿਆ ਕਰਦਾ ਸੀ "ਕਿ ਇਕ ਵਾਰੀ ਲੰਡਨ ਵਿਚ ਪਲੇਗ ਪੈ ਗਈ, ਬੇ-ਓੜਕ ਮੌਤਾਂ ਹੋਈਆਂ, ਅਖ਼ੀਰ ਸਾਰਾ ਸ਼ਹਿਰ ਖਾਲੀ ਹੋ ਗਿਆ, ਜਦੋਂ ਮੁੜ ਕੇ ਬੰਦੇ ਸ਼ਹਿਰ ਵਿਚ ਆਏ ਤਾਂ ਲੰਡਨ ਦੀਆਂ ਸ਼ਾਹਾਨਾ ਸੜਕਾਂ ਉਪਰ ਲੱਕ ਲੱਕ ਘਾਹ ਉਗ ਚੁਕਿਆ ਸੀ। ਉਸ ਥੀਂ ਮਗਰੋਂ ਗੁੰਜਾਨ ਮਕਾਨਾਂ ਨੂੰ ਮੁੜ ਕੇ ਇਸ ਤਰਤੀਬ ਨਾਲ ਬਣਾਇਆ ਗਿਆ ਕਿ ਮੁੜ ਅਜ ਤਕ ਬੀਮਾਰੀ ਨਹੀਂ ਪਈ। ਹੁਣ ਸਫ਼ਾਈ, ਰੌਸ਼ਨੀ, ਰਿਹਾਇਸ਼ ਦਾ ਬੜਾ ਹੀ ਚੰਗਾ ਪ੍ਰਬੰਧ ਹੈ ਅਤੇ ਉਸੇ ਹੀ ਸਮੇਂ ਥੀਂ ਲੰਡਨ ਜਹੇ ਸ਼ਹਿਰ ਦੇ ਵਿਚਕਾਰ ਬੜੀ ਵਿਥ ਉਪਰ ਥਾਉਂ ਥਾਈਂ ਅਨੇਕਾਂ ਸੈਰ-ਗਾਹਾਂ, ਪਾਰਕਾਂ ਅਤੇ ਬਾਗ਼ ਮੌਜੂਦ ਹਨ। ਲੰਡਨ ਦੀ ਖ਼ੁਸ਼ਹਾਲੀ ਦੇ ਨਾਲ ਨਾਲ ਹੀ ਤੰਦਰੁਸਤੀ ਦਾ ਵੀ ਕਾਫ਼ੀ ਖ਼ਿਆਲ ਰਖਿਆ ਜਾਂਦਾ ਹੈ। * * *

ਘਰੀਆ ਲਾਈਨ ਦੀਆਂ ਤ੍ਰੀਮਤਾਂ ਨੂੰ ਕੇਵਲ ਰਾਤ ਵੇਲੇ ਹੀ ਫਿਰਨ ਜਾਂ ਸੈਰ ਕਰਨ ਦੀ ਆਗਿਆ ਹੈ। ਦਿਨੇ ਕਿਸੇ ਤ੍ਰੀਮਤ ਦਾ ਕੋਈ ਹੱਕ ਨਹੀਂ ਕਿ ਕਿਸੇ ਦੂਜੀ ਤ੍ਰੀਮਤ ਦੇ ਘਰ ਜਾ ਸਕੇ। ਪਰਦੇ ਦੀ ਬੜੀ ਹੀ ਪਾਬੰਦੀ ਹੈ। ਸ਼ਾਇਦ ਇਥੋਂ ਹੀ ਤਲੰਗ-ਪੁਣਾ ਪ੍ਰਗਟ ਹੋਇਆ ਹੋਵੇ। ਉਦੋਂ ਜਿਸ ਵਿਸਾਖੀ ਨੂੰ ਅਸੀਂ ਪੰਜ ਛੀ ਟੱਬਰ-ਦਾਰ ਸ਼ਿਕਾਰ ਪੁਰ ਸੈਰ ਕਰਨ ਗਏ, ਸਾਧ ਬੇਲਾ ਤੇ ਰੋੜ੍ਹੀ ਦਾ ਪੁਲ ਵੇਖਣ ਨੂੰ ਬੜਾ ਦਿਲ ਕਰਦਾ ਸੀ। ਬੇੜੀਆਂ ਵਿਚ ਬੈਠ ਕੇ ਸਤੀਆਂ ਦੀ ਥਾਂ ਵੀ ਵੇਖੀ। ਆਖਦੇ ਨੇ ਏਥੇ ਸ੍ਰੀ ਗੁਰੂ ਨਾਨਕ ਦੇਵ ਜੀ ਮੱਛੀ ਉਪਰ ਸਵਾਰ ਹੋ ਕੇ ਕਿਸੇ ਫ਼ਕੀਰ ਨੂੰ ਮਿਲਣ ਗਏ ਸਨ। ਇਹ ਥਾਂ ਬਿਲਕੁਲ ਦਰਿਆ ਦੇ ਵਿਚਾਲੇ ਬਣੀ ਹੋਈ ਹੈ। ਹੁਣ ਦਾ ਪਤਾ ਨਹੀਂ ਉਦੋਂ ਬੇੜੀ ਵਿਚ ਬਹਿ ਕੇ ਜਾਣਾ ਪੈਂਦਾ ਸੀ। ਇਹੋ ਸੀ ਸਾਧ ਬੇਲਾ। ਤਿੰਨ ਟਾਂਗੇ ਮੰਗਵਾ ਕੇ ਉਹਨਾਂ ਦੇ ਚਵ੍ਹੀਂ ਪਾਸੀਂ ਪਰਦੇ ਲਈ ਖ਼ੂਬ ਚਾਦਰਾਂ ਤਾਣੀਆਂ ਗਈਆਂ, ਗੱਡੀ ਇਕ ਵਜੇ ਚਲਦੀ ਸੀ, ਘਰੋਂ ਹੀ ਰਾਤ ਲਈ ਖ਼ੂਬ ਪਰਾਉਂਠੇ ਅਤੇ ਭੁੰਨਿਆ ਹੋਇਆ ਮਹਾਂ ਪ੍ਰਸ਼ਾਦ ਤਿਆਰ ਹੋ ਗਿਆ। ਹਰ ਇਕ ਚੀਜ਼ ਬੜੀ ਸੰਭਾਲ ਕੇ ਟਾਂਗੇ ਵਿਚ ਰਖੀ, ਫਿਰ ਰੇਲ ਵਿਚ ਸਵਾਰ ਹੋਏ ਤੇ ਸ਼ਿਕਾਰ ਪੁਰ ਛੀ ਵਜੇ ਜਾ ਪੁਜੇ। ਜਦੋਂ ਸਾਰੀ ਪਾਰਟੀ ਦਰਿਆ ਦੇ ਕਿਨਾਰੇ ਅੰਨ-ਪਾਣੀ ਛਕਣ ਲਈ ਬੈਠੀ ਤਾਂ ਪੰਜਾਂ ਹੀ ਪਿਤਲ ਦਿਆਂ ਡਬਿਆਂ ਵਿਚ ਪਰਾਉਂਠਿਆਂ ਅਤੇ ਮਾਂਹ ਪ੍ਰਸ਼ਾਦ ਦੀ ਥਾਂ ਗੋਹਾ, ਲਿਦ, ਵੱਟੇ ਭਰੇ ਪਏ ਸਨ। ਇਹ ਛੜੇ ਸਿਪਾਹੀਆਂ ਦੀ ਕਰਤੂਤ ਸੀ। ਘਰੀਆ ਲਾਇਨ ਵਿਚੋਂ ਟੱਬਰਦਾਰਾਂ ਦੇ ਮੁੰਡੇ ਜਿੰਨਾਂ ਚਿਰ ਰੋਟੀਆਂ ਅਤੇ ਨਿਕ ਸੁਕ ਲਿਆਉਂਦੇ ਰਹੇ ਸਨ, ਤੀਵੀਂਆਂ ਦੇ ਆਵਣ ਥੀਂ ਪਹਿਲਾਂ ਉਹਨਾਂ ਪਰਾਉਂਠੇ ਤੇ ਮਹਾਂ ਪ੍ਰਸ਼ਾਦ ਕੱਢ ਕੇ ਹੋਰ ਚੀਜ਼ਾਂ ਭਰ ਦਿਤੀਆਂ ਸਨ। ਛੜੇ ਵੀ ਹਟਾਂਦੇ ਸਨ। ਖ਼ੂਬ ਖਿਲੀ ਮਚੀ। ਕਿਸੇ ਨੇ ਕਿਸੇ ਉੱਪਰ ਸ਼ਕ ਕੀਤਾ, ਕਿਸੇ ਨੇ ਕਿਸੇ ਨੂੰ ਗਾਲ੍ਹਾਂ ਦਿਤੀਆਂ। ਸਾਧ ਬੇਲੇ ਕੇਵਲ ਇਕ ਵੇਲੇ ਹੀ ਭੋਜਨ ਤਿਆਰ ਹੁੰਦਾ ਹੈ, ਦਿਨ ਦੇ ਦੋ ਵਜੇ। ਅਖੀਰ ਬਜ਼ਾਰੋਂ ਮਿਠਾਈ ਫਲ ਲਿਆਂਦੇ ਤੇ ਉਦਰ-ਪੂਰਨਾ ਹੋਈ। ਅਜ ਦਾ ਪਤਾ ਨਹੀਂ ਸ਼ਿਕਾਰ ਪੁਰ ਕੋਈ ਵੀ ਓਦੋਂ ਝਟਕੇ ਦੀ ਦੁਕਾਨ ਨਹੀਂ ਸੀ। ਸਿੰਧੀ ਆਮ ਕਰਕੇ ਹਲਾਲ ਹੀ ਖਾਂਦੇ ਸਨ। ਸ਼ਿਕਾਰ ਪੁਰੋਂ ਮੁੜੇ ਤਾਂ

ਲਾਇਨ ਵਿਚ ਵੜਦਿਆਂ ਹੀ ਫਿਰ ਇਕ ਵਾਰੀ ਹਾਸਾ ਮੱਚਿਆ ਤੇ ਚਵਾਂ ਪਾਸਿਆਂ ਵਲੋਂ ਪਰਾਉਂਠੇ ਅਤੇ ਮਹਾਂ ਪ੍ਰਸ਼ਾਦ ਦੀਆਂ ਚਾਂਗਰਾਂ ਪਈਆਂ।

ਇਕ ਵਾਰੀ ਰਾਤ ਨੂੰ ਤੀਵੀਂਆਂ ਦਾ ਟੋਲਾ ਉਹ ਥਾਂ ਵੇਖਣ ਤੁਰ ਪਿਆ ਜਿਥੇ ਚਾਂਦ-ਮਾਰੀ ਹੁੰਦੀ ਹੈ। ਇਹ ਥਾਂ ਵੇਖਣ ਲਈ ਨਾਲ ਵਾਲੀ ਪਲਟਨ ਦੀ ਪੇਟ ਵਿਚੋਂ ਲੰਘ ਕੇ ਜਾਣਾ ਪੈਂਦਾ ਸੀ, ਇਹੋ ਰਾਹ ਨੇੜੇ ਸੀ। ਤੀਵੀਆਂ ਦੇ ਨਾਲ ਜਿਹੜਾ ਸਿਪਾਹੀ ਸੀ, ਟਬਰਦਾਰ ਹੀ ਸੀ, ਉਸ ਨੇ ਬੜਾ ਮਨ੍ਹਾ ਕੀਤਾ, ਰੋਕਿਆ ਕਿ ਫਿਰ ਕਿਸੇ ਦਿਨ ਲੈ ਚਲਾਂਗਾ। ਚਾਂਦ-ਮਾਰੀ ਦੀ ਥਾਂ ਕਾਫੀ ਦੂਰ ਹੈ, ਫਿਰ ਪਲਟਨ ਵਿਚੋਂ ਲੰਘ ਕੇ ਜਾਣਾ ਪੈਂਦਾ ਹੈ, ਕੀ ਜਾਣੀਏ ਕੋਈ ਸ਼ਰਾਰਤ ਹੀ ਹੋ ਜਾਏ। ਤੁਸੀਂ ਸਾਰੀਆਂ ਤੀਵੀਂਆਂ ਹੋ ਅਤੇ ਮੈਂ ਇਕੱਲਾ ਹਾਂ। ਭਲਕੇ ਅਸੀਂ ਚਾਰ ਪੰਜ ਨਾਲ ਹੋ ਤੁਰਾਂਗੇ। ਹੌਲਦਾਰਨੀ ਬੋਲੀ:–

"ਲੈ ਖਾਂ, ਮੈਂ ਜੁ ਨਾਲ ਹਾਂ।"

"ਤੇ ਅਸੀਂ ਕਿਹੜੀਆਂ ਕਿਸੇ ਪਾਸੋਂ ਡਰਨ ਵਾਲੀਆਂ ਹਾਂ ?"

ਰਾਮ ਸਿੰਘ ਨੇ ਸੋਚਿਆ, ਇਹਨਾਂ ਮੁੜਨਾ ਤਾਂ ਹੈ ਨਹੀਂ, ਮੈਂ ਦੋ ਸਿਪਾਹੀ ਹੋਰ ਬੁਲਾ ਲਿਆਵਾਂ।

ਤੀਵੀਆਂ ਨੂੰ ਉਸ ਸੜਕ ਦੇ ਪਾਰਲੇ ਕੰਢੇ ਖਲੋਣ ਲਈ ਆਖਿਆ ਅਤੇ ਆਪ ਫਿਰ ਲਾਇਨ ਵਿਚ ਦੋ ਹੋਰ ਟੱਬਰਦਾਰਾਂ ਨੂੰ ਨਾਲ ਲਿਜਾਣ ਲਈ ਮੁੜ ਪਿਆ: ਪਰ ਜਦੋਂ ਨੂੰ ਉਹ ਤਿੰਨੇ ਫਿਰ ਮੁੜ ਕੇ ਉਥੇ ਆਏ, ਤੀਵੀਆਂ ਦੂਰ ਫ਼ਾਸਲੇ ਉਪਰ ਜਾਂਦੀਆਂ ਦਿਸੀਆਂ। ਰਾਤ ਬੜੀ ਹੀ ਚਾਨਣੀ ਸੀ ਅਤੇ ਸਾਫ਼ ਦਿਸ ਰਿਹਾ ਸੀ ਕਿ ਹੌਲਦਾਰਨੀ ਸਾਰਿਆਂ ਥੀਂ ਅਗੇ ਅਗੇ ਤੁਰੀ ਜਾ ਰਹੀ ਹੈ––ਫੌਜ ਦੇ ਜਰਨੈਲ ਵਾਂਗੂੰ।

ਤਿੰਨਾਂ ਸਿਪਾਹੀਆਂ ਵਿਚੋਂ ਇਕ ਲੰਬੀ ਦੌੜ ਲਾ ਕੇ ਪਾਸੇ ਵਲੋਂ ਅਗੇ ਹੀ ਚਾਂਦਮਾਰੀ ਦੇ ਦਮਦਮੇ ਉਪਰ ਪੁਜ ਗਿਆ। ਖਿੜੀ ਹੋਈ ਚਾਨਣੀ, ਖੁਲ੍ਹਾ ਮੈਦਾਨ, ਸਿਪਾਹੀ ਨੇ ਕੇਸ ਖੋਲ੍ਹ ਦਿਤੇ ਅਤੇ ਲੰਮ-ਸਲੰਮਾ ਮੈਦਾਨ ਵਿਚ ਨੰਗ-ਭੜੰਗਾ ਲੇਟ ਗਿਆ। ਤੀਵੀਂਆਂ ਨੇ, ਜਿਹੜੀਆਂ ਕਈ ਵਾਰੀ ਡਰ ਦੀਆਂ ਮਾਰੀਆਂ ਪਿਛੇ ਵੀ ਮੁੜ ਮੁੜ ਕੇ ਵੇਖ ਲੈਂਦੀਆਂ ਸਨ, ਹੁਣ ਇਸ ਲਾਸ਼ ਪਈ ਹੋਈ ਦਾ ਰਾਹ ਛਡ ਕੇ, ਦੂਜਾ ਖਬੇ ਪਾਸੇ ਵਾਲਾ ਰਾਹ ਫੜ ਲਿਆ, ਜਦੋਂ ਕਿਸੇ ਨੇ ਵਿਚਾਲਿਓਂ

ਆਖਿਆ:–

"ਭੈਣ ! ਔਹ ਵੇਖੇਂ ਨਾ, ਧਰਤੀ ਉਪਰ ਮੁਰਦਾ !"

ਦੂਜੀ ਬੋਲੀ:–

"ਜਿਵੇਂ ਕੋਈ ਆਦਮੀ ਮਰਿਆ ਪਿਆ ਹੋਵੇ ।"

ਪਰ ਹੌਲਦਾਰਨੀ ਨੇ ਦਲੇਰੀ ਨਾਲ ਆਖਿਆ:–

"ਇਹ ਰੰਗਰੂਟਾਂ ਦੀ ਸਿਖਲਾਈ ਵਾਸਤੇ ਬੋਰੀਆਂ ਦੇ ਭਰੇ ਹੋਏ ਮੁਰਦੇ ਹੁੰਦੇ ਹਨ, ਜਿਨ੍ਹਾਂ ਨੂੰ ਰੰਗਰੂਟ ਸੰਗੀਨਾਂ ਮਾਰਨੀਆਂ ਸਿਖਦੇ ਅਤੇ ਫਿਰ ਇਹਨਾਂ ਨੂੰ ਹੀ ਚੁਕ ਚੁਕ ਕੇ ਕੰਧਾਂ ਉਪਰ ਚੜ੍ਹਦੇ, ਰਸੇ ਟਪਦੇ, ਖਾਈਆਂ ਥੀਂ ਲੰਘਦੇ, ਜਾਣੋਂ ਕਈ ਮਸ਼ਕਾਂ ਕਰਦੇ ਹਨ ।"

ਅਸਲ ਵਿਚ ਹੌਲਦਾਰਨੀ ਨੂੰ ਉਸ ਦੇ ਪਤੀ ਜੀ ਮਹਾਰਾਜ ਇਹ ਸਾਰੀਆਂ ਕਹਾਣੀਆਂ ਸੁਣਾਉਂਦੇ ਹੋਣਗੇ। ਭਾਵੇਂ ਹੌਲਦਾਰਨੀ ਵੀ ਤੁਰੀ ਜਾਂਦੀ ਸੀ, ਪਰ ਦਿਲ ਉਸ ਦਾ ਵੀ ਧੜਕ ਰਿਹਾ ਸੀ। ਉਹ ਆਖ ਰਹੀ ਸੀ:–

'ਡਰਨ ਵਾਲੀ ਕੋਈ ਗਲ ਨਹੀਂ, ਤੁਰੀਆਂ ਆਓ ਖਾਂ ਮੇਰੇ ਮਗਰੇ ਮਗਰੇ !"

ਹੁਣ ਲੰਬੇ ਪਏ "ਅਮਰੀਕ" ਨੇ ਚਾਂਗਰਾਂ ਮਾਰੀਆਂ, ਫਿਰ ਹਥ ਹਿਲਾਏ, ਟੰਗਾਂ ਉਪਰ ਕੀਤੀਆਂ, ਫਿਰ ਪਾਗ਼ਲਾਂ ਵਾਂਗ ਗਿਦੜ ਦੀਆਂ ਬੋਲੀਆਂ ਬੋਲਦਾ ਤੀਵੀਂਆਂ ਵਲ ਨੂੰ ਮੁੜਿਆ ।

ਹੌਲਦਾਰਨੀ ਨੇ ਆਖਿਆ:–

"ਆ ਖਾਂ । ਸਾਡੇ ਨੇੜੇ ! ਕੌਣ ਹੈਂ ਤੂੰ ?"

ਅਮਰੀਕ ਸਿੰਘ ਸਿਰ ਦੇ ਵਾਲ ਖਿਲਾਰੀ ਜਦੋਂ ਤੀਵੀਆਂ ਵਲ ਵਧਿਆ ਤਾਂ ਨੇੜੇ ਆਉਂਦੇ ਜਿੰਨ ਭੂਤ ਨੂੰ ਵੇਖ ਹੌਲਦਾਰਨੀ ਦੇ ਵੀ ਪੈਰ ਉਖੜ ਗਏ । ਬਾਕੀ ਤੀਵੀਂਆਂ ਪਹਿਲਾਂ ਹੀ ਹੌਲਦਾਰਨੀ ਥੀਂ ਦੁਰਾਡੇ ਘਰ ਵਲ ਨੂੰ ਭੱਜਣ ਲਈ ਤਿਆਰ ਖਲੋਤੀਆਂ ਸਨ । ਮਿੰਟਾਂ ਵਿਚ ਸਾਰੀ ਜ਼ਨਾਨਾ-ਪਲਟਨ ਉਹਨਾਂ ਮੋਰਚਿਆਂ, ਖਾਈਆਂ ਅਤੇ ਰੁਕਾਵਟਾਂ ਵਲ ਨੂੰ ਭੱਜੀ, ਜਿਧਰ ਨੂੰ ਪਲਟਨ ਦੇ ਰੰਗਰੂਟਾਂ ਲਈ ਸਾਰਾ ਕੁਝ ਮੌਜੂਦ ਸੀ । ਅਗੇ ਅਗੇ ਤੀਵੀਂਆਂ, ਪਿਛੇ ਹੌਲਦਾਰਨੀ ਤੇ ਸਾਰਿਆਂ ਥੀਂ ਪਿਛੇ ਅਮਰੀਕ ਚਾਂਗਰਾਂ ਮਾਰਦਾ, ਖੁਲ੍ਹੇ ਕੇਸ ਗਲ ਵਿਚ ਪਾਈ । ਭਜਦੀਆਂ, ਡਿਗਦੀਆਂ, ਖਾਈਆਂ ਟਪਦੀਆਂ ਜਦੋਂ

ਸੜਕ ਦੇ ਕਿਨਾਰੇ ਪੁਜੀਆਂ ਤਾਂ ਅਗੇ ਰਾਮ ਸਿੰਘ ਤੇ ਉਸ ਦੇ ਸਾਥੀ ਖੜੋਤੇ ਵੇਖ, ਸਾਰੀਆਂ ਭਰੀਆਂ ਪੀਤੀਆਂ, ਸਾਹ ਚੜ੍ਹੇ ਹੋਏ, ਸੜਕ ਉਪਰ ਆਣ ਕੇ ਡਿਗ ਪਈਆਂ ਅਤੇ ਕਿਤਨਾ ਹੀ ਚਿਰ ਪਈਆਂ ਰਹੀਆਂ। ਹੁਣ ਬਹੁਤਾ ਚਿਰ ਹੋ ਜਾਣ ਕਰਕੇ ਬਾਕੀ ਕਬੀਲਦਾਰ ਭੀ ਆ ਚੁਕੇ ਸਨ ਅਤੇ ਜਦੋਂ ਪਤਾ ਲਗਾ ਕਿ ਬਿਸ਼ਨੀ ਦੇ ਘਰ ਵਾਲਾ ਅਮਰੀਕ ਸਿੰਘ ਹੀ ਇਸ ਸਾਰੀ ਸ਼ਰਾਰਤ ਦਾ ਮਾਲਕ ਸੀ ਤਾਂ ਸਾਰੀ ਲਾਇਨ ਵਿਚ ਖੂਬ ਖਿਲੀ ਮਚੀ ਤੇ ਕਈ ਮਹੀਨੇ ਤੀਵੀਂਆਂ ਦੀ ਦੌੜ ਤੇ ਹੌਲਦਾਰਨੀ ਦੀ ਦਲ਼ੇਰੀ ਦਾ ਚਰਚਾ ਰਿਹਾ।

ਅਜ ਕਲ੍ਹ ਤਾਂ ਹਰ ਛਾਵਣੀ ਵਿਚ ਇੰਡੀਅਨ ਸਟੇਸ਼ਨ ਹਸਪਤਾਲ ਹਨ, ਪਰ ਓਦੋਂ ਹਰ ਫੌਜ ਦਾ ਆਪਣਾ ਵੱਖਰਾ ਹੀ ਹਸਪਤਾਲ ਹੋਇਆ ਕਰਦਾ ਸੀ। ਇਸ ਹਸਪਤਾਲ ਦੇ ਨਾਲ ਹੀ ਇਕ ਵਡਾ ਸਿਹਨ ਅਤੇ ਸੁੰਦਰ ਬਾਗ਼ ਸੀ। ਮਹਿਰਾਬਾਂ ਦੀਆਂ ਡਾਟਾਂ ਉਪਰ ਇਸ਼ਕਪੇਚੇ ਦੀਆਂ ਵੇਲਾਂ ਨੇ ਡਾਢੀ ਬਹਾਰ ਬਣਾਈ ਸੀ। ਗਮਲਿਆਂ ਵਿਚ ਬੜੇ ਸੁੰਦਰ ਸੁਗੰਧੀ ਭਰੇ ਫੁਲ ਸਨ। ਡਾਕਟਰ ਦਾ ਬੰਗਲਾ ਤੇ ਹਸਪਤਾਲ ਦੇ ਨੌਕਰਾਂ ਦੀਆਂ ਕੋਠੀਆਂ ਦੀ ਲਾਇਨ ਵੀ ਬਗ਼ੀਚੇ ਦੇ ਪਰਲੇ ਕਿਨਾਰੇ ਦੂਰੋਂ ਹੀ ਦਿਸਦੀ ਸੀ। ਬਾਗ਼ ਦੇ ਵਿਹੜੇ ਵਿਚ ਖੂਹ ਸੀ, ਜਿਸ ਦਾ ਪਾਣੀ ਕੱਢਣ ਅਤੇ ਬਾਗ਼ ਨੂੰ ਪਾਣੀ ਦੇਣ ਲਈ ਹਰ ਰੋਜ਼ ਊਠ ਜੋਇਆ ਜਾਂਦਾ ਸੀ। ਇਸ ਸਾਰੀ ਬਣਤਰ ਵਿਚ ਮੁਰਦੇਖਾਨਾ ਅਤੇ ਓਪਰੇਸ਼ਨ ਰੂਮ ਨਹੀਂ ਸਨ। ਜਦੋਂ ਕਦੇ ਵੀ ਕੋਈ ਭੁਲ ਭੁਲੇਖੇ ਮੌਤ ਹੋ ਜਾਂਦੀ ਤਾਂ ਉਸ ਨੂੰ ਉਸੇ ਵੇਲੇ ਫੂਕ ਜਾਂ ਦਫਨਾ ਦਿਤਾ ਜਾਂਦਾ, ਪਰ ਹਿੰਮਤੂ ਲਾਂਗਰੀ ਜਿਹੜਾ ਕਿਤਨੇ ਚਿਰਾਂ ਦਾ ਬੀਮਾਰ ਸੀ, ਰਾਤ ਦੇ ਨੌਂ ਵਜੇ ਗੁਜ਼ਰ ਗਿਆ। ਲਾਇਨ ਵਿਚ ਗਿਣਤੀ ਹੋ ਰਹੀ ਸੀ, ਜਦੋਂ ਹਸਪਤਾਲ ਦਾ ਅਰਦਲੀ ਆਇਆ ਤੇ ਕੋਤ ਦਫੇਦਾਰ ਨੂੰ ਆਖਿਆ :-

"ਹਿੰਮਤੂ ਲਾਂਗਰੀ ਦਾ ਮੁਰਦਾ ਬਰਾਂਡੇ ਵਿਚ ਰੱਖ ਦਿਤਾ ਗਿਆ ਹੈ। ਰਾਤ ਦੀ ਰਾਖੀ ਲਈ ਉਸ ਦੇ ਪਾਸ ਕੋਈ ਜਵਾਨ ਘਲੋ, ਮਤਾਂ ਗਿੱਦੜ ਹੀ ਖਾ ਜਾਣ।"

ਕੋਤ ਦਫੇਦਾਰ ਨੇ ਕਈਆਂ ਨੂੰ ਆਖਿਆ : ਕੋਈ ਆਖੇ ਸਿਰ ਪੀੜ ਹੈ, ਕੋਈ ਆਖੇ ਡਰ ਲਗਦਾ ਹੈ, ਕੋਈ ਆਖੇ ਹਿੰਮਤੂ ਭੂਤਣਾ

ਸੀ, ਉਹ ਦੇਵੀ ਦੇ ਟੂਣੇ ਕਰਦਾ ਹੁੰਦਾ ਸੀ। ਅਖ਼ੀਰ ਕੋਤ ਦਫ਼ੇਦਾਰ ਬੋਲਿਆ :

"ਜਿਹੜਾ ਇਕ ਰਾਤ ਹਿੰਮਤੂ ਦੇ ਪਾਸ ਕਟੇਗਾ, ਉਸ ਨੂੰ ਹੋਰ ਥਾਂ ਦੀਆਂ ਚਾਰ ਡਿਊਟੀਆਂ ਮਾਫ਼ ਕਰ ਦਿਤੀਆਂ ਜਾਣਗੀਆਂ ?"

ਅਮਰੀਕ ਸਿੰਘ ਆਣ ਖੜੋਤਾ, ਸਾਰੇ ਖਿਲ-ਖਿਲਾ ਕੇ ਹੱਸ ਪਏ, ਵਾਹ ਭਈ ਵਾਹ ! ਮੁਕਾਬਲਾ ਸਖ਼ਤ ਹੈ। ਭੂਤਨੇ ਨੂੰ ਭੂਤਨਾ ਹੀ ਕਾਬੂ ਕਰ ਸਕਦਾ ਹੈ। ਪਰਸੋਂ ਹੀ ਤਾਂ ਅਮਰੀਕ ਭੂਤਨਾ, ਤੀਵੀਆਂ ਨੂੰ ਚਮੜਿਆ ਸੀ, ਅਜ ਜ਼ਰੂਰ ਹਿੰਮਤੂ ਨੂੰ ਚਮੜੇਗਾ।

ਹਸਪਤਾਲ ਦੇ ਅਰਦਲੀ ਨੇ ਆਖਿਆ :–

"ਬਿਸਤਰਾ ਅਤੇ ਲੈਂਪ ਨਾਲ ਚਾਹੀਦਾ ਹੈ, ਮੰਜਾ ਹਸਪਤਾਲ ਵਿਚੋਂ ਮੈਂ ਦਿਆਂਗਾ, ਹਿੰਮਤੂ ਦਾ ਮੰਜਾ ਬਾਹਰ ਬਰਾਂਡੇ ਵਿਚ ਹੀ ਧਰਿਆ ਹੈ।"

* * * *

ਗਿਣਤੀ ਮੁੱਕੀ, ਸਭੇ ਘਰੋ ਘਰੀ ਤੁਰ ਗਏ। ਅਮਰੀਕ ਸਿੰਘ ਬਿਸਤ੍ਰਾ ਤੇ ਲੈਂਪ ਲੈ ਅਰਦਲੀ ਦੇ ਨਾਲ ਹਸਪਤਾਲ ਜਾ ਪੁਜਾ। ਆਪਣਾ ਮੰਜਾ ਮੁਰਦੇ ਥੀਂ ਚੋਖੀ ਵਿਥ ਉਪਰ ਵਿਛਾ ਕੇ ਅਮਰੀਕ ਸਿੰਘ ਨੇ ਲੈਂਪ ਫੜ ਕੇ ਹਿੰਮਤੂ ਦੇ ਮੂੰਹ ਥੀਂ ਹਸਪਤਾਲੀ ਚਿੱਟੀ ਚਾਦਰ ਲਾਹੀ। ਉਸ ਦੀਆਂ ਅੱਖਾਂ ਖੁਲ੍ਹੀਆਂ ਹੋਈਆਂ ਸਨ, ਨੱਕ ਤੇ ਜੀਭ ਉਪਰ ਥੋੜਾ ਜਿਹਾ ਖ਼ੂਨ ਸੀ। ਚਿਟੇ ਦੰਦ ਇਉਂ ਦਿਸਦੇ ਸਨ, ਜਾਣੋਂ ਹੁਣ ਵੀ ਹੱਸ ਰਿਹਾ ਹੈ। ਇਕ ਗੋਡਾ ਉਪਰ ਨੂੰ ਚੁਕਿਆ ਹੋਇਆ ਉਥੇ ਹੀ ਸੁਕ ਗਿਆ ਸੀ। ਇਕ ਹੱਥ ਛਾਤੀ ਉਪਰ ਤੇ ਦੂਜਾ ਸਿਰ ਹੇਠਾਂ ਆਕੜ ਚੁਕਿਆ ਸੀ।

ਮੁਰਦੇ ਦੇ ਪਾਸ ਸੌਣ ਦਾ ਇਹੋ ਮਤਲਬ ਹੈ ਕਿ ਰਾਤ ਨੂੰ ਕੋਈ ਜਾਨਵਰ ਇਸ ਨੂੰ ਘਸੀਟ ਹੀ ਨਾ ਲਿਜਾਵੇ, ਕਿਉਂ ਜੁ ਹਸਪਤਾਲ ਬਾਹਰਲੇ ਪਾਸੇ ਸੀ।

ਲੈਂਪ ਮੁਰਦੇ ਦੇ ਪਾਸ ਰਖ ਕੇ ਅਮਰੀਕ ਸਿੰਘ ਕੁਝ ਚਿਰ ਜਾਗਦਾ ਰਿਹਾ। ਉਸ ਦੇ ਦਿਲ ਵਿਚ ਕਈ ਖ਼ਿਆਲ ਆਏ: ਮਰ ਕੇ ਕਿਥੇ

ਜਾਈਦਾ ਹੈ, ਮੌਤ ਕੀ ਚੀਜ਼ ਹੈ, ਇਸ ਦੀ ਵਹੁਟੀ, ਬਚੇ, ਮਾਪੇ, ਮੁਰਦੇ ਜਿੰਨ ਭੂਤ ਵੀ ਬਣਦੇ ਹਨ। ਹਿੰਮਤੂ ਟੂਣੇ ਜਾਦੂ ਵੀ ਕਰਦਾ ਸੀ। ਕਦੇ ਮੈਂ ਵੀ ਮਰਾਂਗਾ, ਇਹਨਾਂ ਹੀ ਖ਼ਿਆਲਾਂ ਵਿਚ ਅਖ ਲਗ ਗਈ। ਅਮਰੀਕ ਸਿੰਘ ਨੇ ਵੇਖਿਆ, ਮੁਰਦਾ ਉਠ ਖੜੋਤਾ ਹੈ, ਉਸ ਦੇ ਦੰਦ ਬੜੇ ਲੰਬੇ ਅਤੇ ਤੇਜ਼ ਹਨ। ਅਖਾਂ ਲਾਲ ਸੁਰਖ਼, ਪੈਰ ਪਿਛਲੇ ਪਾਸੇ, ਮੂੰਹ ਵਿਚ ਝੱਗ ਅਤੇ ਲਹੂ ਵਗ ਰਿਹਾ ਹੈ। ਸਿਰ ਦੇ ਵਾਲ ਖੁਲ੍ਹੇ ਹੋਏ, ਹਥਾਂ ਪੈਰਾਂ ਦੀਆਂ ਨੌਂਹਦਰਾਂ ਤਿਖੀਆਂ ਅਤੇ ਲੰਬੀਆਂ ਹਨ। ਮੁਰਦੇ ਨੇ ਲੈਂਪ ਚੁਕ ਲਿਆ ਤੇ ਬੀਮਾਰਾਂ ਦੇ ਸਾਰਿਆਂ ਬਿਸਤਰਿਆਂ ਦੇ ਸਰਹਾਣੇ ਵੇਖਦਾ ਫਿਰਦਾ ਹੈ। ਛੇਕੜ ਉਹ ਡਾਕਟਰ ਦੇ ਘਰ ਅੰਦਰ ਜਾ ਵੜਿਆ ਅਤੇ ਸਾਰੀਆਂ ਥਾਵਾਂ ਤੋਂ ਫਿਰ ਕੇ ਉਹ ਅਮਰੀਕ ਸਿੰਘ ਦੀ ਚਾਰਪਾਈ ਦੀ ਪੈਂਦ ਵਲ ਆਣ ਖੜੋਤਾ ਤੇ ਅਮਰੀਕ ਸਿੰਘ ਦੇ ਪੈਰਾਂ ਦੀਆਂ ਤਲੀਆਂ ਜ਼ਬਾਨ ਨਾਲ ਚਟ ਰਿਹਾ ਸੀ। ਅਮਰੀਕ ਸਿੰਘ ਮਹਿਸੂਸ ਕਰ ਰਿਹਾ ਸੀ ਕਿ ਮੈਂ ਮਰ ਰਿਹਾ ਹਾਂ, ਮੁਰਦਾ ਮੇਰਾ ਸਾਰਾ ਖ਼ੂਨ ਪੈਰਾਂ ਦੀਆਂ ਤਲੀਆਂ ਰਾਹੀਂ ਚੂਸ ਰਿਹਾ ਹੈ। ਇਕ ਪਾਸੇ ਵਲੋਂ ਤੋਪਾਂ ਚਲੀਆਂ ਤੇ ਕਈ ਬੰਬ ਫੁਟੇ। ਅਮਰੀਕ ਸਿੰਘ ਘਰੋਂ ਜਾਣ ਲਗਿਆਂ ਦਿਲ ਦਾ ਡਰ ਦੂਰ ਕਰਨ ਲਈ ਘੁਟ ਦਾਰੂ ਪੀ ਕੇ ਗਿਆ ਸੀ। ਉਹ ਜਾਂਦਿਆਂ ਹੀ ਸੋਚਾਂ ਵਿਚ ਘੁਰਾੜੇ ਮਾਰਦਾ ਸੌਂ ਗਿਆ। ਹੁਣ ਜਦੋਂ ਉਸ ਦੀ ਅੱਖ ਖੁਲ੍ਹੀ ਤਾਂ ਸਾਰੇ ਸਰੀਰ ਨੂੰ ਮੁੜ੍ਹਕੋ ਮੁੜ੍ਹਕੀ ਤੇ ਆਪਣੇ ਆਪ ਨੂੰ ਘੁਪ ਹਨ੍ਹੇਰੀ ਰਾਤ ਵਿਚ ਵੇਖ ਇਹ ਅਨੁਮਾਨ ਨਾ ਲਾ ਸਕਿਆ ਕਿ ਮੈਂ ਕਿਥੇ ਹਾਂ। ਬੂੰਦਾ ਬਾਂਦੀ ਸ਼ੁਰੂ ਸੀ। ਇਕ ਪਾਸਿਉਂ ਬਿਜਲੀ ਲਿਸ਼ਕੀ ਤੇ ਬਦਲਾਂ ਦੀ ਗੜਗੜਾਹਟ ਨੇ ਉਸ ਦੀ ਅੱਖ ਖੋਲ੍ਹ ਦਿਤੀ।

ਜਦ ਉਸ ਨੂੰ ਖ਼ਿਆਲ ਆਇਆ ਕਿ ਮੈਂ ਮੁਰਦੇ ਦੀ ਰਾਖੀ ਲਈ ਹਸਪਤਾਲ ਵਿਚ ਡਿਊਟੀ ਉਪਰ ਹਾਂ ਤਾਂ ਹਨੇਰੀ ਰਾਤ ਵਿਚ ਮੁਰਦੇ ਨੂੰ ਗ਼ਾਇਬ ਵੇਖ ਉਸ ਦੀਆਂ ਚੀਕਾਂ ਨਿਕਲ ਗਈਆਂ। ਚਿਟਾ-ਦੁਧ ਮੁਰਦਾ ਬਰਾਮਦੇ ਦੀ ਛਤ ਨਾਲ ਲਟਕ ਰਿਹਾ ਸੀ। ਉਹ ਬਿਸਤਰੇ ਥੀਂ ਜਾਗਦਾ ਹੀ ਬਿਨਾਂ ਜੁਤੀ ਪਾਉਣ ਦੇ ਸਿਧਾ ਲਾਇਨ ਨੂੰ ਭੱਜਾ। ਲਾਇਨ ਦੇ ਸੰਤਰੀ ਆਪੋ ਆਪਣੀ ਡਿਊਟੀ ਉਪਰ ਫਿਰ ਰਹੇ ਸਨ, ਅਮਰੀਕ ਨੇ ਆਉਂਦਿਆਂ ਹੀ ਦੁਹਾਈ ਮਚਾ ਦਿਤੀ:–

"ਮੁਰਦਾ ਭੱਜ ਗਿਆ ਹੈ।"

"ਮੈਂ ਮਸਾਂ ਜਿੰਦ ਬਚਾਈ ।"

"ਮੈਨੂੰ ਉਹਨੇ ਜ਼ਰੂਰ ਖਾ ਲੈਣਾ ਸੀ ।"

ਪੰਜ ਛੀ ਲੈਂਪਾਂ ਬਾਲੀਆਂ ਗਈਆਂ, ਬਰਛੇ, ਤਲਵਾਰਾਂ, ਹਾਕੇ ਲਏ ਤੇ ਚੋਖੀ ਪਾਰਟੀ ਹਸਪਤਾਲ ਪੁਜੀ । ਮੁਰਦਾ ਉਸੇ ਤਰ੍ਹਾਂ ਚਿਟੇ ਦੰਦ ਅਤੇ ਅੱਖਾਂ ਖੋਲ੍ਹੀ ਇਕ ਗੋਡਾ ਵਿੰਗਾ ਕਰੀ ਬਿਸਤਰੇ ਉਪਰ ਪਿਆ ਸੀ । ਹਾਂ ! ਉਸ ਦੇ ਉਪਰ ਵਾਲੀ ਚਾਦਰ ਉਡ ਕੇ ਬਰਾਂਡੇ ਦੇ ਇਸ਼ਕ ਪੇਚੇ ਨਾਲ ਸਿਧੀ ਖੜੋਤੀ ਹੋਈ ਲਟਕ ਰਹੀ ਸੀ । ਅਮਰੀਕ ਸਿੰਘ ਹਸਪਤਾਲ ਦੇ ਬਾਹਰ ਹੀ ਖੜਾ ਬਾਕੀਆਂ ਨੂੰ ਰੋਕ ਰਿਹਾ ਸੀ:-

"ਅੰਦਰ ਨਾ ਜਾਓ !"

"ਔਹ ਵੇਖੋ, ਚਿਟਾ ਸੁਫੇਦ ਕੰਧ ਦੇ ਨਾਲ ਖੜਾ ਜੇ ਹਿੰਮਤੂ !"

"ਓਇ, ਬੰਦੂਕ ਲਿਆਓ, ਬੰਦੂਕ ! ਹਿੰਮਤੂ ਖਾ ਜਾਊ !"

ਮੁਰਦੇ ਨੂੰ ਤਾਂ ਦੂਜੇ ਦਿਨ ਸਾੜ ਫੂਕ ਦਿਤਾ ਗਿਆ, ਪਰ ਅਮ੍ਰੀਕ ਸਿੰਘ ਨੂੰ ਸਾਰੀ ਫੌਜ, ਜਿਤਨਾ ਚਿਰ ਉਹ ਨੌਕਰ ਰਿਹਾ "ਹਸਪਤਾਲ ਦਾ ਮੁਰਦਾ" ਆਖ ਕੇ ਚਿੜਾਂਦੀ ਰਹੀ । ਸਿਪਾਹੀ ਹੀ ਨਹੀਂ ਸਗੋਂ ਤੀਵੀਂਆਂ ਅਤੇ ਅਜ ਦੇ ਛੋਕਰੇ ਵੀ ਇਹੋ ਆਖਦੇ ਸਨ "ਹਸਪਤਾਲ ਦਾ ਮੁਰਦਾ ।" ਤੇ ਹੌਲਦਾਰਨੀ ? ਉਹ ਫਿਰ ਕਦੇ ਵੀ ਫੌਜ 'ਚ ਨਾ ਆਈ, ਜਿਤਨਾ ਚਿਰ ਹੌਲਦਾਰ ਪੈਨਸ਼ਨ ਉਪਰ ਚਲਾ ਗਿਆ ।

# ਮੇਰਾ ਮਜ਼ਬ

੧੯੧੪ ਦੀ ਵੱਡੀ ਲੜਾਈ ਵਿਚ ਉਸੇ ਛਾਉਣੀ ਥੀਂ ਕੂਚ ਕੀਤਾ, ਜਿਥੇ ਅਸੀਂ ਰਹਿੰਦੇ ਸਾਂ। ਅਸੀਂ ਤੋਂ ਮਤਲਬ ਮੈਂ ਜਾਂ ਮੇਰੇ ਸਾਥੀ ਹੀ ਹੋ ਸਕਦਾ ਹੈ ਅਤੇ ਕੂਚ ਥੀਂ ਮਤਲਬ ਪੈਦਲ ਨਹੀਂ, ਬਲਕਿ ਗੱਡੀ ਰਾਹੀਂ ਧੜਾ-ਧੜ ਕਰਾਚੀ ਅਤੇ ਬੰਬਈ ਨੂੰ (ਸਪੈਸ਼ਲ ਟਰੇਨਾਂ) ਫੌਜੀਆਂ ਨਾਲ ਭਰੀਆਂ ਭੱਜੀਆਂ ਜਾਂਦੀਆਂ ਸਨ। ਇਨ੍ਹਾਂ ਹੀ ਗੱਡੀਆਂ ਨਾਲ ਘੋੜਾ ਗੱਡੀਆਂ ਵੀ ਲਾਈਆਂ ਜਾਂਦੀਆਂ। ਸਾਰਿਆਂ ਦੇ ਸੰਬੰਧੀ, ਰਿਸ਼ਤੇਦਾਰ ਦੋਸਤ ਰਾਹ ਵਿਚ ਰੇਲਵੇ ਸਟੇਸ਼ਨ ਉਪਰ, ਜਿਥੇ ਗੱਡੀਆਂ ਦੇ ਖਲੋਣ ਦਾ ਚੋਖਾ ਸਮਾਂ ਹੁੰਦਾ, ਮਿਲਣ ਆਉਂਦੇ। ਮੇਰੀ ਸਿੰਘਣੀ ਵੀ ਮੇਰੇ ਮਿੱਠੂ, ਸਮੇਤ ਆਪਣੀ ਭੈਣ ਜੀ ਨੂੰ ਨਾਲ ਲੈ ਲਾਇਲਪੁਰ ਆਈ ਹੋਈ ਸੀ। ਚੰਗਾ ਮੇਲ ਹੋਇਆ। ਪਿਆਰ, ਦਿਲਾਸਾ, ਚਿੱਠੀ ਪਾਉਣੀ, ਠੰਢੀ ਵਾ ਆਉਂਦੀ ਰਹੇ, ਮੁੰਡਾ ਤੁਸਾਂ ਵਲ ਵੇਖਦਾ ਹੈ—ਬਥੇਰਾ ਕੁਝ ਆਖਿਆ ਗਿਆ, ਪਰ ਦੁਵੱਲੀ ਅੱਖਾਂ ਵਿਚ ਵਿਛੋੜੇ ਦੇ ਅੱਥਰੂ ਵੀ ਸਨ। ਡੇਢ ਘੰਟਾ ਮਿੰਟਾਂ ਵਿਚ ਮੁਕ ਗਿਆ। ਲਾਇਲਪੁਰੋਂ ਟੁਰਕੇ ਕਈ ਸਟੇਸ਼ਨ ਗੱਡੀ ਬਿਨਾਂ ਖੜੋਤੇ ਭੱਜੀ ਜਾ ਰਹੀ ਸੀ। ਮੈਨੂੰ ਵੀ ਸਧਰ ਅਤੇ ਦਿਲਚਸਪੀ ਲਾਇਲਪੁਰ ਤਕ ਹੀ ਸੀ, ਅਗੇ ਤਾਂ ਚਵ੍ਹੀਂ ਪਾਸੀਂ ਉਜਾੜ ਦੁਨੀਆਂ ਸੀ, ਭਾਵੇਂ ਵਸਦਾ ਸੀ ਸਾਰਾ ਜਹਾਨ। ਸਮਾ-ਸੱਟਾ, ਰੋੜ੍ਹੀ ਲੰਘਦੇ ਲੰਘਦੇ ਤੀਜੀ ਭਲਕ ਕਰਾਚੀ ਬੰਦਰਗਾਹ ਉਪਰ ਜਾ ਗੱਡੀ ਖੜੀ ਹੋਈ। ਤਿੰਨਾਂ ਘੰਟਿਆਂ ਦੇ ਅੰਦਰ ਸਾਰੀ ਫੌਜ ਅਤੇ ਘੋੜੇ ਜਹਾਜ਼ੇ ਚਾੜ੍ਹ ਦਿਤੇ ਤੇ ਜਹਾਜ਼ ਲੰਗਰ ਚੁਕ ਸੀਟੀਆਂ ਮਾਰਦਾ ਡੂੰਘੇ ਸਮੁੰਦਰ ਵਿਚ ਹਰੀ-ਅਪ ਹੋ ਗਿਆ। ਹਾਂ! ਜਿਹੜੇ ਘੋੜੇ ਸੀੜ੍ਹੀ ਰਾਹੀਂ ਨਾ ਸੀ ਚੜ੍ਹਦੇ, ਉਹਨਾਂ ਨੂੰ ਮਸਤ ਸ਼ਰਾਬੀ ਵਾਂਗ ਲੱਕ ਨੂੰ

ਪੇਟੀ ਪਾਕੇ ਕਰੇਨ ਮਿੰਟਾਂ ਵਿਚ ਚੁਕਕੇ ਜਹਾਜ਼ ਦੇ ਅੰਦਰ ਲੈ ਜਾਂਦੀ ਤੇ ਘੋੜਾ ਚਾਰੇ ਲੱਤਾਂ ਮਾਰਦਾ ਹਿਣ ਹਿਣ ਕਰਦਾ ਬੇ-ਬਸ ਅਸਤਬਲ ਵਿਚ ਜਾ ਖੜਾ ਹੁੰਦਾ ।

ਉਥੋਂ ਇਕ ਚਿੱਠੀ ਸਿੰਘਣੀ ਨੂੰ ਘਲੀ, ਮੁੰਡੇ ਨੂੰ ਪਿਆਰ, ਹੋਰਨਾਂ ਨੂੰ ਪੁਛਣਾ, ਪਰ ਸ਼ਰਮ ਨੇ ਉਹਦੇ ਵਲ ਕੁਝ ਵੀ ਨਾ ਲਿਖਣ ਦਿਤਾ। ਬਸ ਇਹੋ ਕੁਝ, "ਚਿੱਠੀ ਜ਼ਰੂਰ ਪਾਵਣੀ !" ਮੇਲੇ ਹੁਣ ਕਿਸਮਤ ਦੇ। ਉਨ੍ਹਾਂ ਦਿਨਾਂ ਵਿਚ ਜਰਮਨੀ ਦੀ ਡੁਬਕਣੀ ਐਮਡਨ ਦਾ ਬੜਾ ਦਰਚਾ ਤੇ ਡਰ ਸੀ। ਦਸਦੇ ਸਨ, ਇਕ ਦੋ ਵਾਰੀ ਕਰਾਚੀ ਤੇ ਬੰਬਈ ਵੀ ਪੁਜਕੇ ਐਮਡਨ ਸਾਡੇ ਜਹਾਜ਼ ਡੋਬ ਗਿਆ ਹੈ। ਮੈਂ ਉਨ੍ਹੀਂ ਦਿਨੀਂ ਇਕ ਭਾਈ ਸਾਹਿਬ ਦੀ ਸੰਗਤ ਕਰਕੇ ਬੜੇ ਹੀ ਪ੍ਰੇਮੀਆਂ ਵਿਚ ਸਾਂ। ਜਾਂਦੀ ਵਾਰੀ ਵੱਡਾ ਚੁਤਾਲੀ ਬਾਣੀਆਂ ਦਾ ਗੁਟਕਾ ਅਤੇ ਕ੍ਰਿਪਾਨ ਵੀ ਗਾਤਰੇ ਵਾਲੀ ਨਾਲ ਲੈ ਗਿਆ ਸੀ। ਦਿਲੋਂ ਸ਼ਰਧਾ ਸੀ ਕਿ ਮੌਤ ਵੇਲੇ ਇਹ ਦੋਵੇਂ ਚੀਜ਼ਾਂ ਸਿਧੇ ਸੁਰਗ ਪੁਰੀ ਵਿਚ ਲਿਜਾਣਗੀਆਂ। ਇਨ੍ਹਾਂ ਦਿਨਾਂ ਵਿਚ ਛੂਤ-ਛਾਤ ਅਤੇ ਚੌਂਦ ਦੀ ਸੁਚ ਭਿਟ ਦਾ ਬੜਾ ਹੀ ਖ਼ਿਆਲ ਸੀ, ਇਸੇ ਲਈ ਜਹਾਜ਼ ਵਿਚ ਮਦਰਾਸੀਆਂ, ਚੀਨੀਆਂ ਤੇ ਗੋਰਿਆਂ ਪਾਸੋਂ ਰੋਟੀ ਦੇ ਭਿਟਣ ਦਾ ਖ਼ਿਆਲ ਰਖਣਾ ਪੈਂਦਾ, ਭਾਵੇਂ ਖੇਚਲ ਵੀ ਹੁੰਦੀ।

ਬੇਸ਼ੱਕ ਐਮਡਨ–ਐਮਡਨ ਹੀ ਸੀ; ਪਰ ਸਾਡੀ ਸਰਕਾਰ ਦੇ ਵੀ ਅਸ਼ਕੇ ਆਖੀਏ। ਸਮੁੰਦਰ ਵਿਚ ਪੰਜਤਾਲੀ ਜਹਾਜ਼ ਬਿਨਾਂ ਖਟਕੇ ਪਾਣੀ ਦੀ ਹਿੱਕ ਉਪਰ ਭੱਜੇ ਜਾਂਦੇ ਸਨ। ਸੱਜੇ ਖੱਬੇ ਜੰਗੀ ਕਰੋਜ਼ਰ ਤੇ ਬਚਕਾਨੇ-ਪਿਸਤੇ ਰਾਖੀ ਲਈ ਪਾਣੀ ਉਛਾਲਦੇ ਮਗਰ-ਮੱਛਾਂ ਵਾਂਗ ਫ਼ਿਰਦੇ ਸਨ। ਪਹਿਲਾ ਦਿਨ ਸਹਿਮਦੇ ਲੰਘਿਆ, ਦੂਜੀ ਭਲਕ ਆਈ, ਕਾਰਕ ਦੀਆਂ ਪੇਟੀਆਂ ਵੰਡੀਆਂ ਗਈਆਂ, ਬੇੜੀਆਂ ਵਿਚ ਖਤਰੇ ਸਮੇਂ ਉਤਰਨ ਲਈ ਥਾਂ ਮਿੱਥੀ ਗਈ। ਜਹਾਜ਼ੀ ਖਤਰੇ ਦਾ ਘੁਘੂ ਬੋਲਦਾ, ਸਭੇ ਭੱਜਕੇ ਆਪੋ ਆਪਣੀ ਥਾਂ ਪੁਜਦੇ, ਬੇੜੀਆਂ ਖੁਲ੍ਹਦੀਆਂ, ਰੱਸੇ ਲਮਕਾਏ ਜਾਂਦੇ, ਜਹਾਜ਼ ਕਪਤਾਨ ਸਾਡੇ ਕਮਾਂਡਿੰਗ ਆਫੀਸਰ ਨਾਲ ਹਰ ਥਾਂ ਦੌਰਾ ਕਰਦਾ। ਸਭ ਅੱਛਾ, ਆਖ ਪ੍ਰੇਟ ਮੁਕ ਜਾਂਦੀ।

ਰਾਤ ਪੈਂਦੀ ਪਾਣੀ ਵਿਚ, ਦਿਨ ਚੜ੍ਹਦਾ ਪਾਣੀ ਵਿਚ। ਸੱਚ ਜਾਣੋ ਇਹ ਵੀ ਜ਼ਿੰਦਗੀ ਦਾ ਇਕ ਵਧੀਆ ਤਜਰਬਾ ਹੈ, ਸਮੁੰਦਰੀ

ਸਫ਼ਰ। ਪਿਛੇ ਕਰਾਚੀ ਦੁਰਾਡੇ ਰਹਿ ਗਿਆ, ਤੀਜੇ ਦਿਨ ਬੰਬਈ ਦੇ ਜਹਾਜ਼ ਵੀ ਆਣ ਰਲੇ, ਰਾਤ ਦਾ ਆਨੰਦ ਵਖਰਾ ਹੀ ਹੁੰਦਾ ਹੈ। ਸਮੁੰਦਰ ਵਿਚ ਮੀਲਾਂ ਤਕ ਬੱਤੀਆਂ ਦਾ ਸ਼ਹਿਰ ਵਸਦਾ ਦਿਸਦਾ। ਅਖੀਰ ਅਦਨ ਆਇਆ, ਬਿਲਕੁਲ ਖ਼ੁਸ਼ਕ, ਮੀਲਾਂ ਤਕ ਸੁਨਸਾਨ। ਅਦਨ ਮਗਰੋਂ ਨਹਿਰ ਸਵੇਜ਼ ਦਾ ਉਰਲਾ ਕੰਢਾ ਆਇਆ, ਨਹਿਰ ਵਿਚੋਂ ਪਰਲੇ ਪਾਰ ਲਿਜਾਣ ਲਈ ਇਥੇ ਜਹਾਜ਼ ਦੀ ਰਹਿਨੁਮਾਈ ਕਰਨ ਲਈ ਯੂਨਾਨੀ ਆਣ ਪੁਜੇ, ਇਕ ਵੱਖਰਾ ਲੈਂਪ ਉਪਰ ਲਾਇਆ ਗਿਆ, ਕੋਇਲਾ, ਪਾਣੀ, ਤੇਲ, ਮੀਟ ਹੋਰ ਲੋੜੀਂਦੀਆਂ ਚੀਜ਼ਾਂ ਕਿਸ਼ਤੀਆਂ ਭਰ ਭਰ ਜਹਾਜ਼ਾਂ ਵਿਚ ਚਾੜ੍ਹੀਆਂ ਗਈਆਂ।

ਸਵੇਜ਼ ਦੇ ਦੁਵੱਲੀ ਰੇਤ ਹੀ ਰੇਤ ਹੈ, ਹਾਂ ਰਾਹ ਵਿਚ ਇਸਮਾ-ਈਲੀਆ ਤੇ ਦੋ ਚਾਰ ਫੌਜੀ ਛਾਉਣੀਆਂ ਜ਼ਰੂਰ ਸਨ। ਸਵੇਜ਼ ਵਿਚ ਇਕੋ ਜਹਾਜ਼ ਤੁਰ ਸਕਦਾ ਹੈ, ਅੱਵਲ ਤਾਂ ਦੂਜੇ ਬੰਨਿਓਂ ਜਹਾਜ਼ ਆਉਂਦਾ ਹੀ ਨਹੀਂ, ਜੇ ਮਜਬੂਰੀ ਚਲ ਹੀ ਪਿਆ ਹੋਵੇ ਤਾਂ ਰਾਹ ਦੇ ਸਟੇਸ਼ਨ ਉਪਰ ਖਲ੍ਹਾਰ ਲਿਆ ਜਾਂਦਾ ਹੈ। ਅਖੀਰ ਪੋਰਟ-ਸਈਦ ਸਵੇਰ ਦੇ ਮੁਝਾਖਰੇ ਜਾ ਪੁਜੇ। ਉਥੇ ਪਹਿਲੀ ਵਾਰੀ ਜਾਪਾਨੀ ਕਰੋਜ਼ਰ ਮਿਲੇ, ਜਿਹੜੇ ਮਿੱਤਰ-ਦੇਸਾਂ ਦੇ ਯੁਧ ਵਿਚ ਸ਼ਾਮਲ ਸਨ। ਆਉਂਦਿਆਂ ਤੇ ਜਾਂਦਿਆਂ ਜਹਾਜ਼ਾਂ ਨੂੰ ਹਜ਼ਾਰਾਂ ਤੀਵੀਂਆਂ, ਕੁੜੀਆਂ, ਮਰਦ ਖਿੜਕੀਆਂ, ਦੁਬਾਰਿਆਂ ਤੇ ਰਾਹਾਂ ਵਿਚ ਰੁਮਾਲ ਹਿਲਾ ਹਿਲਾ ਵਾਰਨੇ ਜਾਂਦੀਆਂ ਸਨ। ਬਹਿਰਾ-ਰੂਮ ਦਾ ਇਹ ਪਹਿਲਾ ਆਜ਼ਾਦੀ ਦਾ ਕੰਢਾ ਹੈ। ਸਾਡੀਆਂ ਨੌਜਵਾਨ ਕੁੜੀਆਂ ਨੂੰ ਹਾਲੀਂ ਯੁਧ ਵਿਚ ਜਾਂਦੇ ਫੌਜੀਆਂ ਲਈ ਰੁਮਾਲ ਹਿਲਾਉਣ ਤੇ ਵਾਰਨੇ ਲੈਣ ਦੀ ਖੁਲ੍ਹ ਹੀ ਨਹੀਂ ਮਿਲਦੀ, ਪਰ ਜੇ ਮਿਲ ਵੀ ਜਾਵੇ ਤਾਂ ਹਿੰਦੁਸਤਾਨ ਵਿਚ ਇਹੋ ਜਹੇ ਮੌਕੇ ਫੌਜੀਆਂ ਦਾ ਸਾਂਭਣਾ ਕਿਹੜਾ ਸੌਖਾ ਕੰਮ ਹੈ।

ਪੋਰਟ-ਸਈਦ ਥੀਂ ਤੁਰ ਪਏ, ਇਟਲੀ ਦੀਆਂ ਪਹਾੜੀਆਂ ਤੇ ਸਿਸਲੀ ਵੇਖਦੇ ਬੜੀਆਂ ਡੂੰਘਾਈਆਂ ਤੇ ਉਛਾਲਿਆਂ ਮਗਰੋਂ ਅਖੀਰ ਮਾਰਸੇਲਿਜ਼ ਵੀ ਆ ਗਿਆ।

ਮਾਰਸੇਲਿਜ਼ ਪਹਿਲਾਂ ਹੀ ਚਿੱਠੀਆਂ ਆਈਆਂ ਹੋਈਆਂ ਸਨ। ਐਮਡਨ ਦੇ ਖਤਰੇ ਥੀਂ ਬਚਕੇ ਸੁਖੀ ਸਾਂਦੀ ਧਰਤੀ ਉਪਰ ਪੈਰ ਧਰਨ ਦੀ ਡਾਢੀ ਖੁਸ਼ੀ ਹੋਈ। ਇਸ ਪ੍ਰਸੰਨਤਾ ਵਿਚ ਵਾਧਾ ਘਰ ਦੀਆਂ

ਚਿਠੀਆਂ ਨੇ ਕੀਤਾ। ਘਰ ਵਾਲੀ ਨੇ "ਗੁਰੂ ਕੰਡੀ ਹੋਵੇ।" "ਠੰਡੀ ਵਾ ਆਉਂਦੀ ਰਹੇ।" ਪਰ ਇਥੇ ਦੋਵੇਂ ਹੀ ਗੱਲਾਂ ਉਲਟ ਸਨ, ਠੰਡੀ ਹਵਾ ਤੇ ਬਰਫ ਕਾਲਜਾ ਕੱਢਦੀ ਸੀ ਅਤੇ ਫਰਾਂਸ ਵੇਖਦਿਆਂ ਹੀ ਗੁਰੂ ਅਤੇ ਮਜ਼ਬ ਹੋਲੀ ਹੋਲੀ ਵਿਸਰਦਾ ਜਾਂਦਾ ਸੀ । ਹਰ ਪਾਸਿਓਂ ਪਿਆਰਾਂ ਦੇ ਇਸ਼ਾਰੇ ਤੇ ਜੀ ਆਇਆਂ ਲਈ ਰੁਮਾਲ ਹਿਲਦੇ ਸਨ। ਜਹਾਜ਼ ਥੀਂ ਉਤਰਦਿਆਂ ਹੀ ਜਾਣੋਂ ਫ਼ਰਾਂਸ ਵਾਲਿਆਂ ਸਾਨੂੰ ਸਿਰ ਉਪਰ ਚੁਕ ਲਿਆ ਸੀ। ਅਸਲ ਵਿਚ ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਹਿੰਦੀਆਂ ਨੇ ਆਉਂਦਿਆਂ ਹੀ ਡੱਕਾ ਪਾਉਣਾ ਹੈ। ਸਾਡੇ ਪਹਿਲੀਆਂ ਪਲਟਣਾਂ ਨੇ ਚੰਗੀ ਉਪਮਾ ਪ੍ਰਾਪਤ ਕੀਤੀ ਸੀ । ਥੋੜੇ ਚਿਰ ਵਿਚ ਹੀ ਸਾਰਾ ਸਾਮਾਨ ਅਤੇ ਘੋੜੇ ਜਹਾਜ਼ ਥੀਂ ਲੱਥ ਗਏ, ਕਈ ਨਵੀਆਂ ਚੀਜ਼ਾਂ ਬੰਦਰ ਦੀ ਗੋਦੀ ਉਪਰ ਹੀ ਮਿਲ ਗਈਆਂ, ਜਿਨ੍ਹਾਂ ਦੀ ਮੈਦਾਨ-ਜੰਗ ਵਿਚ ਲੋੜ ਹੈਸੀ । ਅਖੀਰ ਪੰਜ ਵਜੇ ਸ਼ਾਮ ਜਦੋਂ ਮਾਰਸੇਲਿਜ਼ ਵਿਚ ਨਿਤ ਨਵੀਂ ਰਾਤ ਦੀਵਾਲੀ ਅਤੇ ਦਿਨ ਈਦ ਹੋਇਆ ਕਰਦੀ ਹੈ, ਫੌਜ ਨੇ ਘੋੜੇ ਹੱਥ ਵਿਚ ਫੜਕੇ ਪੈਦਲ ਕੂਚ ਕੀਤਾ। ਪੈਦਲ ਚਲਣ ਦੇ ਦੋ ਕਾਰਨ ਸਨ—ਇਕ ਤਾਂ ਸ਼ਹਿਰ ਦੀਆਂ ਸਾਫ਼, ਸੁਥਰੀਆਂ, ਤਿਲਕਣੀਆਂ ਸੜਕਾਂ ਉਪਰ ਘੋੜਿਆਂ ਦੇ ਪੈਰ ਤਿਲਕਦੇ ਸਨ। ਦੂਜੇ ਜਹਾਜ਼ ਵਿਚ ਕਈ ਦਿਨ ਖੜੇ ਰਹਿਣ ਕਰਕੇ ਘੋੜਿਆਂ ਦੀਆਂ ਲੱਤਾਂ ਆਕੜ ਗਈਆਂ ਸਨ। ਥਾਉਂ ਥਾਈਂ ਸਤਿਕਾਰ ਹੁੰਦਾ ਸੀ। ਰਾਹ ਵਿਚ ਰੁਮਾਲਾਂ ਨਾਲ ਜੀ ਆਇਆਂ ਥੀਂ ਵਖ ਕਈ ਥਾਈਂ ਚਾਹ, ਸੇਬ, ਤਸਵੀਰਾਂ, ਮਠਿਆਈ ਵੀ ਇਕੱਲੇ ਦੁਕੱਲੇ ਵੰਡਦੇ ਸਨ। ਬਿਨਾਂ ਖੜੇਤੇ ਜੋ ਕਿਸੇ ਨੂੰ ਮਿਲ ਜਾਂਦਾ, ਲੈ ਲੈਂਦਾ। ਸ਼ਹਿਰ ਥੀਂ ਦੁਰਾਡੇ ਰਾਤ ਨੂੰ ਚਿਰਾਕੇ ਪੜਾਉ ਉਤੇ ਪੁਜੇ। ਤੰਬੂ ਤਾਂ ਪਹਿਲਾਂ ਹੀ ਲਾਏ ਹੋਏ ਸਨ। ਬਰਫ਼ ਪੈ ਰਹੀ ਸੀ ਤੇ ਮੀਂਹ ਸ਼ੁਰੂ ਸੀ। ਜਲਦੀ ਹੀ ਡੇਰੇ ਲਾ ਦਿਤੇ ਗਏ।

ਦੂਜੇ ਦਿਨ ਲਕੜਾਂ ਦੀ ਥਾਂ ਪੱਥਰ ਦਾ ਕੋਇਲਾ, ਆਟੇ ਦੀ ਥਾਂ ਇੰਗਲੈਂਡ ਦੀਆਂ ਡਬਲ ਰੋਟੀਆਂ ਤੇ ਬਿਸਕੁਟ, ਮੁਰੱਬਾ, ਚਟਣੀ, ਮੀਟ, ਪਨੀਰ, ਮੱਖਣ ਦੇ ਬੰਦ ਡੱਬੇ ਰਾਸ਼ਨ ਵਿਚ ਆਏ ਸਨ। ਨਾਲ ਹੀ ਬਾਲਾ-ਸੁੰਦਰੀ (ਰਮ) ਦੇ ਕਈ ਜਾਰ ਵੀ ਸਿਪਾਹੀਆਂ ਨੂੰ ਵੰਡਣ ਲਈ ਮੌਜੂਦ ਸਨ। ਸਾਰਾ ਹੀ ਰਾਸ਼ਨ ਪਿਆ ਰਿਹਾ। ਸਾਨੂੰ ਸਾਰੀ

ਉਮਰ ਸਿਖਾਇਆ ਗਿਆ ਸੀ ਕਿ ਕਿਸੇ ਦੇ ਹਥਾਂ ਦੀ ਰਿੰਨ੍ਹੀ ਪਕਾਈ ਜਾਂ ਕਿਸੇ ਨਾਲ ਛੂਹੀ ਹੋਈ ਚੀਜ਼ ਖਾਣ ਕਰਕੇ ਸਿਖੀ ਮਜ਼੍ਹਬ ਨਸ਼ਟ ਹੋਜਾਂਦਾ ਹੈ।

ਮੈਂ ਉਸ ਦਿਨ ਬੀਮਾਰ ਘੋੜੇ ਨੂੰ ਲੈਕੇ ਘੋੜਿਆਂ ਦੇ ਹਸਪਤਾਲ ਜਾ ਰਿਹਾ ਸਾਂ। ਰਾਹ ਵਿਚ ਸਾਡੇ ਰਸਾਲਦਾਰ ਮੇਜਰ, ਜਿਹੜੇ ਇੰਗਲੈਂਡ ਹੋ ਗਏ ਸਨ, ਮੀਟ ਦੇ ਡਬਿਆਂ ਉਪਰ ਦੁੰਬੇ ਦੀ ਸ਼ਕਲ ਵਿਖਾ ਵਿਖਾ ਤਸੱ-ਲੀਆਂ ਦੇ ਰਹੇ ਸਨ ਕਿ ਡਬੇ ਵਿਚ ਜ਼ਰੂਰ ਦੁੰਬੇ ਦਾ ਹੀ ਮਾਸ ਹੈ, ਪਰ ਆਪ ਹੀ ਆਖਦੇ ਸਨ ਰਿੰਨ੍ਹਿਆ ਬਣਾਇਆ ਕਿਸ ਅਤੇ ਕਿਵੇਂ ?

* * * * *

ਜਦੋਂ ਮੈਂ ਬੀਮਾਰ ਘੋੜਾ ਹਸਪਤਾਲ ਦਾਖਲ ਕਰਵਾ ਕੇ ਮੁੜਿਆ ਤਾਂ ਰਾਹ ਵਿਚ ਇਕ ਸ਼ਾਨਦਾਰ ਕੋਠੀ ਦੇ ਸ਼ੀਸ਼-ਮਹਿਲ ਵਿਚ ਤਿਨ ਨੌਜਵਾਨ ਕੁੜੀਆਂ ਆਪਣੇ ਮਾਪਿਆਂ ਨਾਲ ਬਰਫ਼ ਤੇ ਮੀਂਹ ਦਾ ਆਨੰਦ ਲੈ ਰਹੀਆਂ ਸਨ। (ਇਹ ਸ਼ੀਸ਼ੇ ਦੇ ਮਕਾਨ ਫ਼ਰਾਂਸੀਸੀ ਅਮੀਰਾਂ ਦੇ ਬਾਗ਼ਾਂ ਵਿਚ ਬਣੇ ਹੁੰਦੇ ਹਨ। ਇਹਨਾਂ ਦੀਆਂ ਕੰਧਾਂ ਤੇ ਛਤ ਸਾਰਾ ਕੁਝ ਹੀ ਲੱਕੜ ਦੇ ਫ਼ਰੇਮ ਦਾ ਅਤੇ ਚਵ੍ਹੀ ਪਾਸੀਂ ਸ਼ੀਸ਼ੇ ਲਗੇ ਹੁੰਦੇ ਹਨ। ਬਰਫ਼, ਮੀਂਹ ਅਤੇ ਚਾਨਣੀਆਂ ਰਾਤਾਂ ਵਿਚ ਇਥੇ ਬੈਠ ਕੇ ਬੜਾ ਆਨੰਦ ਆਉਂਦਾ ਹੈ) ਮੈਨੂੰ ਵੇਖ ਉਹ ਤਿੰਨੇ ਭਜਦੀਆਂ ਕੋਠੀ ਦੇ ਫਾਟਕ ਉਪਰ ਆ ਗਈਆਂ ਤੇ ਸਿਜਦੇ, ਘੁਲਦੇ, ਲਿਬੜੇ ਤੇ ਸਰਦੀ ਨਾਲ ਕੰਬਦੇ ਨੂੰ ਉਹਨਾਂ ਅੰਦਰ ਆਉਣ ਲਈ ਤਰਲਾ ਕੀਤਾ। ਹਿਚਕਦੇ, ਡਰਦੇ ਮੈਂ ਵੀ ਇਨ੍ਹਾਂ ਜਾਦੂਗਰਨੀਆਂ ਮਗਰ ਇਹੋ ਸੋਚਦਾ ਤੁਰ ਪਿਆ ਕਿ ਮਰਦਾਨਾ ਵਿਚਾਰਾ ਤਾਂ ਲੇਲਾ ਬਣ ਕੇ ਮਜਬੂਰਨ ਹੀ ਗਿਆ ਸੀ, ਪਰ ਮੈਂ ਪੂਰਾ ਮਨੁਖ ਹੀ ਆਪਣੇ ਆਪ ਜਾਦੂਗਰਾਂ ਦੇ ਪੰਜੇ ਵਿਚ ਜਾ ਰਿਹਾ ਹਾਂ।

ਸੁੰਦਰ ਤੇ ਸੁਗੰਧੀ ਭਰੇ ਬਾਗ਼ ਵਿਚੋਂ ਲੰਘ ਕੇ ਜਦ ਅਸੀਂ ਬਰਾਂਡੇ ਵਿਚ ਪੁਜੇ ਤਾਂ ਤਿੰਨੇ ਕੁੜੀਆਂ ਦੇ ਦਿਲ, ਅੱਖਾਂ, ਹੱਥ ਪੈਰ, ਸਰੀਰ ਤੇ ਮਨ ਸਾਰਾ ਕੁਝ ਹੀ ਨੱਚ ਰਿਹਾ ਸੀ। ਜਾਣੋ ਉਨ੍ਹਾਂ ਨੂੰ ਸਾਰੇ ਸੰਸਾਰ ਦੀਆਂ ਖੁਸ਼ੀਆਂ ਅੱਜ ਹੀ ਲੱਭੀਆਂ ਨੇ। ਨੌਕਰਾਣੀ ਨੇ ਪੱਟਕ ਬੂਹਾ ਖੋਲ੍ਹਿਆ ਤੇ ਜਾਦੂ ਦੀ ਮਸ਼ੀਨ ਵਾਂਗ ਮੇਰੇ ਉਪਰਲੀ ਬਰਸਾਤੀ ਲਾਹੁੰਦਿਆਂ ਇਕ ਭਖਦੀ ਅੰਗੀਠੀ ਦੇ ਲਾਗੇ ਮੈਨੂੰ ਕੁਰਸੀ ਉਪਰ ਬਿਠਾ ਦਿਤਾ ਗਿਆ। ਸ਼ਾਹ ਬਹਿਰਾਮ ਦਾ ਕਿੱਸਾ ਮੈਂ ਵੀ ਪੜ੍ਹਿਆ ਸੀ:

"ਜਫੇਦ ਦਿਓ ਚੁਕ ਲੈ ਗਿਆ, ਬਾਗ਼ ਵਿਚ ਪਰੀਆਂ ਨਹਾਉਣ ਆਈਆਂ, ਬਹਿਰਾਮ ਨੇ "ਰਖਤ" ਚੁਕ ਲਿਆ, ਅਖ਼ੀਰ ਇਸੇ ਪ੍ਰੀਤ ਦੀ ਪੀਂਘ ਪਿੜੇ ਇੰਦਰ ਦੇ ਅਖਾੜੇ ਤਕ ਜਾ ਪੁਜਿਆ !" ਪਰ ਇਥੇ ਤਾਂ ਬਿਨਾ ਕਿਸੇ ਖੇਚਲ ਜਾਂ ਮੁਸੀਬਤ ਦੇ ਪੁਜੇ ਹੋਏ ਸਾਂ, ਮੇਜ਼ ਉਪਰ 'ਕਾਫ਼ੀ' ਆਈ, ਪਲੇਟਾਂ ਵਿਚ ਕਈ ਤਰ੍ਹਾਂ ਦੇ ਮਾਸ, ਮੁਰੱਬੇ, ਚਟਨੀਆਂ ਤੇ ਦੋ ਤਿੰਨ ਤਰ੍ਹਾਂ ਦੀ ਸ਼ਰਾਬ ਵੀ, ਜਲਦੀ ਨਾਲ ਆਂਡੇ ਵੀ ਫ਼ਰਾਈ ਕੀਤੇ ਗਏ, ਇਸ਼ਾਰਾ ਹੋਇਆ:-

"ਚਲੋ ਜੀ ! ਚਲ ਕੇ ਭੋਗ ਲਾਓ।

"ਨਹੀਂ !" ਮੈਂ ਬਿਨਾਂ ਬੋਲਿਆਂ ਹੀ ਸਿਰ ਫੇਰਿਆ, ਕਿਸੇ ਨਾਢੂ ਖਾਨ ਵਾਂਗ।

ਬੋਲੀ ਖੁਣੋਂ ਮੈਂ ਅਤੇ ਉਹ ਦੋਵੇਂ ਹੀ ਕੋਰੇ ਸਾਂ, ਸਾਰੀ ਗੱਲ ਬਾਤ ਇਸ਼ਾਰੇ ਸੈਨਤਾਂ ਅਤੇ ਅਨੁਮਾਨ ਨਾਲ ਹੀ ਹੋ ਰਹੀ ਸੀ। ਅੰਗ੍ਰੇਜ਼ੀ ਉਹ ਨਹੀਂ ਸਨ ਜਾਣਦੀਆਂ, ਨਹੀਂ ਤਾਂ ਊਟ-ਪਟਾਂਗ ਨਾਲ ਕੰਮ ਸਰਦਾ। ਫ਼੍ਰਾਂਸੀਸੀ ਮੈਂ ਮਾਮੂਲੀ ਹੀ ਸਿਖੀ ਸੀ। ਖਾਣ ਵਾਲੀਆਂ ਚੀਜ਼ਾਂ ਠੰਢੀਆਂ ਹੋ ਰਹੀਆਂ ਸਨ। ਤਿੰਨੇ ਕੁੜੀਆਂ ਮੇਰੀ ਕੁਰਸੀ ਦੇ ਗਿਰਦੇ ਖੜੀਆਂ, ਸਿਰ ਉਪਰ ਚੁਕੀਆਂ ਤੇ ਉਠਣ ਲਈ ਮੈਨੂੰ ਮਜਬੂਰ ਕੀਤਾ। ਭਾਵੇਂ ਉਹ ਰੱਜ ਕੇ ਸੁੰਦਰੀਆਂ ਸਨ, ਤਿੱਖੇ ਨੈਣ, ਸੁਨਹਿਰੀ ਵਾਲ, ਪਿਆਰੀਆਂ ਉਂਗਲਾਂ ਅਤੇ ਸੁਗੰਧੀਆਂ ਭਰੀਆਂ ਲਪਟਾਂ, ਜਵਾਨੀ, ਸਾਰਾ ਕੁਝ ਹੀ ਸੀ; ਪਰ ਉਹਨਾਂ ਦੇ ਹਥੋਂ ਖਾਣ ਲਈ ਮੈਂ ਲਾਚਾਰ ਸਾਂ ! ਮੇਰਾ ਮਜ਼ਬ ?

ਅਖੀਰ ਉਹਨਾਂ ਵਖੋ ਵਖਰੀਆਂ ਚੀਜ਼ਾਂ ਚੱਖ ਚੱਖ ਕੇ ਵਿਖਾਈਆਂ, ਕਾਫੀ ਦਾ ਘੁੱਟ ਭਰਿਆ, ਮਖਣ-ਰੋਟੀ ਖਾ ਕੇ ਵਿਖਾਈ, ਹਿੱਕ ਉਪਰ ਰੱਖ, ਪਚਾਕਾ ਲੈ ਦਸਿਆ—"ਬੜੀ ਹੀ ਸਵਾਦੀ ਹੈ !" ਸਰਦੀ ਦੀ ਕੰਬਣੀ ਨੂੰ ਦੂਰ ਕਰੇਗੀ। ਮੀਂਹ ਵਲ ਇਸ਼ਾਰਾ ਕੀਤਾ, ਗਿਲੇ ਕਪੜਿਆਂ ਨੂੰ ਹੱਥ ਲਾਇਆ, ਪਰ ਮੈਂ ਦੋਵੇਂ ਹੱਥ ਜੋੜ ਕੇ ਸਿਰ ਨਿਵਾ ਦਿਤਾ, "ਭਈ, ਮੈਨੂੰ ਮੇਰੇ ਗੁਰੂ ਜੀ ਦੀ ਆਗਿਆ ਨਹੀਂ।" ਉਹਨਾਂ ਕੀ ਸਮਝਿਆ ? ਇਹ ਜਾਣੇ ਮੇਰੀ ਬਲਾ !

ਉਹ ਝੱਬਦੇ ਗਈਆਂ, ਮਰਯਮ ਅਤੇ ਯਸੂਹਿ ਦੀਆਂ ਤਸਵੀਰਾਂ ਚੁਕ ਲਿਆਈਆਂ, ਮੈਂ ਇਉਂ ਮੱਥਾ ਟੇਕਿਆ, ਜਿਵੇਂ ਬਾਬਾ ਨਾਨਕ

ਜੀ ਨੂੰ ਨਮਸ਼ਕਾਰ ਕਰਦਾ ਸਾਂ। ਉਹਨਾਂ ਨੇ ਆਪੋ ਵਿਚ ਗੱਲ ਬਾਤ ਸ਼ੁਰੂ ਕੀਤੀ ਤੇ ਝੱਟ ਹੀ ਮੈਨੂੰ ਸਿਰ ਥੀਂ ਪੱਗ ਲਾਹੁਣ ਲਈ ਆਖਿਆ, ਜਦੋਂ ਮੇਰੇ ਕੇਸ ਵੀ, ਮਸੀਹ ਵਾਂਗ ਗਲ ਵਿਚ ਪਾ ਦਿਤੇ ਗਏ ਤਾਂ ਉਹਨਾਂ ਇਕ ਵਾਰ ਫਿਰ ਬੜੇ ਸਿਦਕ ਤੇ ਪਿਆਰ ਨਾਲ ਮਸੀਹ ਵਲ ਵੇਖਿਆ, ਅਤੇ ਫਿਰ ਮੇਰੇ ਵਲ। ਯਕੀਨਨ ਅਜ ਥੀਂ ਸੈਂਕੜੇ ਵਰ੍ਹਿਆਂ ਪਹਿਲੋਂ ਵਾਲੇ ਮਸੀਹ ਅਤੇ ਮੇਰੇ ਵਿਚ ਕੋਈ ਫ਼ਰਕ ਨਹੀਂ ਸੀ, ਜੇ ਮੇਰੀ ਵਰਦੀ ਉਪਰ, ਕੰਧਾਰੋਂ ਖਰੀਦਿਆ ਵੱਡਾ ਚੋਗਾ ਪਾ ਦਿੱਤਾ ਜਾਂਦਾ। ਹੁਣ ਉਹਨਾਂ ਦੇ ਬੁਢੇ ਮਾਂ-ਪਿਓ ਵੀ ਅੰਦਰ ਆ ਗਏ ਸਨ, ਆਪਣੀਆਂ ਪਿਆਰੀਆਂ ਬੱਚੀਆਂ ਦੀ ਖ਼ੁਸ਼ੀ ਵਿਚ ਦਿਲਚਸਪੀ ਲੈ ਰਹੇ ਸਨ। ਅਖ਼ੀਰ ਕੁੜੀਆਂ ਨੇ ਇਕ ਵਾਰੀ ਫਿਰ ਸੈਨਤਾਂ ਨਾਲ ਦੱਸ ਕੇ ਕੋਸ਼ਿਸ਼ ਕੀਤੀ, "ਕਿ ਸਾਡੇ ਮਸੀਹ, ਅਤੇ ਪਿਆਰੀ ਮਰਯਮ ਵੀ ਮੇਜ਼ ਉਪਰ ਪਈਆਂ ਸਾਰੀਆਂ ਚੀਜ਼ਾਂ ਖਾ ਲੈਂਦੇ ਸਨ।" ਇਹ ਵੀ ਸਮਝਾਉਣ ਦਾ ਉਪਰਾਲਾ ਕੀਤਾ, "ਕਿ ਅਸੀਂ 'ਜਰਮਨ' ਵਲ ਨਹੀਂ ਹਾਂ, ਅਸੀਂ 'ਮਿਤਰ' ਹਾਂ, ਇੰਡੀਆ ਨੇ ਆ ਕੇ ਸਾਨੂੰ ਬਚਾਇਆ ਹੈ।" ਮੇਰੇ ਦਸਤ-ਪੰਜੇ ਵਿਚ ਆਪਣਾ ਦਸਤ-ਪੰਜਾ ਘੁਟ ਘੁਟ ਕੇ ਦਸਿਆ।

ਪਰ ਇਸ ਪਾਸੋਂ ਮੇਰੇ ਮਜ਼ਬ ਦੀ ਆਗਿਆ ਨਾ ਹੁੰਦਿਆਂ, ਇਕੋ ਇਕ ਇਨਕਾਰ ਹੀ ਉੱਤਰ ਸੀ। ਉਹ ਵਿਚਾਰੀਆਂ ਬੜੀਆਂ ਨਿਰਾਸ, ਗ਼ਮਗੀਨ ਤੇ ਉਦਾਸ ਸਨ। ਹਾਸੇ ਦੀ ਥਾਂ ਉਹਨਾ ਦੇ ਖਿੜੇ ਹੋਏ ਜੋਬਨਾਂ ਉਪਰ ਉਦਾਸੀ ਆ ਰਹੀ ਸੀ, ਅੱਖਾਂ ਵੀ ਨਿੰਮੋਝੂਣੀਆਂ ਸਨ। ਉਹ ਨਵ-ਜੋਬਨੀਆਂ ਇਕ ਹਿੰਦੁਸਤਾਨੀ ਦੀਆਂ ਖੁਸ਼ੀਆਂ ਵਿਚ ਵਾਧਾ ਕਰਦੀਆਂ ੨ ਪਾਣੀਓਂ ਨਿਕਲੀ ਮੱਛੀ ਵਾਂਗ ਤੜਫ਼ ਉਠੀਆਂ।

* * * *

ਪਿਤਾ ਜੀ ਨੇ ਕੁਝ ਆਖਿਆ, ਫਿਰ ਮਾਤਾ ਵੀ ਬੋਲੀ, ਨੌਕਰਾਣੀ ਭਜਦੀ ਗਈ, ਇਕ ਵਡੀ ਪਲੇਟ ਵਿਚ ਅਖਰੋਟ, ਬਦਾਮ, ਛੁਹਾਰੇ, ਪਿਸਤਾ, ਸੇਬ, ਅੰਗੂਰ ਆਦਿਕ ਸੁਕੇ ਮੇਵੇ ਚੁਕ ਲਿਆਈ। ਮੇਵਿਆਂ ਨੂੰ ਵੇਖਦਿਆਂ ਹੀ ਮੇਰੇ ਸਿਖ ਮਜ਼ਬ ਦੀ ਚਟਾਨ ਵਿਚ ਰੌਸ਼ਨੀ ਆ ਗਈ, ਅੱਖਾਂ ਚਮਕ ਪਈਆਂ ਅਤੇ ਇਕ ਲਾਲ ਬਿੰਬ ਸੇਬ ਐਵੇਂ ਹੀ ਚੁਕ ਕੇ ਮੈਂ ਕ੍ਰਿਚ ਕ੍ਰਿਚ ਚੱਬਣਾ ਸ਼ੁਰੂ ਕਰ ਦਿਤਾ। ਤਿੰਨੇ ਕੁੜੀਆਂ ਪ੍ਰਸੰਨਤਾ

ਦੇ ਸਮੁੰਦਰ ਵਿਚ ਕੁਦ ਪਈਆਂ ਤੇ ਤਿਹਾਂ ਨੇ ਪਿਆਰ ਭਰੀਆਂ ਬਾਹਵਾਂ ਮੇਰੇ ਗਿਰਦੇ ਵਲ੍ਹੇਟ ਦਿਤੀਆਂ। ਮੈਂ ਵੀ ਸਵੇਰ ਦਾ ਭੁਖਾ ਸਾਂ। ਬਥੇਰਾ ਕੁਝ ਖਾਧਾ—ਸੇਬ, ਅੰਗੂਰ, ਮਾਲਟੇ, ਖ਼ੁਰਮਾਣੀਆਂ, ਅਖ਼ਰੋਟ, ਬਾਦਾਮ—ਪਤਾ ਨਹੀਂ ਕੀ ਕੁਝ।

ਹੁਣ ਫੇਰ ਪੁਛਾਂ ਸ਼ੁਰੂ ਹੋਈਆਂ। ਮੇਜ਼, ਕੁਰਸੀ, ਅੰਗੀਠੀ, ਮਕਾਨ, ਕਪੜਿਆਂ ਵਲ ਸੈਨਤਾਂ ਹੋਈਆਂ—ਕੀ ਇਹ ਇੰਡੀਆ ਵਿਚ ਨਹੀਂ ਹੁੰਦੀਆਂ ? ਉਥੇ ਘਰ ਹੈਨ ? ਤੇ ਬਾਹਰ ਬਾਗ਼ ਵਲ ਸੈਨਤ ਕਰਕੇ—"ਜਾਂ ਜੰਗਲ ਵਿਚ ਹੀ ਤੁਸੀਂ ਰਹਿੰਦੇ ਹੋ ?" ਉਹਨਾਂ ਦੇ ਭਾਣੇ ਮੈਂ ਰਿੰਨ੍ਹੀਆਂ ਪੱਕੀਆਂ ਚੀਜ਼ਾਂ ਏਸ ਲਈ ਨਹੀਂ ਸਨ ਖਾਧੀਆਂ ਕਿ ਮੈਂ ਜਾਂਗਲੀ ਹਾਂ ਤੇ ਜੰਗਲਾਂ ਵਿਚ ਹੀ ਫਲ ਖਾ ਕੇ ਗੁਜ਼ਾਰਾ ਕਰਦੇ ਹਾਂ। ਮਕਾਨਾਂ ਥੀਂ ਬਾਹਰ ਰਹਿੰਦੇ ਹਾਂ, ਤਾਹੀਓਂ ਜਾਂਗਲੀਆਂ ਵਾਂਗ ਦਾੜ੍ਹੀ ਅਤੇ ਕੇਸ ਲੰਮੇ ਕੀਤੇ ਹੋਏ ਹਨ, ਪਰ ਮੇਰੇ ਪਾਸ ਕੇਵਲ ਦੋ ਹੀ ਉਤਰ ਸਨ—"ਇਕ ਯਸੂਹ ਮਸੀਹ ਦਾ ਨਾਮ ਅਤੇ ਦੂਜੇ ਦੋਵੇਂ ਹੱਥ ਜੋੜ ਕੇ ਨਮਸਕਾਰ।" ਉਹ ਕੀ ਸਮਝਦੀਆਂ ਸਨ ਇਹ ਰੱਬ ਹੀ ਜਾਣੇ ਜਾਂ ਉਹ !

ਮੈਨੂੰ ਫ਼ਿਕਰ ਤਾਂ ਸੀ ਕਿ ਮੈਂ ਬੜੇ ਚਿਰ ਦਾ ਫ਼ੌਜ ਵਿਚੋਂ ਗੈਰਹਾਜ਼ਰ ਹਾਂ; ਪਰ ਉਥੇ ਇਕੋ ਉਤਰ ਬੜਾ ਕਾਫੀ ਸੀ, "ਮੈਂ ਰਾਹ ਭੁਲ ਗਿਆ ਤੇ ਚਾਰ ਘੰਟੇ ਟੱਕਰਾਂ ਮਾਰਦਾ ਮਸਾਂ ਮਸਾਂ ਪੁਛ ਪੁਛਾ ਕੇ ਪੁਜਾ ਹਾਂ।"

ਕੈਂਪ ਵਿਚ ਆ ਕੇ ਪਤਾ ਲਗਾ ਕਿ ਅੱਧਿਆਂ ਤੋਂ ਵਧੀਕ ਨੇ ਡਬਲ ਰੋਟੀ, ਬਿਸਕੁਟ, ਮੁਰੱਬੇ, ਮੱਖਣ, ਪਨੀਰ ਬਾਕੀਆਂ ਦੇ ਹਿਸੇ ਦਾ ਵੀ ਚਟਮ ਕਰ ਲਿਆ। ਮੇਰੇ ਦਿਲ ਦੀ ਲੱਤ ਦੋਹਾਂ ਬੇੜੀਆਂ ਉਪਰ ਸੀ। ਚਿੱਤ ਕਰੇ ਫਿਰ ਉਸੇ ਕੋਠੀ, ਉਨ੍ਹਾਂ ਹੀ ਕੁੜੀਆਂ ਪਾਸ ਮੁੜ ਚਲਾਂ ਅਤੇ ਮੇਜ਼ ਉਪਰ ਪਈਆਂ ਸਾਰੀਆਂ ਗਰਮਾ ਗਰਮ ਚੀਜ਼ਾਂ ਬੜੇ ਪ੍ਰੇਮ ਨਾਲ ਉਡਾਵਾਂ, ਪਰ ਹਾਲੀਂ ਤਿੰਨ ਦਿਨ ਹੋਰ ਨਾ ਖਾਣ ਵਾਲੇ ਧਰਮੀਆਂ ਨਾਲ ਸਰਬ, ਸੰਤੋਖ ਕਰ ਕੇ ਲੰਘਾਏ। ਘੋੜਿਆਂ ਦੇ ਦਾਣੇ ਵਿਚੋਂ ਜਾਂ ਤਾਂ ਛੋਲੇ ਚਬ ਲੈਂਦੇ, ਜਾਂ ਫਿਰ ਨਾਲ ਦੇ ਬਾਗ਼ਾਂ ਵਿਚੋਂ ਸੇਬ ਖਾ ਕੇ ਹੀ ਗੁਜ਼ਰਾਨ ਕੀਤੀ। ਪਰ ਅਖ਼ੀਰ ਚੌਥੇ ਦਿਨ ਮੇਰੀ ਗੌਜ਼ਲੀ ਨੇ ਮੈਨੂੰ ਸਿਧੇ ਰਾਹ ਤੇ ਪਾ ਹੀ ਲਿਆ। ਇਹ ਗੌਜ਼ਲੀ ਦੀ ਕਹਾਣੀ ਕਿਵੇਂ ਹੋਈ ? 'ਫਰਾਂਸਣ ਸਹੇਲੀ ਨੂੰ ਪੜ੍ਹੋ।'

# ਫ਼ਰਾਂਸਣ ਸਹੇਲੀ

ਮਾਰਸੇਲਜ (Marseilles) ਸਮੁੰਦਰ ਦੇ ਕੰਢੇ ਬੜਾ ਹੀ ਆਲੀ ਸ਼ਾਨ ਪੁਰਾਣਾ ਇਤਿਹਾਸਕ ਤੇ ਕਈ ਮੀਲਾਂ ਵਿਚ ਲੰਮਾ ਚੌੜਾ ਸ਼ਹਿਰ ਹੈ। ਬੰਦਰਗਾਹ ਹੋਣ ਕਰਕੇ ਹਰ ਇਕ ਦੇਸ ਦੇ ਵਸਨੀਕ ਮਾਰਸੇਲਜ਼ ਦੀਆਂ ਗਲੀਆਂ ਵਿਚ ਫਿਰਦੇ ਨਜ਼ਰ ਆਉਂਦੇ ਹਨ। ਤਜਾਰਤੀ ਜਹਾਜ਼ਾਂ ਦੇ ਹਿੰਦੁਸਤਾਨੀ ਮਲਾਹ ਕਈ ਵਾਰੀ ਮਾਰਸੇਲਜ਼ ਵੇਖ ਆਏ ਹੋਏ ਨੇ; ਪਰ ਅਜ ਕਲ ਮਾਰਸੇਲਜ਼ ਦੀ ਸਾਰੀ ਹੀ ਦੁਨੀਆ ਹਿੰਦੁਸਤਾਨੀ ਸੀ। ਅਸੀਂ ਜਿਤਨੇ ਦਿਨ ਇਥੇ ਰਹੇ, ਰੱਜ ਰੱਜ ਕੇ ਸ ਰਿਆਂ ਬਾਜ਼ਾਰਾਂ ਦੀ ਖੂਬ ਸੈਰ ਕੀਤੀ। ਜਹਾਜ਼ ਵਿਚ ਹੀ ਇੰਡੀਅਨ ਸਿੱਕੇ ਦੇਕੇ ਫ਼ਰਾਂਸੀਸੀ ਸਿੱਕੇ ਵਟਾ ਲਏ ਸਨ। ਕੈਂਪ ਦੇ ਲਾਗੇ ਹੀ ਟਰਾਮ ਆਣ ਕੇ ਖੜੋਂਦੀ, ਇਕ ਆਨਾ ਦਿਤਿਆਂ ਸਿੱਧੇ ਸ਼ਹਿਰ ਦੇ ਵਿਚਕਾਰ ਜਾ ਪਹੁੰਚਾਂਦੀ। ਸਾਡੇ ਦੇਸ ਵਾਂਗ ਹੀ ਜ਼ਨਾਨਾ, ਮਰਦਾਵਾਂ ਥਾਵਾਂ ਇਨ੍ਹਾਂ ਗਡੀਆਂ ਵਿਚ ਵਖੋ ਵਖਰੀਆਂ ਨਹੀਂ ਹਨ, ਸਗੋਂ ਹਰ ਖ਼ਾਲੀ ਥਾਂ ਉਪਰ ਹਰ ਇਸਤ੍ਰੀ ਪੁਰਸ਼ ਨੂੰ ਬੈਠਣ ਦੀ ਪੂਰਨ ਖੁਲ੍ਹ ਹੈ। ਆਜ਼ਾਦ ਮੁਲਕਾਂ ਦੀ ਕੋਈ ਸੁਸਾਇਟੀ ਇਹੋ ਜਿਹੀ ਨਹੀਂ ਜਿਥੇ ਇਸਤ੍ਰੀ ਦੀ ਸਾਂਝ ਨਾ ਹੋਵੇ। ਇਸ਼ਨਾਨ-ਮੇਲੇ, ਘੋੜਦੋੜਾਂ, ਜਲਸੇ, ਜਲੂਸ, ਧਾਰਮਕ ਇਕੱਠ, ਡਿਨਰ, ਫ਼ੀਸਟਾਂ, ਸਕੂਲ, ਕਾਲਜ, ਦੁਕਾਨਾਂ, ਹੋਟਲ, ਰੇਲ, ਸੜਕ, ਮੋਟਰ, ਬਾਗ਼ ਜਿਥੇ ਵੀ ਮਰਦ ਮੌਜੂਦ ਹੈ ਉਥੇ ਹੀ ਇਸਤ੍ਰੀ ਦਾ ਮੋਢਾ ਵੀ ਨਾਲ ਦੇ ਨਾਲ ਖਹਿੰਦਾ ਨਜ਼ਰ ਆਵੇਗਾ। ਉਨ੍ਹਾਂ ਦੇਸਾਂ ਦੀ ਸਫ਼ਲਤਾ ਇਸੇ ਖੁਲ੍ਹ ਵਿਚ ਹੈ।

ਮਾਰਸੇਲਜ਼ ਦੀਆਂ ਦੁਕਾਨਾਂ, ਹੋਟਲਾਂ, ਸਿਨਿਮਾ, ਟਰੇਮਾਂ, ਹਰ ਇਕ ਥਾਂ ਕੁੜੀਆਂ ਹੀ ਨੌਕਰ ਹਨ। ਇਕ ਐਡੀ ਵਡੀ ਦੁਕਾਨ, ਇਹੋ ਜਹੀਆਂ ਕਈ ਹੋਰ ਵੀ ਹੋਣਗੀਆਂ, ਜਿਸ ਵਿਚ ਹਰ ਇਕ ਘਰੋਗੀ ਚੀਜ਼ ਮੌਜੂਦ

ਸੀ। ਦੁਕਾਨ ਵਿਚ ਦਾਖਲ ਹੁੰਦਿਆਂ ਹੀ ਇਕ ਵਡਾ ਕਮਰਾ, ਜਿਸ ਦੀਆਂ ਕੰਧਾਂ ਨਾਲ ਬੈਠਣ ਤੇ ਆਰਾਮ ਕਰਨ ਲਈ ਰੇਲਵੇ ਦੇ ਮੁਸਾਫ਼ਰਖਾਨਿਆਂ ਵਾਂਗ ਬੈਂਚ ਮੌਜੂਦ ਸਨ ਅਤੇ ਕੰਧਾਂ ਉਪਰ ਦੁਕਾਨ ਦੇ ਨਕਸ਼ੇ, ਚੌਂਕਾਂ, ਛਤਾਂ, ਸਟੋਰੀਆਂ ਦੇ ਨੰਬਰ, ਮਿਲਣ ਵਾਲੀਆਂ ਚੀਜ਼ਾਂ ਦੇ ਨਾਮ ਅਤੇ ਕਿਸਮਾਂ, ਸਾਰਾ ਕੁਝ ਵੇਰਵੇ ਅਨੁਸਾਰ ਮੌਜੂਦ ਸੀ। ਇਹ ਸਾਰਾ ਕੁਝ ੧, ੨, ੩, ੪, ੫ ਦੀ ਤਰਤੀਬਵਾਰ ਇਉਂ ਸਿਆਣਪ ਨਾਲ ਚਿਤਰਿਆ ਪਿਆ ਸੀ ਕਿ ਪੁਛਣ ਦੀ ਲੋੜ ਹੀ ਨਹੀਂ ਸੀ ਰਹਿੰਦੀ; ਪਰ ਹੈ ਸੀ ਸਾਰਾ ਕੁਝ ਹੀ ਫਰਾਂਸੀਸੀ ਲਿਖਤ ਵਿਚ।

ਇਸ ਦੁਕਾਨ ਦੇ ਅੰਦਰ ਹਰ ਇਕ ਚੀਜ਼ ਲਈ ਵਖੋ ਵਖਰੇ ਸਟਾਲ ਸਨ। ਚੀਨੀ ਦੇ ਬਰਤਨ, ਕੱਚ ਦਾ ਸਾਮਾਨ, ਕਪੜਾ, ਦਰੀਆਂ, ਲਕੜੀ ਦੀਆਂ ਚੀਜ਼ਾਂ, ਸਟੇਸ਼ਨਰੀ, ਸਬਜ਼ੀਆਂ, ਫਰੂਟ, ਮੀਟ, ਦਾਲਾਂ, ਦੁਧ, ਮੱਖਣ, ਹਰ ਇਕ ਚੀਜ਼ ਇਥੇ ਮੌਜੂਦ ਸੀ। ਇਸ ਸ਼ਾਹੀ ਦੁਕਾਨ ਉਪਰ ਇਨ੍ਹਾਂ ਦਾ ਆਪਣਾ ਹੀ ਸਿੱਕਾ ਚਾਲੂ ਸੀ। ਬਾਹਰੋਂ ਖਜ਼ਾਨਚੀ ਪਾਸੋਂ ਫਰਾਂਸੀ, ਅੰਗਰੇਜ਼ੀ, ਇੰਡੀਅਨ, ਕਿਸੇ ਵੀ ਆਪਣੇ ਮੁਲਕ ਦੇ ਸਿਕੇ ਦੇਕੇ, ਇਸ ਦੁਕਾਨ ਤੋਂ ਨੋਟ ਤੁੜਾ ਲਵੋ। ਜੋ ਮਾਲ ਖਰੀਦੋ, ਇਹੋ ਨੋਟ ਵਰਤੋ ਤੇ ਬਾਹਿਰ ਜਾਂਦਿਆਂ ਫਿਰ ਆਪਣੀ ਮਰਜ਼ੀ ਅਨੁਸਾਰ ਜਿਸ ਦੇਸ ਦੇ ਸਿੱਕੇ ਚਾਹੋ ਵੱਟਾ ਲਵੋ। ਅਨੇਕਾਂ ਚੀਜ਼ਾਂ ਥੀਂ ਵੱਖ ਇਕ ਸਟਾਲ ਉਪਰ ਮਕਾਨਾਂ, ਕੋਠੀਆਂ ਤੇ ਬਿਲਡਿੰਗਾਂ ਦੇ ਮਾਡਲ ਮੌਜੂਦ ਸਨ। ਹਰ ਇਕ ਦੇ ਨਾਲ ਬਿਲਡਿੰਗ ਦਾ ਮੁਲ ਵਾਲਾ ਗੱਤਾ ਲਟਕ ਰਿਹਾ ਸੀ। ਪੰਜ, ਪੰਦਰਾਂ, ਤਿੰਨ, ਹਜ਼ਾਰ! ਹਰ ਇਕ ਮਕਾਨ ਦੀ ਤਿਆਰੀ ਦਾ ਮੁਲ ਦਰਜ ਹੈ ਸੀ। ਤੁਸੀਂ ਜ਼ਮੀਨ ਦਸ ਦਿਓ, ਕੰਪਨੀ ਨਮੂਨੇ ਅਨੁਸਾਰ ਸਮੇਂ ਦੇ ਅੰਦਰ ਮਕਾਨ ਤਿਆਰ ਕਰ ਦੇਵੇਗੀ।

ਇਕ ਇਸੇ ਤਰ੍ਹਾਂ ਦੇ ਸ਼ਾਹੀ ਹੋਟਲ ਦੀ ਸੈਰ ਕੀਤੀ। ਹੋਟਲ ਦੀ ਲੰਬਾਈ, ਚੌੜਾਈ, ਛੱਤਾਂ, ਕਮਰੇ ਗਿਣੇ ਨਹੀਂ ਸਨ ਜਾਂਦੇ। ਹਰ ਮੇਜ਼ ਉਪਰ ਘੰਟੀ ਮੌਜੂਦ ਹੈ। ਘੰਟਾ, ਦੋ ਘੰਟੇ, ਚਾਰ ਘੰਟੇ ਬੈਠ ਕੇ ਸਾਰੀ ਪਾਰਟੀ ਅਨੇਕਾਂ ਹੀ ਚੀਜ਼ਾਂ ਖਾਈ ਜਾਵੇ, ਹੱਸ ਹੱਸ ਕੇ ਫ਼ਰਾਂਸਣ ਕੁੜੀਆਂ ਸਾਰਾ ਕੁਝ ਲਿਆਈ ਜਾਣਗੀਆਂ। ਬਿਲ ਤਾਰਨ ਵੇਲੇ ਮੇਜ਼ ਦੀਆਂ ਪਲੇਟਾਂ ਗਿਣਿਆਂ ੫।।।–) ਜੋੜ ਲਏ ਜਾਣਗੇ। ਜਿਵੇਂ ਸਾਡੇ ਦੇਸ ਵਿਚ ਰੇਲਵੇ ਟੀ-ਸਟਾਲਾਂ ਨੇ ਚਾਹ ਦੀਆਂ ਪਿਆਲੀਆਂ

ਉਪਰ ਹੀ ਦੋ ਪੈਸੇ, ਚਾਰ ਪੈਸੇ ਅਤੇ ਦੁਆਨੀ ਦਾ ਠੱਪਾ ਲਾ ਦਿੱਤਾ ਹੈ, ਇਵੇਂ ਹੀ ਇਸ ਹੋਟਲ ਦੀ ਹਰ ਇਕ ਚੀਜ਼, ਪਲੇਟ; ਗਿਲਾਸ ਜਾਂ ਪਿਆਲੀ. ਜਿਸ ਵਿਚ ਚੀਜ਼ ਦਿਤੀ ਜਾਂਦੀ ਹੈ, ਜਿਤਨੇ ਮੁਲ ਦੀ ਚੀਜ਼ ਹੋਵੇ, ਉਤਨੇ ਮੁਲ ਦਾ ਠੱਪਾ ਲੱਗਾ ਹੋਇਆ ਹੈ। ਬਿਲ ਤਾਰਨ ਸਮੇਂ ਤਿੰਨ, ਪੰਜ, ਦੋ, ਨੌਂ, ਅੱਠ, ਕ੍ਰਿਪਾਲੂ ਜੀ, ਇਕ ਰੁਪਿਆ ਗਿਆਰਾਂ ਆਨੇ ਬਣਦੇ ਹਨ। ਬਸ, ਵਡੀ ਇਕੋ ਗੱਲ ਕਿ ਭਾਂਡੇ ਸਾਰਿਆਂ ਥੀਂ ਅਖੀਰ ਚੁਕੇ ਜਾਣਗੇ।

ਸਾਡੀ ਪਾਰਟੀ ਹੋਟਲ ਵਿਚ ਸੈਰ ਕਰਨ ਹੀ ਗਈ ਸੀ। ਕਿਸੇ ਚੀਜ਼ ਦੇ ਖਾਣ ਪੀਣ ਦੀ ਆਗਿਆ ਸਾਡਾ ਮਜ਼੍ਹਬ ਨਹੀਂ ਸੀ ਦਿੰਦਾ। ਹੋਟਲ ਵਿਚ ਬੈਠੇ ਕਈ ਉਹ ਅੰਗਰੇਜ਼, ਜਿਹੜੇ ਹਿੰਦੁਸਤਾਨ ਵਿਚੋਂ ਹੋ ਗਏ ਸਨ, ਸਾਨੂੰ ਵੇਖ ਵੇਖ ਹਸਦੇ ਤੇ ਫ਼ਰਾਂਸੀਸੀ ਸਾਡੀ ਵੱਖਰੀ ਨਸਲ, ਪਹਿਰਾਵਾ, ਜਿਨਸ, ਅਦਭੁਤ ਦਾੜ੍ਹੇ ਤੇ ਦਸਤਾਰੇ ਵੇਖ ਵੇਖ ਅੰਗਰੇਜ਼ਾਂ ਥੀਂ ਵੀ ਵਧ ਹੈਰਾਨ ਹੋਏ।

* * * *

ਗਰਮ ਦੇਸ ਦੇ ਹਿੰਦੁਸਤਾਨੀਆਂ ਲਈ ਬਰਫ਼ਾਨੀ ਮੁਲਕਾਂ ਵਿਚ ਰਹਿਣਾ ਅਤੇ ਫਿਰ ਲੜਾਈ ਦੇ ਦਿਨਾਂ ਅੰਦਰ, ਬੜੀ ਹੀ ਔਖਿਆਈ ਦਾ ਕਾਰਨ ਸੀ। ਬਾਹਰ ਮੈਦਾਨਾਂ ਵਿਚ ਤੰਬੂਆਂ ਦੇ ਅੰਦਰ ਰਹਿਣਾ ਜਾਣੋ ਮੌਤ ਸਹੇੜਨਾ ਸੀ। ਇਸੇ ਲਈ ਫ਼ਾਇਰਿੰਗ-ਲਾਇਨ ਥੀਂ ਦੂਰ ਪਿਛੇ ਪੇਂਡੂ ਆਬਾਦੀ ਵਿਚ ਰਸਾਲਿਆਂ ਦੇ ਡਵੀਯਨਾਂ ਨੂੰ ਘਰਾਂ ਦੇ ਅੰਦਰ ਘੋੜਿਆਂ ਸਮੇਤ ਰਹਿਣ ਲਈ ਥਾਂ ਦਿਤੀ ਗਈ। Oarlans ਥੀਂ ਗੱਡੀ ਚੜ੍ਹ ਕੇ ਜਦੋਂ ਅਸੀਂ ਪਿੰਡਾਂ ਵਿਚ ਪੁਜੇ, ਤਾਂ ਹਰ ਇਕ ਘਰ ਦੇ ਬੂਹੇ ਅਗੇ ਇਕ ਕਾਲੀ ਤਖਤੀ ਉਪਰ ਜਵਾਨ, ਘੋੜੇ, ਇੰਡੀਅਨ ਆਫ਼ੀਸਰ, ਅਤੇ ਬ੍ਰਿਟਿਸ਼ ਆਫ਼ੀਸਰਾਂ ਲਈ ਥਾਂ ਦਾ ਵੇਰਵਾ ਦਿਤਾ ਹੋਇਆ ਸੀ। ਜਿਸ ਘਰ ਸਾਨੂੰ ਥਾਂ ਮਿਲੀ, ਉਥੇ ਚਾਰ ਘੋੜੇ ਅਤੇ ਚਾਰ ਜਵਾਨਾਂ ਦੀ ਥਾਂ ਸੀ ਇਹ ਵੱਡਾ ਜ਼ਿਮੀਂਦਾਰੀ ਘਰ ਸੀ। ਮਾਈ ਦੇ ਤਿੰਨ ਮੁੰਡੇ ਅਤੇ ਪਤੀ ਤੋਪਖਾਨੇ ਵਿਚ ਨੌਕਰ ਸਨ ਤੇ ਇਸ ਵੇਲੇ ਲੜਾਈ ਵਿਚ ਗਏ ਹੋਏ ਸਨ। ਪਿਛੇ ਘਰ ਵਿਚ ਘਰ ਵਾਲੀ, ਉਸ ਦੀਆਂ ਦੋ ਕੰਵਾਰੀਆਂ ਧੀਆਂ ਤੇ ਉਹਨਾਂ ਦਾ ਨੌਕਰ ਯੂਸਫ਼, ਸਾਰਾ ਕੰਮ ਤੋਰਦੇ ਸਨ। ਸਾਰੇ ਹੀ ਫ਼ਰਾਂਸੀਸੀ ਆਪਣੇ ਜ਼ਿਮੀਂਦਾਰੇ ਕੰਮ ਦੇ ਨਾਲ

ਨਾਲ ਗਊਆਂ, ਖ਼ਰਗੋਸ਼, ਸੂਰ, ਮੁਰਗ਼ੇ, ਸ਼ਹਿਦ ਦੀਆਂ ਮੱਖੀਆਂ ਤੇ ਕਬੂਤਰ ਆਦਿ ਵੀ ਪਾਲਦੇ ਹਨ। ਇਹ ਸਾਰੀਆਂ ਚੀਜ਼ਾਂ ਜਿਥੇ ਘਰ ਦੀ ਖ਼ੁਰਾਕ ਬਣਦੀਆਂ ਹਨ, ਉਥੇ ਨਾਲ ਦੇ ਨਾਲ ਉਹਨਾਂ ਦੀ ਵਿਕਰੀ ਦਾ ਕਾਰਨ ਵੀ ਹੁੰਦੀਆਂ ਹਨ।

ਹਰ ਜ਼ਿਮੀਂਦਾਰੇ ਘਰ ਵਿਚ ਇਕ ਵੱਡਾ ਖਾਣ ਪੀਣ ਅਤੇ ਬੈਠਣ ਉਠਣ ਦਾ ਕਮਰਾ, ਜਿਸ ਦੀਆਂ ਕੰਧਾਂ ਉਪਰ Wall-Paper ਬੜਾ ਵਧੀਆ, ਤੇ ਖੁਸ਼-ਨੁਮਾ ਕਾਗ਼ਜ਼ ਮੜ੍ਹਿਆ ਹੁੰਦਾ ਹੈ। ਹਰ ਵੇਲੇ ਇਸ ਕਮਰੇ ਵਿਚ ਮੇਜ਼ ਅਤੇ ਕੁਰਸੀਆਂ ਮੌਜੂਦ ਰਹਿੰਦੀਆਂ ਹਨ। ਕੰਧ ਦੇ ਨਾਲ ਵਡੀ ਸਾਰੀ ਕੱਚ, ਚੀਨੀ ਦੇ ਭਾਂਡਿਆਂ ਦੀ ਅਲਮਾਰੀ ਵਿਚ ਪਲੇਟਾਂ, ਪਿਰਚਾਂ, ਪਿਆਲੇ, ਚਿਮਚੇ, ਗਲਾਸ, ਹਰ ਚੀਜ਼ ਬੜੀ ਵਧੀਆ ਤੇ ਸਾਫ਼ ਸੁਥਰੀ ਮੌਜੂਦ ਰਹਿੰਦੀ ਹੈ। ਕੁਰਸੀਆਂ ਲੋੜ ਵੇਲੇ ਮੇਜ਼ ਦੇ ਨਾਲ ਤੇ ਮਗਰੋਂ ਦੁਰਾਡੇ ਕੰਧ ਦੇ ਕੋਲ ਵਿਖਾਵੇ ਵਾਂਗ, ਜ਼ਿਮੀਦਾਰ ਮੇਜ਼ ਉਪਰ ਕੋਈ ਚਾਦਰ ਨਹੀਂ ਵਿਛਾਉਂਦੇ। ਇਸੇ ਕਮਰੇ ਦੀ ਉਪਰਲੀ ਛੱਤ ਤੇ ਸੌਣ ਲਈ ਵਖੋ ਵੱਖਰੀਆਂ ਥਾਵਾਂ, ਹਰ ਕਮਰੇ ਵਿਚ ਇਕ ਜੋੜੇ (ਇਸਤ੍ਰੀ-ਪੁਰਸ਼) ਲਈ ਹੀ ਥਾਂ ਹੁੰਦੀ ਹੈ। ਕਈ ਘਰਾਂ ਵਿਚ ਦੋ ਮੰਜੇ, ਪਰ ਬਹੁਤੀ ਥਾਈਂ ਇਕੋ ਹੀ ਮੰਜਾ ਇਸਤ੍ਰੀ ਪੁਰਸ਼ ਲਈ, ਦੋ ਕਿੱਲੀਆਂ ਕਪੜੇ ਟੰਗਣ ਲਈ, ਪਿਸ਼ਾਬ ਵਾਲਾ ਬਰਤਨ, ਮੋਮਬੱਤੀ, ਮੇਜ਼, ਪੈਰਾਂ ਵਲ ਨੂੰ ਮਸੀਹ ਦੀ ਤਸਵੀਰ, ਗਰਮ ਕੱਪੜੇ ਦੀ ਜੁੱਤੀ ਆਦਿ ਚੀਜ਼ਾਂ ਹੀ ਮੌਜੂਦ ਹੋਣਗੀਆਂ। ਪੈਰਾਂ ਨੂੰ ਗਰਮ ਰਖਣ ਲਈ ਕਈਆਂ ਨੇ ਪਸ਼ਮ ਵਾਲੀਆਂ ਬੜੀਆਂ ਸੁੰਦਰ ਬਿੱਲੀਆਂ ਵੀ ਪਾਲੀਆਂ ਹੋਈਆਂ ਹਨ। ਮਾਸੂਮ ਤੇ ਅੰਞਾਣੇ ਬੱਚਿਆਂ ਵਾਲੀ ਮਾਂ ਇਸੇ ਹੀ ਕਮਰੇ ਵਿਚ ਵਖਰੇ ਪੰਘੂੜੇ ਉਪਰ ਬੱਚੇ ਲਈ ਵੀ ਬਿਸਤਰਾ ਲਾ ਦਿੰਦੀ ਹੈ। ਘਰ ਦੇ ਮੁੰਡੇ ਕੁੜੀਆਂ ਇਹਨਾਂ ਹੀ ਕਮਰਿਆਂ ਵਿਚ ਵਖੋ ਵਖਰੇ ਹੀ ਸੌਂਦੇ ਹਨ। ਸੌਣ ਲਈ ਇਹ ਕਦੇ ਵੀ ਰਾਤ ਦੇ ਬਾਰਾਂ ਵਜੇ ਥੀਂ ਪਹਿਲਾਂ ਬਿਸਤਰੇ ਉਪਰ ਨਹੀਂ ਜਾਂਦੇ ਤੇ ਸੌਣ ਲਈ ਜਾਣ ਥੀਂ ਪਹਿਲਾਂ ਜਵਾਨ ਕੁੜੀਆਂ ਅਤੇ ਬਚੇ ਘਰ ਦੇ ਸਾਰਿਆਂ ਪਾਸੋਂ ਹੀ ਚੁਮਣੀ ਲੈਕੇ ਜਾਂਦੇ ਹਨ। ਫ਼ਰਾਂਸੀਸੀਆਂ ਵਾਂਗ ਇਹ ਹੱਕ ਇੰਡੀਅਨ ਸਿਪਾਹੀਆਂ ਨੂੰ ਵੀ ਮਿਲਦਾ ਸੀ, ਜਦੋਂ ਇਹ ਕਮਰੇ ਵਿਚ ਹੋਣ। ਸਵੇਰੇ ਅੱਠ ਨੌਂ ਥੀਂ ਪਹਿਲਾਂ ਨਹੀਂ ਜਾਗਦੇ। ਘਰ ਦੀ ਨੌਕਰਾਣੀ

ਜਾਂ ਵੱਡੀ ਬੁਢੀ ਮਾਤਾ ਸਾਰਿਆਂ ਥੀਂ ਪਹਿਲਾਂ ਅੰਗੀਠੀ ਉਪਰ ਕਾੜ੍ਹੀ ਤਿਆਰ ਕਰਦੀ ਤੇ ਹਰ ਇਕ ਦੇ ਸੌਣ ਵਾਲਾ ਬੂਹਾ ਖਟਖਟਾ ਕੇ ਗਰਮ ਗਰਮ ਕਾੜ੍ਹੀ ਅੰਦਰ ਹੀ ਪਿਲਾ ਦਿਤੀ ਜਾਂਦੀ-ਬਿਸਤਰੇ ਵਿਚ ਹੀ।

ਜਦੋਂ ਕੋਈ ਲੀੜ ਕਪੜੇ ਪਾ ਬਾਹਰ ਵੱਡੇ ਕਮਰੇ ਵਿਚ ਪੁਜਦਾ ਤਾਂ ਸਵੇਰ ਦੀ ਸਲਾਮ ਨਾਲ "ਰਾਤ ਚੰਗੀ ਬੀਤੀ" ਜ਼ਰੂਰ ਪੁਛਿਆ ਜਾਂਦਾ। ਸਵੇਰੇ ਕੰਮ ਕ ਜ ਉਪਰ ਜਾਣ ਥੀਂ ਪਹਿਲਾਂ ਹਰ ਕੋਈ ਦੰਦ, ਮੂੰਹ, ਨੱਕ, ਬੂਟ ਆਦਿਕ ਸਾਫ਼ ਕਰਦਾ, ਪਰ ਜੇ ਕਿਸੇ ਇਸ਼ਨਾਨ ਕਰਨਾ ਹੁੰਦਾ ਤਾਂ ਉਹ ਦਿਨ ਦਾ ਕੰਮ ਮੁਕਾ ਕੇ ਰਾਤ ਦੇ ਅੱਠ ਵਜੇ ਹੀ ਬੰਦ ਕਮਰੇ ਵਿਚ ਇਸ਼ਨਾਨ ਕਰਦਾ, ਨਹੀਂ ਤਾਂ ਵਧੀਆ ਸਾਬਣ ਬੁਰਦਾਰ ਤੌਲੀਏ ਉਪਰ ਘਸਾ ਕੇ ਥੋੜੀ ਜਹੀ ਝੱਗ ਮੂੰਹ, ਗਲਾ, ਗਰਦਨ ਉਪਰ ਮਲ ਲਈ ਜਾਂਦੀ ਅਤੇ ਸਾਬਣ ਦੀ ਤਰਾਵਤ ਸੁਗੰਧੀ ਨੂੰ ਕਾਇਮ ਰਖਣ ਲਈ ਮਾੜੇ ਜਹੇ ਗਿਲੇ ਕਪੜੇ ਨਾਲ ਸਰੀਰ ਦੇ ਹਿਸਿਆਂ ਨੂੰ ਸਾਫ਼ ਕਰ ਦੇਂਦੇ, ਜਿਸ ਦੇ ਕਾਰਨ, ਸੁਗੰਧੀ ਤੇ ਚਮਕ ਖਲੜੀ ਉਪਰ ਮੌਜੂਦ ਰਹਿੰਦੀ। ਖੁਸ਼ਬੂਦਾਰ ਤੇਲ, ਵੈਸਲੀਨ, ਪਾਊਡਰ, ਸੁਰਖ਼ੀ, ਦੰਦਾਂ ਦੀ ਪੇਸਟ ਆਦਿਕ ਜ਼ਿਮੀਂਦਾਰਾਂ ਵਿਚ ਵਰਤਣ ਦਾ ਉਕਾ ਹੀ ਰਿਵਾਜ ਨਹੀਂ। ਸੋਹਣੀ ਥੀਂ ਸੋਹਣੀ ਅਤੇ ਨਖ਼ਰੇ ਥੀਂ ਨਖ਼ਰੇ ਵਾਲੀ ਅਮੀਰ ਕੁੜੀ ਵੀ ਇਹ ਚੀਜ਼ਾਂ ਨਹੀਂ ਵਰਤਦੀ। ਹਾਂ, ਬਾਜ਼ਾਰੀ ਕੁੜੀਆਂ ਨਖਰੇ-ਵਖਰੇ ਅਤੇ ਇਸ਼ਕ-ਮੁਸ਼ਕ ਵਧਾਉਣ ਤੇ ਜੋਬਨ ਜਵਾਨੀ ਵੇਚਣ ਲਈ ਜ਼ਰੂਰ ਇਹ ਚੀਜ਼ਾਂ ਵਰਤਦੀਆਂ ਹਨ।

ਸਾਰੇ ਹੀ ਫਰਾਂਸ ਵਿਚ ਬਾਰਾਂ ਵਜੇ ਥੀਂ ਦੋ ਵਜੇ ਤਕ ਖਾਣ ਪੀਣ ਦਾ ਵੇਲਾ ਹੁੰਦਾ ਹੈ। ਬਜ਼ਾਰਾਂ ਦੀਆਂ ਭੀੜਾਂ ਮਿੰਟਾਂ ਵਿਚ ਹੋਟਲਾਂ ਅੰਦਰ ਜਾ ਢੁਕਦੀਆਂ ਹਨ। ਜ਼ਿਮੀਦਾਰੇ ਘਰਾਂ ਵਿਚ ਵੀ ਇਹ ਸਾਦਾ, ਸਵੱਛ ਤੇ ਨਰੋਆ ਭੋਜਨ ਡਾਢੀ ਤਸੱਲੀ ਨਾਲ ਕੀਤਾ ਜਾਂਦਾ ਹੈ। ਅੰਗੀਠੀ ਉਪਰ ਇਕ ਵਡੇ ਚੀਨੀ ਦੇ ਦੇਗਚੇ ਅੰਦਰ ਇਕ ਮਾਸ ਦਾ ਟੁਕੜਾ ਤੇ ਉਸ ਦੇ ਇਰਦੇ ਗਿਰਦੇ ਸਾਫ ਕੀਤੀਆਂ ਸਬਜ਼ੀਆਂ, ਗਾਜਰਾਂ, ਮੂਲੀਆਂ, ਸ਼ਲਗਮ; ਆਲੂ, ਬੰਦ ਗੋਭੀ ਆਦਿ ਸਾਰਾ ਕੁਝ ਹੀ ਚਿਣ ਕੇ ਪਤੀਲੇ ਨੂੰ ਪਾਣੀ ਨਾਲ ਭਰ ਕੇ ਪੂਰੇ ਚਾਰ ਘੰਟੇ ਅੱਗ ਉਪਰ ਰਿੰਨ੍ਹਿਆ ਜਾਂਦਾ। ਨਾ ਹੀ ਕੜਛੀ ਅਤੇ ਨਾ ਹੀ ਤੜਕਾ। ਭੋਜਨ ਕਰਨ ਵੇਲੇ ਸਾਰਿਆਂ ਥੀਂ ਪਹਿਲਾਂ ਇਸ ਸ਼ੋਰਬੇ ਦਾ ਇਕ ਇਕ ਪਿਆਲਾ ਪੀਂਦੇ

ਹਨ। ਇਹੋ ਹੀ ਸਬਜ਼ੀਆਂ ਤੇ ਮੀਟ ਦਾ ਅਮੋਲਕ ਰਸ ਉਨ੍ਹਾਂ ਦੀ ਤੰਦਰੁਸਤੀ, ਚਿਹਰੇ ਦੀ ਸੁਰਖੀ ਤੇ ਰਿਸ਼ਟ-ਪੁਸ਼ਟ ਜਵਾਨੀ ਦਾ ਕਾਰਨ ਹੈ। ਸਾਡੇ ਦੇਸ ਵਿਚ ਅੰਨ ਜ਼ਿਆਦਾ ਅਤੇ ਸਬਜ਼ੀ ਘਟ ਖਾਧੀ ਜਾਂਦੀ ਹੈ, ਪਰੰਤੂ ਇਸ ਦੇ ਉਲਟ ਉਹ ਡਬਲ ਰੋਟੀ ਦੇ ਦੋ ਤਿੰਨ ਟੁਕੜਿਆਂ ਨਾਲ ਸਬਜ਼ੀ ਦੀ ਪੂਰੀ ਪੂਰੀ ਪਲੇਟ ਡਕਾਰ ਲੈਂਦੇ ਹਨ। ਮੀਟ ਭਾਵੇਂ ਹਰ ਰੋਜ਼ ਤੇ ਦੋਵੇਂ ਵੇਲੇ ਹੀ ਖਾਧਾ ਜਾਂਦਾ ਹੈ, ਪਰ ਮਸਾਂ ਇਕ ਆਦਮੀ ਦੇ ਹਿਸੇ ਇਕ ਛਟਾਂਕ ਹੀ ਆਉਂਦਾ ਹੈ। ਉਹੀ ਉਬਲਿਆ ਹੋਇਆ ਟੁਕੜਾ ਕਰਦ ਨਾਲ ਸਿਲੱਪਾਂ ਕਟ ਕੇ ਮਖਣ ਜਾਂ ਚਰਬੀ ਵਿਚ ਤਲ ਕੇ ਇਕ ਅਧਾ ਹੀ ਟੁਕੜਾ ਖਾਂਦੇ ਹਨ। ਦੁਪਹਿਰ ਅਤੇ ਰਾਤ ਥੀਂ ਵਖ ਤਿੰਨ ਵੇਲੇ ਹੋਰ, ਚਾਹ ਦੀ ਪਿਆਲੀ ਨਾਲ, ਨਿਕਾ ਜਿਹਾ ਨੁਕਲ ਵੀ ਹੁੰਦਾ ਹੈ। ਇਕ ਟੁਕੜਾ ਰੋਟੀ, ਮਖਣ, ਅੰਡਾ, ਪਨੀਰ, ਜੋ ਵੀ ਕਿਸੇ ਨੂੰ ਪੁਜ ਆਵੇ, ਪਰ ਪੰਜ ਵੇਲੇ ਜ਼ਰੂਰ ਖਾਂਦੇ ਹਨ। ਸਰਦੀ ਹੋਣ ਕਰ ਕੇ ਥੋੜੀ ਬਹੁਤੀ ਸ਼ਰਾਬ ਵੀ ਸਭੋ ਨਿਕੇ ਵਡੇ ਵਰਤਦੇ ਹਨ। ਫ਼ਰਾਂਸ ਵਿਚ ਸ਼ਰਾਬ ਦੋ ਪੈਸੇ ਦੀ ਵੀ ਨਿਕੇ ਜਹੇ ਗਲਾਸ ਵਿਚ ਕਾਫ਼ੀ ਦੀ ਪਿਆਲੀ ਵਿਚ ਪਾਣ ਲਈ ਵਿਕਦੀ ਹੈ। ਭਾਵੇਂ ਸ਼ਰਾਬ ਦੀਆਂ ਕੀਮਤੀ ਥੀਂ ਕੀਮਤੀ ਕਈ ਕਿਸਮਾਂ ਹੋਣਗੀਆਂ, ਪਰ ਜ਼ਿਮੀਦਾਰੇ ਘਰਾਂ ਵਿਚ ਸੇਆਂ ਦੀ ਸ਼ਰਾਬ ਸੀਤ, ਬੀਰ ਜਵਾਂ ਦੀ ਸ਼ਰਾਬ, ਵਾਇਨ ਅੰਗੂਰਾਂ ਦੀ ਤੇ ਸਾਦੀ ਜਿਹੀ ਉਦਵੀ ਆਮ ਪ੍ਰਚਲਤ ਹੈ।

ਕੁਸ਼ੀ ਲਾਟੋਰ (Kushi Lator) ਜਿਸ ਘਰ ਅਸੀਂ ਚਾਰ ਹਿੰਦੁਸਤਾਨੀ ਰਹਿੰਦੇ ਸਾਂ, ਉਹਨਾਂ ਦੀਆਂ ਵੀ ਅੱਠ ਗਊਆਂ ਸਨ। ਬਾਕੀ ਜਾਨਵਰਾਂ ਵਾਂਗ ਇਨ੍ਹਾਂ ਦੀ ਵੀ ਬੜੀ ਚੋਖੀ ਰਾਖੀ ਹੁੰਦੀ ਸੀ। ਬਿਨਾਂ ਬੱਚੇ ਦੇ ਘਰ ਦੀਆਂ ਦੋਵੇਂ ਕੁੜੀਆਂ ਗੋਜਲੀ ਅਤੇ ਜੁਲੀਅਨ ਆਪਣੇ ਨੌਜੁਆਨ ਨੌਕਰ ਯੂਸਫ ਨਾਲ ਮਿਲਕੇ ਸਵੇਰੇ, ਦੁਪਹਿਰੇ ਅਤੇ ਸ਼ਾਮੀਂ ਤਿੰਨ ਵਾਰੀ ਗਊਆਂ ਨੂੰ ਚੋਂਦੇ। ਡੇਰੀ ਫਾਰਮਾਂ ਦੇ ਵੱਡੇ ਵੱਡੇ ਪਿਤਲ ਦੇ ਢੋਲਾਂ ਵਿਚ ਪਾਕੇ ਟਾਂਗੇ ਪੁਰ ਲੱਦ ਨਾਲ ਦੇ ਸਟੇਸ਼ਨ ਉਪਰ Milk Train ਰਾਹੀਂ ਸ਼ਹਿਰਾਂ ਨੂੰ ਘਲ ਦਿਤਾ ਜਾਂਦਾ।

* * * * *

ਸਾਡੇ ਸਿਖੀ ਖਿਆਲਾਂ ਵਿਚ ਅਜੇ ਤਾਈਂ ਫ਼ਰਕ ਨਹੀਂ ਸੀ

ਆਇਆ। ਹਾਲਾਂ ਵੀ ਅਸੀਂ ਛੂਤ ਛਾਤ ਦੇ ਖ਼ਿਆਲਾਂ ਨਾਲ ਫ਼ਰਾਂਸੀਸੀਆਂ ਪਾਸੋਂ ਨਫ਼ਰਤ ਹੀ ਕਰਦੇ ਸਾਂ। ਇਸ ਪਿੰਡ ਪੁਜਕੇ ਸਾਡੇ ਰਾਸ਼ਨ ਦਾ ਚੰਗਾ ਪ੍ਰਬੰਧ ਹੋ ਚੁਕਿਆ ਸੀ। ਦਾਲ, ਆਲੂ, ਘਿਉ, ਹਲਦੀ, ਨਿਮਕ, ਮਿਰਚ, ਆਟਾ, ਹਰ ਲੋੜੀਂਦੀ ਚੀਜ਼ ਮਿਲ ਜਾਂਦੀ ਤੇ ਭਾਵੇਂ ਬਾਹਰ ਬਰਫ ਪੈਂਦੀ ਤੇ ਵਰਖਾ ਹੁੰਦੀ, ਪਰ ਲੰਗਰ ਦੋਵੇਂ ਵੇਲੇ ਬੜੀ ਚੰਗੀ ਤਰ੍ਹਾਂ ਪੱਕਦਾ। ਜਿਸ ਘਰ ਅਸੀਂ ਉਤਾਰਾ ਕੀਤਾ ਸੀ, ਘਰ ਵਾਲਿਆਂ ਸਾਡੇ ਅਗੇ ਅੱਧਾ ਕੁ ਘਿਓ ਦਾ ਟੀਨ ਲਿਆ ਧਰਿਆ ਤੇ ਟੁਟੀ ਫੁਟੀ ਫਰਾਂਸੀਸੀ ਵਿਚ ਅਸਾਂ ਸਮਝਿਆ ਕਿ ਸਾਥੋਂ ਪਹਿਲਾਂ ਗਏ ਹਿੰਦੁਸਤਾਨੀ ਛਡ ਗਏ ਹਨ। ਕਈ ਦਿਨਾਂ ਦੇ ਫਾਕਿਆਂ ਮਗਰੋਂ ਬੜੀ ਪ੍ਰਸੰਨਤਾ ਹੋਈ। ਚਾਹ ਦੀ ਕਠੀ ਕੀਤੀ ਖੰਡ ਨਾਲ ਕੜਾਹ ਪ੍ਰਸ਼ਾਦ ਬਣਾਇਆ। ਫਰਾਂਸੀਸੀ ਘਰੋਂ ਬਰਤਨ ਮੰਗ ਕੇ ਖੂਬ ਮਾਂਜੇ, ਚੌਂਕੇ ਦੀ ਹੱਦ ਪਾਈ, ਨਵੇਕਲੀ ਥਾਂ ਆਟਾ ਗੁਨ੍ਹਿਆਂ ਤੇ ਪੂੜੀਆਂ ਆਲੂ ਬੜਾ ਸਵਾਦੀ ਭੋਜਨ ਤਿਆਰ ਕੀਤਾ। ਮਨਾਂ ਨੂੰ ਪ੍ਰਸੰਨਤਾ ਹੈ ਸੀ ਕਿ ਅਜ ਪੂਰੀ ਪਵਿਤ੍ਰਤਾ ਨਾਲ ਭੋਜਨ ਤਿਆਰ ਕੀਤਾ ਹੈ ਤੇ ਕਲਗੀਧਰ ਦੇ ਸਿਖ ਬੜੇ ਪ੍ਰੇਮ ਨਾਲ ਛਕਣ ਦਾ ਅਨੰਦ ਲੈਣਗੇ। ਪੂੜੀਆਂ ਗਿਣੀਆਂ, ਪੰਜ ਦਰਜਨਾਂ ਸਨ। ਦਸ ਵੀਹ ਹੋਰ ਤਲਣ ਦਾ ਖਿਆਲ ਸੀ ਕਿ ਫਰਾਂਸਣ ਕੁੜੀਆਂ ਨੂੰ ਵੀ ਦਿਤੀਆਂ ਜਾਣ!

ਗੌਜਲੀ, ਜੁਲੀਅਨ ਤੇ ਯੂਸਫ ਸਾਢੇ ਨੌਂ ਵਜੇ ਸਟੇਸ਼ਨ ਥੀਂ ਦੁਧ ਪੁਚਾ ਕੇ ਮੁੜੇ। ਦੋਵੇਂ ਕੁੜੀਆਂ ਟਾਂਗੇ ਥੀਂ ਉਤਰਦਿਆਂ ਹੀ ਸਿਧੀਆਂ ਉਥੇ ਆਈਆਂ, ਜਿਥੇ ਅਸੀਂ ਬੜੀ ਸੁਚਮਣ ਨਾਲ ਲੰਗਰ ਤਿਆਰ ਕਰ ਰਹੇ ਸਾਂ ਅਤੇ ਆਉਂਦਿਆਂ ਹੀ ਬੜੇ ਗਹੁ ਨਾਲ ਪੂਰੀਆਂ ਵੱਨੀ ਵੇਖ ਪ੍ਰਸੰਨਤਾ ਭਰੀਆਂ ਅੱਖਾਂ ਮਟਕਾਈਆਂ ਅਤੇ ਮਲਕੜੇ ਹੀ ਦੋਹਾਂ ਨੇ ਇਕ ਇਕ ਪੂੜੀ ਚੁਕ ਕੇ, ਸਾਡੇ ਹਾਲ ਪਾਹਰਿਆ ਪਾਉਂਦਿਆਂ, ਆਪੋ ਆਪਣੀਆਂ ਬੁਲ੍ਹੀਆਂ ਉਪਰ ਰਖ ਕੇ ਦੰਦੀਆਂ ਚਾ ਵਢੀਆਂ, ਪਰ ਜਦੋਂ ਅਸੀਂ ਚਾਰੇ ਚੁਲ੍ਹਾ ਚੌਂਕਾ ਛੱਡ, ਚੌਂਕਿਓਂ ਬਾਹਰ ਹੋ ਆਪਣੀ ਬੋਲੀ ਵਿਚ ਆਖਿਆ:—"ਹੇ ਤੁਹਾਡਾ ਬੇੜਾ ਗ਼ਰਕ ਹੋਵੇ!"

ਅਤੇ ਫਿਰ ਮੱਥੇ ਉਪਰ ਹੱਥ ਮਾਰਿਆ, ਤਾਂ ਦੋਹਾਂ ਹੀ ਭੈਣਾਂ ਨੇ ਦੰਦੀਆਂ ਵੱਢੀਆਂ ਹੋਈਆਂ ਪੂੜੀਆਂ ਬਾਕੀ ਪੂੜੀਆਂ ਵਾਲੇ ਢੇਰ ਵਿਚ ਸਿਟ ਕੇ, ਹੈਰਾਨਗੀ ਪ੍ਰਗਟ ਕੀਤੀ ਅਤੇ ਸ਼ਰਮਿੰਦੀਆਂ ਹੋ ਵਿਚਾਰੀਆਂ

ਦੋਵੇਂ ਹੀ ਘਰ ਵਲ ਨੂੰ ਤੁਰ ਗਈਆਂ।

ਉਨ੍ਹਾਂ ਦੇ ਜਾਣ ਮਗਰੋਂ ਸਾਡੀ ਚਾਰ ਕੌਂਸਲ ਨੇ ਫ਼ਤਵਾ ਦਿਤਾ ਕਿ ਫਰਾਂਸ ਵਿਚ ਰਹਿਕੇ ਇਤਨਾ ਸਖ਼ਤ ਪ੍ਰਹੇਜ਼ ਬੜਾ ਕਠਨ ਅਤੇ ਔਖਾ ਹੈ। ਸਾਰੀਆਂ ਚੀਜ਼ਾਂ ਤਿਆਰ ਹੋ ਚੁਕੀਆਂ ਸਨ। ਚੁਲ੍ਹੇ ਦੀ ਅੱਗ ਬੁਝਾਈ ਗਈ ਅਤੇ ਸਾਰੀਆਂ ਚੀਜ਼ਾਂ ਚੁਕ ਕੇ ਅਸੀਂ ਵੀ ਉਸ ਮੇਜ਼ ਉਪਰ ਜਾ ਬੈਠੇ, ਜਿਥੇ ਯੂਸਫ, ਗੌਜਲੀ, ਜੁਲੀਅਨ ਅਤੇ ਉਹਨਾਂ ਦੀ ਮਾਂ ਬੈਠੇ ਰਾਤ ਦੀ ਰੋਟੀ ਦਾ ਅਨੰਦ ਲੈ ਰਹੇ ਸਨ। ਸ਼ੋਰਬੇ ਦਾ ਧੂੰਆਂ ਸਾਰੇ ਕਮਰੇ ਵਿਚ ਫੈਲ ਰਿਹਾ ਸੀ, ਗੌਜ਼ਲੀ ਨੇ ਪੂੜੀਆਂ, ਆਲੂ, ਕੜਾਹ ਪ੍ਰਸ਼ਾਦ, ਚੀਨੀ ਦੀਆਂ ਪਲੇਟਾਂ ਵਿਚ ਪਾਕੇ ਵਰਤਾਏ। ਅੱਜ ਪਹਿਲੀ ਵਾਰੀ ਫਰਾਂਸ ਵਿਚ ਪੁਜਿਆ ਪੈਂਤੀ ਦਿਨਾਂ ਮਗਰੋਂ ਅਸਾਂ ਅਨੰਦ ਮਈ ਭੋਜਨ ਛਕਿਆ। ਫਿਰ ਕੀ ਸੀ ਇਸ ਦਿਨ ਥੀਂ ਬਾਅਦ ਹਰ ਰੋਜ਼ "ਹਮ-ਨਿਵਾਲਾ ਤੇ ਹਮ-ਪਿਆਲਾ।" ਉਹਨਾਂ ਦੇ ਘਰਾਂ ਵਿਚ ਹੀ ਉਹਨਾਂ ਹੀ ਪਲੇਟਾਂ ਤੇ ਭਾਂਡਿਆਂ ਵਿਚ ਅਖੀਰ ਉਹਨਾਂ ਦੀਆਂ ਪੱਕੀਆਂ ਹੋਈਆਂ ਚੀਜ਼ਾਂ ਵੀ ਛਕਣੀਆਂ ਛਕਾਣੀਆਂ ਅਰੰਭ ਦਿਤੀਆਂ। ਸਾਰੇ ਫਰਾਂਸ ਵਿਚ ਗੌਜ਼ਲੀ ਮੇਰੀ ਪਹਿਲੀ ਸਹੇਲੀ ਸੀ। ਕਈ ਵਾਰੀ ਚਿਠੀਆਂ ਆਉਂਦੀਆਂ ਜਾਂਦੀਆਂ ਰਹੀਆਂ, ਗੌਜ਼ਲੀ ਬੜੇ ਪ੍ਰੇਮ ਵਾਲੀ, ਪਵਿਤ੍ਰ ਸੁਚੇ ਹਿਰਦੇ ਦੀ ਮਾਲਕ, ਸੁੰਦਰ, ਰੰਗੀਲੀ, ਹਸਮੁਖ, ਚੁਲ-ਬੁਲੀ ਕਦੇ ਵੀ ਨਾ ਥੱਕਣ ਤੇ ਅੱਕਣ ਵਾਲੀ ਨੌਜਵਾਨ ਕੁੜੀ ਹੈਸੀ। ਜਦੋਂ ਮੈਂ ਚਾਰ ਮਹੀਨੇ ਮਗਰੋਂ 'ਬੇਤੂਨ' ਦੇ ਮੋਰਚੇ ਥੀਂ ਮੁੜਿਆ, ਤਾਂ ਆਉਂਦੀ ਵਾਰੀ ਐਤਵਾਰ ਦੀ ਛੁਟੀ ਲੈਕੇ ਇਕ ਰਾਤ ਇਨ੍ਹਾਂ ਦੇ ਘਰ ਆਰਾਮ ਕੀਤਾ। ਉਸ ਦਿਨ ਇਸ ਦਾ ਵਿਚਕਾਰਲਾ ਭਰਾ—ਜਿਹੜਾ ਤੋਪਖਾਨੇ ਵਿਚ ਨੌਕਰ ਸੀ—ਦਸ ਦਿਨਾਂ ਦੀ ਛੁਟੀ ਘਰ ਆਇਆ ਹੋਇਆ ਸੀ। ਇਸ ਮੁਲਾਕਾਤ ਮਗਰੋਂ ਕਈ ਵਾਰੀ ਯੂ, ਸਰੀਨ ਦੀਆਂ ਵੀ ਚਿਠੀਆਂ ਆਉਂਦੀਆਂ ਰਹੀਆਂ। ਮੈਨੂੰ ਕਈ ਵਾਰੀ ਹੁਣ ਵੀ ਗੌਜ਼ਲੀ ਚੇਤੇ ਆਉਂਦੀ ਹੈ, ਛੂਤ ਛਾਤ ਦੇ ਭਰਮ ਵਿਚੋਂ ਆਜ਼ਾਦੀ ਦਿਵਾਉਣ ਵਾਲੀ ਮੇਰੀ ਗੌਜ਼ਲੀ!

# ਹੌੜਵੀਂ ਰੋਟੀ

ਫਰਾਂਸ ਵਾਲੇ ਬੜੇ ਮਹਿਮਾਨ ਨਿਵਾਜ਼ ਹਨ । ਜਿਨ੍ਹਾਂ ਘਰਾਂ ਵਿਚ ਅਸਾਂ ਦੋ ਚਾਰ ਮਹੀਨੇ ਉਤਾਰਾ ਕੀਤਾ, ਉਨ੍ਹਾਂ ਘਰਾਂ ਦੀਆਂ ਇਸਤ੍ਰੀਆਂ ਤੇ ਨੌਜਵਾਨ ਕੁੜੀਆਂ ਹਿੰਦਸਤਾਨੀਆਂ ਨਾਲ਼ ਆਪਣਿਆਂ ਵਾਂਗ ਹੀ ਰਚ ਮਿਚ ਗਈਆਂ । ਜਿਵੇਂ ਅਸੀਂ ਘਰਾਂ ਵਿਚ ਰਹਿੰਦੇ ਸਾਂ, ਉਸੇ ਤਰਾਂ ਘਰਾਂ ਦੇ ਬੰਦੇ ਖ਼ਿਆਲ ਕੀਤੇ ਜਾਂਦੇ ਸਾਂ । ਸਾਡੇ ਸਿਪਾਹੀ ਵੀ ਬੜੇ ਚਾ-ਭਾ ਨਾਲ ਉਨ੍ਹਾਂ ਦੇ ਹਰ ਇਕ ਕੰਮ ਵਿਚ ਹਥ ਵਟਾਉਂਦੇ। ਵਿਆਹੀਆਂ ਅਤੇ ਅਣ-ਵਿਆਹੀਆਂ ਦੀਆਂ ਛੇੜਾਂ ਦੀਆਂ ਛੇੜਾਂ ਪਿੰਡਾਂ ਵਿਚ ਸਨ । ਨੌਜਵਾਨ ਮਰਦ ਸਭੋ ਘਰਾਂ ਥੀਂ ਬਾਹਰ ਸਨ । ਸਾਡੇ ਘਰ ਵਾਲੀ ਬੁਢੀ, ਮੈਡਮ ਨਿਨੀ, ਬੜੀ ਸਾਊ ਸੀ । ਇਸ ਵਿਚਾਰੀ ਦਾ ਕੋਈ ਮੁੰਡਾ ਨਹੀਂ ਸੀ, ਕੇਵਲ ਦੋ ਨੌਜਵਾਨ ਧੀਆਂ ਸਨ, ਜਿਹੜੀਆਂ ਪੈਰਸ ਵਿਚ ਕਿਸੇ ਵੱਡੀ ਦੁਕਾਨ ਉਪਰ ਮੁਲਾਜ਼ਮ ਸਨ । ਇਸ ਘਰ ਵਿਚ ਕੋਈ ਡੰਗਰ, ਮਾਲ, ਵਛਾ ਨਹੀਂ ਸੀ । ਮੈਡਮ ਨੇ ਕੇਵਲ ਖ਼ਰਗੋਸ਼ ਅਤੇ ਮੁਰਗ਼ੀਆਂ ਆਪਣੇ ਖਾਣ ਲਈ ਪਾਲ ਰਖੀਆਂ ਸਨ । ਇਕ ਵੱਡਾ ਸੇਆਂ ਦਾ ਬਗ਼ੀਚਾ ਸੀ । ਜਦੋਂ ਅਸੀਂ ਇਥੇ ਪੁਜੇ, ਸੇਬ ਉਤਾਰ ਕੇ

ਇਕ ਦਲਾਨ ਵਿਚ ਰਖੇ ਜਾ ਚੁਕੇ ਸਨ, ਜਿਨ੍ਹਾਂ ਦੀ ਸ਼ਰਾਬ—ਜਿਸ ਨੂੰ "ਸੀਤ" ਆਖਦੇ ਹਨ—ਬਣਾਈ ਜਾਂਦੀ ਸੀ। ਆਪ ਮੈਡਮ ਨਿਨੀ ਦੁਕਾਨਦਾਰੀ ਕਰਦੀ ਸੀ, ਅਥਵਾ ਉਹ ਇਕ ਨਿਕੇ ਜਿਹੇ "ਰੈਸਟੋਰੈਂਟ" ਦੀ ਮਾਲਕ ਸੀ। ਇਸ ਦਾ ਕੋਠੀ-ਨੁਮਾ ਵਡਾ ਮਕਾਨ ਸੜਕ ਦੇ ਕਿਨਾਰੇ ਸੀ ਤੇ ਸੜਕ ਵਾਲੇ ਪਾਸੇ ਨੂੰ ਸ਼ਾਨਦਾਰ ਦੁਕਾਨ ਸੀ। ਆਏ ਗਏ ਪੇਂਡੂ ਅਤੇ ਮੁਸਾਫਰ ਇਥੋਂ ਆ ਕੇ ਸ਼ਰਾਬ, ਕਾਫੀ, ਚਾਹ ਪੀਂਦੇ ਅਤੇ ਨਿਕੀਆਂ ਮੋਟੀਆਂ ਚੀਜ਼ਾਂ ਖਰੀਦਦੇ ਸਨ। ਨਿਨੀ ਰਬ ਨੂੰ ਨਹੀਂ ਸੀ ਮੰਨਦੀ। ਉਹ ਆਖਿਆ ਕਰਦੀ ਕਿ ਹਜ਼ਰਤ ਮਸੀਹ ਦੀ ਹਕੂਮਤ ਮੁਕ ਚੁਕੀ ਹੈ। ਹੁਣ ਸਾਰਾ ਕੁਝ ਤੋਪਾਂ, ਮਸ਼ੀਨ ਗਨਾਂ ਅਤੇ ਹਵਾਈ ਜਹਾਜ਼ਾਂ ਵਿਚ ਹੈ। ਜੇ ਉਸ ਨਾਲ ਕਦੇ ਬਹਿਸ ਛੇੜੀ ਜਾਏ ਤਾਂ ਅਖੀਰ ਆਖ ਦਿਆ ਕਰਦੀ:—

"ਜੇ ਰਬ ਹੈ ਵੀ ਤਾਂ ਉਹ ਪਹਿਲਾਂ ਵਾਲਾ ਰਹਿਮਦਿਲ ਅਤੇ ਕਿਰਪਾਲੂ ਰਬ ਨਹੀਂ, ਹੁਣ ਉਹ ਵੀ ਕੈਸਰ ਦੇ ਨਾਲ ਨਾਲ ਹੀ ਭਿਆਨਕ ਅਤੇ ਡਰਾਉਣੀ ਸ਼ਕਲ ਧਾਰਨ ਕਰ ਬੈਠਾ ਹੈ।"

ਜਦੋਂ ਬਹੁਤਾ ਤੰਗ ਹੁੰਦੀ ਤਾਂ 'ਨੋ', 'ਨੈਵਰ' ਆਖਦੀ ਆਪਣੇ ਕੰਮ ਵਿਚ ਜੁਟ ਪੈਂਦੀ।

ਸ਼ਰਾਬ ਦੀ ਦੁਕਾਨ ਦੇ ਹੇਠਾਂ ਇਕ ਜ਼ਮੀਨ-ਦੋਜ਼ ਮਕਾਨ ਸੀ। ਇਸ ਵਿਚ ਸ਼ਰਾਬ ਦੇ ਬੜੇ ਵਡੇ ਵਡੇ ਮਟਕੇ ਸਨ। ਜਾਣੋਂ ਇਥੇ ਸ਼ਰਾਬ ਦਾ ਸਟਾਕ ਸੀ। ਹਫਤੇ ਪੰਦਰਵੇਂ ਦਿਨ ਬਾਹਰ ਸੜਕ ਉਪਰ ਹਾਥੀਆਂ ਵਰਗੇ ਘੋੜਿਆਂ ਦੀ ਗਡੀ ਆਣ ਕੇ ਖੜੋ ਜਾਂਦੀ, ਜਿਸ ਉਪਰ ਲਕੜ ਦੇ ਗੋਲ ਮੋਲ ਢੋਲ ਸ਼ਰਾਬ ਦੇ ਭਰੇ ਹੋਏ ਲਦੇ ਹੁੰਦੇ। ਰਬੜ ਦੀ ਨਲਕੀ, ਫਾਇਰ ਬ੍ਰਿਗੇਡ ਦੇ ਪਾਣੀ ਵਾਲੇ ਨਲਾਂ ਦੀ ਤਰ੍ਹਾਂ, ਜ਼ਮੀਨ ਦੋਜ਼ ਮਕਾਨ ਤਕ ਪੁਚਾ ਦਿਤੀ ਜਾਂਦੀ। ਮੈਡਮ ਨਿਨੀ ਦੇ ਸ਼ਰਾਬ ਵਾਲੇ ਜ਼ਖੀਰੇ ਨਕੋ ਨਕ ਭਰ ਦਿਤੇ ਜਾਂਦੇ। ਸ਼ਰਾਬ ਜਿਤਨੀ ਪੁਰਾਣੀ ਹੋਵੇ ਕੀਮਤੀ ਹੁੰਦੀ ਹੈ। ਸਾਡੇ ਹਿੰਦੁਸਤਾਨੀ ਸਿਪਾਹੀ ਵੀ ਬੁਢੀ ਨੂੰ ਔਤਰੀ ਨਿਖਤਰੀ ਖ਼ਿਆਲ ਕਰਦੇ ਹੋਇਆਂ ਉਸ ਦਾ ਸਾਰਾ ਕੁਝ ਹਜ਼ਮ ਕਰਨ ਲਈ ਤਿਆਰ ਸਨ। ਜਿਸ ਦਿਨ ਸ਼ਰਾਬ-ਗਡੀ ਆਉਂਦੀ, ਸਾਡੀਆਂ ਪਾਣੀ ਵਾਲੀਆਂ ਕੁਪੀਆਂ ਪਹਿਲਾਂ ਭਰੀਆਂ ਜਾਂਦੀਆਂ। ਜਦੋਂ ਮੈਡਮ

ਨੂੰ ਅਸੀਂ ਆਖਿਆ ਕਰਦੇ–"ਅਸੀਂ ਤੇਰੇ ਪੁਤਰ ਹਾਂ–ਤੇਰੇ ਪੁਤਰ-ਜੁ ਕੋਈ ਨਹੀਂ," ਤਾਂ ਉਹ ਬੜੀ ਪ੍ਰਸੰਨਤਾ ਨਾਲ ਸਾਰੀਆਂ ਖੇਚਲਾਂ ਝਲ ਲੈਂਦੀ ਤੇ ਪ੍ਰੇਮ ਵਿਚ ਆ ਕੇ ਆਖਿਆ ਕਰਦੀ:–

"ਗੁਡ ਇੰਡੀਅਨ–ਨੋ ਮੈਸ਼ਾਂ–ਵੁਈ–!"

ਪਰ ਜਿਸ ਦਿਨ ਰਾਤ ਨੂੰ ਬਹੁਤੀ ਪੀ ਲੈਣ ਮਗਰੋਂ ਸਿਪਾਹੀ ਬਾਘਾ ਪਾਉਂਦੇ ਅਤੇ ਹੇਠਲੀ ਉਪਰ ਹੋ ਜਾਂਦੀ, ਕਮਰੇ ਦੀਆਂ ਖਿੜਕੀਆਂ ਦੇ ਸ਼ੀਸ਼ੇ ਟੁਟ ਜਾਂਦੇ, ਤਾਂ ਉਹ ਬੜੀ ਤੰਗ ਪੈਂਦੀ ਤੇ ਆਖਦੀ :-

'ਇੰਡੀਅਨ ਮੇਸ਼ਾਂ–ਨੋ ਗੁਡ, ਆਈ ਰੀਪੋਰਟ ਬ੍ਰਿਟਿਸ਼!" ਪਰ ਸਵੇਰੇ ਖਿਮਾਂ ਮੰਗ ਲੈਣ ਕਰਕੇ ਓਹੀ ਸ਼ੀਸ਼ੇ ਫਿਰ ਮੁਰੰਮਤ ਹੋ ਜਾਂਦੇ, ਸਾਡੇ ਖਰਚ ਉਪਰ ਨਹੀਂ–ਬਲਕਿ ਉਸ ਦੇ ਖਰਚ ਉਪਰ !

ਪਲਟ ਂ ਨੂੰ ਆਰਾਮ ਦੇਣ ਲਈ ਕਈ ਵਾਰੀ (Cayalry) ਕੇਵਲਰੀਆਂ ਨੂੰ ਪੈਦਲ ਪਲਟਨਾਂ ਵਾਂਗ ਹੀ ਮੋਰਚਿਆਂ ਵਿਚ ਜਾਣਾ ਪੈਂਦਾ। ਹੁਣ ਫਿਰ ਵਾਰੀ ਆਈ। ਬੜੀ ਸਖ਼ਤ ਸਰਦੀ ਦੇ ਦਿਨ ਸਨ। ਕਈ ਕਈ ਦਿਨ ਜਾਂ ਮੀਂਹ ਵਰ੍ਹਦਾ ਜਾਂ ਬਰਫ਼ ਪੈਂਦੀ। ਪਿਛੇ ਘੋੜਿਆਂ ਪਾਸ ਚਾਰ ਘੋੜਿਆਂ ਦੇ ਮਗਰ ਇਕ ਸਿਪਾਹੀ ਛਡ ਕੇ ਬਾਕੀ ਨਫਰੀ ਮੋਰਚਿ ਆਂ ਨੂੰ ਤਿਆਰ ਹੋ ਗਈ। ਪਿਛਲੀ ਵਾਰੀ ਅਸੀਂ ਘੋੜਿਆਂ ਉਪਰ ਗਏ ਸਾਂ ਅਤੇ ਪੈਦਲਾਂ ਨੂੰ ਉਥੇ ਉਤਾਰ ਕੇ ਘੋੜੇ ਪਿਛੇ ਲਿਆਂਦੇ ਸਨ, ਪਰ ਇਸ ਵਾਰੀ ਇੰਗਲੈਂਡ ਦੀਆਂ ਬਸਾਂ ਆਈਆਂ ਹੋਈਆਂ ਸਨ। ਇਹ ਬਸਾਂ ਲੰਡਨ ਦੇ ਸੈਲਾਨੀਆਂ ਨੂੰ ਲੰਡਨ ਦੇ ਬਜ਼ਾਰਾਂ ਦੀਆਂ ਸੈਰਾਂ ਕਰਾਕੇ ਥੱਕ ਅੱਕ ਚੁਕੀਆਂ ਸਨ ਅਤੇ ਹੁਣ ਹਿੰਦੀਆਂ ਨੂੰ ਫਾਇਰਿੰਗ ਲਾਂਇਨ ਵਿਚ ਪਹੁੰਚਾਉਣ ਲਈ ਸਰਵਿਸ ਉਪਰ ਆਈਆਂ ਸਨ। ਲਗ ਪਗ ਤੀਹ ਬਤੀ ਸਵਾਰੀਆਂ ਬੈਠ ਜਾਂਦੀਆਂ। ਬੜੀਆਂ ਸੁਖਦਾਈ, ਗਦੇਲੇ ਵਾਲੀਆਂ। ਇਸੇ ਨਮੂਨੇ ਦੀਆਂ ਇਸ ਲੜਾਈ ਥੀਂ ਪਹਿਲਾਂ ਲਾਹੌਰ ਵਿਚ ਵੀ ਸਰਵਿਸ ਕਰ ਚੁਕੀਆਂ ਹਨ।

ਸਾਰੀਆਂ ਤਿਆਰੀਆਂ ਹੋ ਚੁਕਣ ਮਗਰੋਂ ਸਿਪਾਹੀ ਬਸਾਂ ਵਿਚ ਜੈਕਾਰੇ ਗਜਾਂਦੇ, ਕੁੜੀਆਂ ਨੂੰ ਚੁੰਮਣੀਆਂ ਦਿੰਦੇ, ਮਿਠੀਆਂ ਲੈਂਦੇ ਤੁਰ

ਗਏ। ਤਾੜੀਆਂ ਵਜੀਆਂ, ਰੁਮਾਲ ਹਿਲੇ ਅਤੇ ਘਰਾਂ ਨੂੰ "ਸੰਜੋਗੀ ਮੇਲੇ" ਚਿਠੀਆਂ ਪਾਈਆਂ ਗਈਆਂ। ਫੌਜ ਨੂੰ ਦਸਿਆ ਗਿਆ ਸੀ ਕਿ ਪੰਦਰਾਂ ਦਿਨਾਂ ਮਗਰੋਂ ਬਦਲੀ ਹੋਣੀ ਹੈ, ਪੰਦਰਾਂ ਦਿਨ ਮੋਰਚਿਆਂ ਦੇ ਅੰਦਰ ਹੀ ਰਹਿਣਾ ਪਵੇਗਾ; ਪਰੰਤੂ ਬਾਰਸ਼ਾਂ ਬਹੁਤ ਜ਼ੋਰ ਦੀਆਂ ਹੋਣ ਦੇ ਕਾਰਨ ਜਰਮਨਾਂ ਵਾਲੇ ਪਾਸੇ ਦੀ ਨਹਿਰ ਚੜ੍ਹ ਗਈ ਅਤੇ ਦੁਵੱਲੀ ਮੋਰਚਿਆਂ ਵਿਚ ਪਾਣੀ ਆਉਣਾ ਸ਼ੁਰੂ ਹੋ ਗਿਆ। ਅਜੇ ਦੂਜੀ ਹੀ ਰਾਤ ਸੀ ਕਿ ਰਾਤ ਦੇ ਗਿਆਰਾਂ ਵਜੇ ਪਾਣੀ ਖਾਈਆਂ ਵਿਚ ਵਧਣਾ ਸ਼ੁਰੂ ਹੋ ਗਿਆ। ਗਿਟੇ ਗਿਟੇ ਭੰਗ ਪੀ ਲੈ, ਗੋਡੇ ਗੋਡੇ ਭੰਗ ਪੀ ਲੈ, ਪਟ ਪਟ, ਲਕ ਲਕ, ਧੁੰਨੀ, ਅਖੀਰ ਛਾਤੀ ਛਾਤੀ ਭੰਗ ਘੋਟ ਲੈ। ਭੰਗ ਤਾਂ ਕੁੜੀਆਂ ਵਿਆਹਾਂ ਉਪਰ ਗਾਉਂਦੀਆਂ ਹਨ ਅਤੇ ਗਿਣਦੀਆਂ ਜਾਂਦੀਆਂ ਹਨ–ਤੇਰੀ ਮੇਰੀ ਦੋਸਤੀ ਗਿਟੇ ਗਿਟੇ, ਪਿੰਨੀ, ਗੋਡੇ, ਪਟ, ਲੱਕ, ਧੁੰਨੀ, ਛਾਤੀ ਅਤੇ ਫਿਰ ਭੰਗ ਚੜ੍ਹ ਗਈ। ਮੋਰਚਿਆਂ ਵਿਚ ਵੀ ਇਹੋ ਹਾਲ ਸੀ। ਜਿਉਂ ਜਿਉਂ ਪਾਣੀ ਵਧਦਾ ਜਾਂਦਾ ਭੰਗ ਚੜ੍ਹਦੀ ਜਾਂਦੀ। ਪਹਿਲੇ ਦਿਨ ਰਾਤ ਦੇ ਗਿਆਰਾਂ ਵਜੇ ਪਾਣੀ ਆਉਣਾ ਸ਼ੁਰੂ ਹੋਇਆ ਅਤੇ ਸਵੇਰ ਤਕ ਛਾਤੀ ਛਾਤੀ ਜਾ ਪੁਜਾ। ਬਰਫਾਨੀ ਪਾਣੀ, ਫਿਰ ਉਪਰੋਂ ਅਜੇ ਮੀਂਹ ਵਰ੍ਹ ਰਿਹਾ ਸੀ। ਦੂਜਾ ਸਾਰਾ ਦਿਨ ਏਦਾਂ ਹੀ ਖਾਈਆਂ ਵਿਚ ਗੁਜ਼ਾਰਨਾ ਪਿਆ। ਦਿਨ ਵੇਲੇ "ਸਿਰ ਚੁਕਿਆ ਨਹੀਂ ਤੇ ਨਿਸ਼ਾਨਾ ਫੁੰਡਿਆ ਨਹੀਂ।" ਅਖੀਰ ਰਬ ਰਬ ਕਰਕੇ ਸੂਰਜ ਭਗਵਾਨ ਹੁਰੀਂ ਅਮਰੀਕਾ ਦੀ ਧਰਤੀ ਨੂੰ ਚਾਨਣਾ ਦੇਣ ਲਈ ਚਾਲੇ ਪਾ ਗਏ। ਸਾਡੀ ਬਦਲੀ ਵੀ ਆਣ ਪੁਜੀ, ਜਿਨਾਂ ਨੇ ਸਾਡੇ ਪਿਛਲੇ ਪਾਸੇ ਨਵੀਂ ਫਾਇਰਿੰਗ ਲਾਇਨ ਤਿਆਰ ਕਰਕੇ ਆਪਣੇ ਸਿਰ ਲੁਕਾ ਲਏ। ਗਾਰੇ ਵਿਚ ਲਤ–ਪਤ ਸਖਤ ਸਰਦੀਆਂ ਵਿਚ; ਸਾਰੇ ਗਰਮ ਕਪੜੇ ਭਿਜੇ ਹੋਇਆਂ ਤੇ ਚੜ੍ਹੀ ਹੋਈ ਭੰਗ ਵਾਂਗੂ ਡਿਗਦੇ ਉਠਦੇ ਖਾਈਆਂ ਵਿਚੋਂ ਬਾਹਰ ਆਏ। ਅੱਧ ਕੁ ਮੀਲ ਤੁਰ ਕੇ ਇਕ ਨਿਵਾਣ ਵਾਲੀ ਥਾਵੇਂ ਉਬਲੀ ਹੋਈ ਚਾਹ ਦੇ ਪਾਣੀ ਵਿਚ ਰਮ (ਸ਼ਰਾਬ) ਮਿਲੀ ਹੋਈ ਵਰਤ ਰਹੀ ਸੀ। ਇਕ ਇਕ ਪਿਆਲਾ ਪੀ ਕੇ ਢਲਵਾਨ ਦੇ ਹੇਠਾਂ ਖੜੋਤੀਆਂ ਬਸਾਂ ਉਪਰ ਸਿਪਾਹੀ ਆ ਕੇ ਸਵਾਰ ਹੋਈ ਜਾਂਦੇ ਸਨ। ਕਈਂ ਕਮਜ਼ੋਰ ਸਰੀਰ ਖੇਤ ਦੇ ਡਰਾਉਣੇ ਵਾਂਗ ਖਾਈਆਂ ਵਿਚ ਹੀ ਸਖ਼ਤ ਸਰਦੀ ਨਾਲ ਆਕੜ ਕੇ, ਜਿਵੇਂ ਸਟੈਂਡ-ਅਪ

ਜਾ ਕੇ ਖੜੋਤੇ ਸਨ, ਰਾਤੋ ਰਾਤ ਹੀ ਉਸੇ ਤਰ੍ਹਾਂ ਸਟੈਂਡ-ਅਪ ਹੀ ਖੜੋਤੇ ਰਹੇ। ਨਾਲ ਦੇ ਸਾਥੀ ਨੇ ਘੜੀ, ਨਕਦੀ ਜੋ ਹਥ ਆਇਆ ਹਿੰਮਤ ਕਰਕੇ ਕਾਬੂ ਕਰ ਲਿਆ ਤੇ ਫੌਜਾ ਸਿੰਘ ਉਥੇ ਹੀ ਜਰਮਨਾਂ ਵਲ ਨੂੰ ਬੰਦੂਕ ਦਾ ਮੂੰਹ ਕਰੀ ਚੁਪ ਚਾਪ ਸਟੈਂਡ-ਅਪ ਹੀ ਰਿਹਾ——।

ਬਸਾਂ ਕਈ ਆਬਾਦ ਪਿੰਡਾਂ ਵਿਚੋਂ ਲੰਘਦੀਆਂ ਮੈਡਮ ਨਿਨੀ ਵਾਲੇ ਪਿੰਡ ਆਣ ਪੁਜੀਆਂ। ਇਥੇ ਹੀ ਸਾਡਾ ਉਤਾਰਾ ਸੀ। ਅਗੋ ਪਿੰਡ ਦੀਆਂ ਕੁੜੀਆਂ, ਵਹੁਟੀਆਂ, ਤਰੀਮਤਾਂ ਤੇ ਬੱਚੇ ਜਿਸ ਸਧਰ ਨਾਲ ਘਲਿਆ ਸੀ ਉਸੇ ਉਤਸ਼ਾਹ ਨਾਲ ਜੀ ਆਇਆਂ ਨੂੰ ਆਖਣ ਲਈ ਖੜੇ ਸਨ।"ਤਰੀ ਮੇਰੀ ਦੋਸਤੀ ਛਾਤੀ ਛਾਤੀ" ਸਾਰਿਆਂ ਭੰਗੀਆਂ ਨੂੰ ਆਪੋ ਆਪਣੇ ਬਿਸਤਰਿਆਂ ਵਿਚ ਪੁਜਾ ਦਿਤਾ ਗਿਆ। ਬਰਫ ਦੇ ਪਾਣੀ ਨ ਲ ਸੁੰਨ ਹੋਏ ਹਥ, ਪੈਰ ਜਿਉਂ ਜਿਉਂ ਠੰਢੇ ਹੁੰਦੇ ਜਾਂਦੇ ਉਹਨਾਂ ਵਿਚ ਖੂਨ ਜੰਮਦਾ ਜਾਂਦਾ ਅਤੇ ਜਿਨ੍ਹਾਂ ਨੇ ਹਥ ਪੈਰ ਅੰਗੀਠੀ ਦੇ ਨੇੜੇ ਬੈਠ ਅਗ ਉਪਰ ਸੇਕ ਲਏ ਉਹਨਾਂ ਵਿਚਾਰਿਆਂ ਦਾ ਬੜਾ ਬੁਰਾ ਹਾਲ ਹੋਇਆ। ਹਥਾਂ ਪੈਰਾਂ ਵਿਚੋਂ ਚਾਂਗ੍ਹਾਂ ਨਿਕਲਦੀਆਂ ਸਨ। ਮੀਟ, ਰਮ, ਖੰਡ ਸਾਰਾ ਹੀ ਰਾਸ਼ਨ ਚਾਰ ਦਿਨ ਡਬਲ ਮਿਲਦਾ ਰਿਹਾ। ਘਰੋ ਘਰੀ ਡਾਕਟਰ ਫਿਰ ਕੇ ਹਥਾਂ ਪੈਰਾਂ ਦੀਆਂ ਮਾਲਸ਼ਾਂ ਲਈ ਮਛੀ ਦਾ ਤੇਲ ਵੰਡਿਆ ਕਰਦਾ ਅਤੇ ਜਿਉਂ ਜਿਉਂ ਫਰਾਂਸਣਾਂ ਦੀਆਂ ਪਤਲੀਆਂ, ਸੁੰਦਰ ਤੇ ਬਾਰੀਕ ਉਂਗਲਾਂ ਦੀ ਮਾਲਸ਼ ਹਿੰਦੁਸਤਨੀ ਨੌਜਵਾਨਾਂ ਦੇ ਹਥਾਂ ਪੈਰਾਂ ਉਪਰ ਹੁੰਦੀ, ਉਹ ਰਾਜ਼ੀ ਹੁੰਦੇ ਜਾਂਦੇ। ਨਾਲ ਨਾਲ ਹੀ ਕੁੜੀਆਂ ਦੀਆਂ ਮੁਸਕਣੀਆਂ, ਹਾਸੇ ਚੁੰਮਣੀਆਂ, ਪਿਆਰ ਦਿਲ ਨੂੰ ਢ ਰਸ ਦਈ ਜਾਂਦੇ, ਮਹੀਨਿਆਂ ਦੀਆਂ ਬੀਮਾਰੀਆਂ ਦਿਨਾਂ ਵਿਚ ਕਟੀਆਂ ਗਈਆਂ।

ਮੈਡਮ ਨਿਨੀ ਨੇ ਸਾਡੀ ਚਵ੍ਹਾਂ ਦੀ ਪਾਰਟੀ ਨੂੰ ਅਜ ਰਾਤ ਦੀ ਰੋਟੀ ਆਪਣੇ ਘਰ ਖਵਾਉਣ ਦਾ ਨਿਉਂਦਾ ਦਿਤਾ। ਉਸ ਦੀਆਂ ਦੋਵੇਂ ਨੌਜਵਾਨ ਧੀਆਂ ਪੈਰਸ ਵਿਚੋਂ ਘਰ ਆਈਆਂ ਸਨ। ਮਾਂ ਨੇ ਲਿਖਿਆ ਸੀ, ਬੜੇ ਚੰਗੇ ਸ ਉ ਹਿੰਦੁਸਤਾਨੀ ਮੇਰੇ ਘਰ ਦੋ ਮਹੀਨੇ ਥੀਂ ਰਹਿੰਦੇ ਹਨ। ਮੈਨੂੰ ਸਭੇ ਹੀ ਮਮਾ ਮਮਾ (ਮਾਂ ਜੀ) ਆਖ ਕੇ ਬੋਲਦੇ ਹਨ। ਆਖਦੇ ਹਨ—"ਅਸੀਂ ਮੈਡਮ ਨਿਨੀ ਦੇ ਹੀ ਪੁਤਰ ਹਾਂ।"

ਪੈਰਸੋਂ ਆਈਆਂ ਕੁੜੀਆਂ ਨੇ ਤਿੰਨ ਚਾਰ ਤਰ੍ਹਾਂ ਦੇ ਮਹਾਂ ਪ੍ਰਸ਼ਾਦ

ਤਿਆਰ ਕੀਤੇ। ਅਸਾਂ ਮਡਮ ਨਿਨੀ ਨੂੰ ਚੰਗੀ ਤਰ੍ਹਾਂ ਸਮਝਾ ਦਿਤਾ ਸੀ। ਲੰਮੇ ਵਾਲਾਂ ਵਾਲੇ ਸਿਖ ਗਊ ਦਾ ਮਾਸ ਨਹੀਂ ਖਾਂਦੇ ਤੇ ਮੁਸਲਮਾਨਾਂ ਨੂੰ, ਜਿਨ੍ਹਾਂ ਦੇ ਕੇਸ ਬੋਦੀ ਦੋਵੇਂ ਹੀ ਨਾ ਹੋਣ, ਸੂਰ ਬ ਬੜੀ ਨਫਰਤ ਹੈ। ਰੋਟੀ ਥੀਂ ਪਹਿਲਾਂ ਚਾਰ ਪੰਜ ਤਰ੍ਹਾਂ ਦੀ ਸ਼ਰਬ ਵਰਤਾਈ ਗਈ। ਮੈਡਮ ਤੇ ਉਸ ਦੀਆਂ ਧੀਆਂ ਬੜੇ ਪਿਆਰ ਨਾਲ ਵਖੋ ਵਖ ਬੋਤਲਾਂ ਵਿਚੋਂ ਵਖੋ ਵਖ ਨਮੂਨੇ ਚਖਾਂਦੀਆਂ। ਨਾਲੋ ਨਾਲ ਫਰਾਂਸਣ ਕੁੜੀਆਂ ਦੀਆਂ ਗਲਾਂ, ਰਬ ਦੀ ਹੋਂਦ, ਪੈਰਸ ਦੀ ਸੁੰਦਰਤਾ ਲੜਾਈਆਂ ਦੀਆਂ ਗਲਾਂ ਵੀ ਹੁੰਦੀਆਂ। ਕਿਧਰੇ ਇਸ਼ਾਰੇ, ਕਿਧਰੇ ਸੈਨਤਾਂ ਨਾਲ ਹੀ ਕੁਝ ਫਰਾਂਸੀ ਤੇ ਟੁਟੀ ਫੁਟੀ ਅੰਗਰੇਜ਼ੀ ਮਿਲ-ਗੋਭਾ ਵਰਤੀ ਜਾ ਰਹੀ ਸੀ। ਬੜਾ ਹੀ ਅਨੰਦ ਆਇਆ। ਜਦੋਂ ਸ਼ਰਬ ਰਜ ਕੇ ਪੀਤੀ ਗਈ ਤਾਂ ਮੇਜ਼ ਉਪਰ ਤਲੇ ਹੋਏ ਆਲੂ, ਮਾਸ ਦੀਆਂ ਚਾਪਾਂ, ਖਰਗੋਸ਼, ਕੁਕੜ, ਡਬਲ ਰੋਟੀ, ਮਖਣ, ਪਨੀਰ, ਜਾਮ, ਸਲਾਦ ਤੇ ਚਟਣੀਆਂ ਆਦਿ ਕਈ ਚੀਜ਼ਾਂ ਆਈਆਂ। ਅਸਲ ਵਿਚ ਕੁੜੀਆਂ ਨੇ ਆਪਣੀ ਵਿਤੋਂ ਵਧ ਕੇ ਬੜੇ ਚਾ ਨਾਲ ਖਾਣੇ ਦੀ ਤਿਆਰੀ ਕੀਤੀ ਸੀ।

ਖਾਣਾ ਸ਼ੁਰੂ ਹੋਇਆ ਅਤੇ ਅਧ ਕੁ ਵਿਚ ਜਾਕੇ ਇਕ ਮੋਟਾ ਮਾਸ ਦਾ ਤਕੜਾ ਡਲਾ ਸਾਰੀਆਂ ਪਲੇਟਾਂ ਵਿਚ ਵਰਤਿਆ। ਹਰ ਵਾਰੀ ਇਕੋ ਚੀਜ਼ ਵਰਤਦੀ ਸੀ। ਜਦੋਂ ਉਹ ਖਾਧੀ ਜਾ ਚੁਕੇ ਤਾਂ ਮਗਰੋਂ ਦੂਜੀ ਦੀ ਵਾਰੀ ਆਉਂਦੀ। ਡਬਲ ਰੋਟੀ ਦੇ ਟੁਕੜੇ ਵਿਚਾਲੇ ਮੌਜੂਦ ਸਨ, ਮੋਟਾ ਮਾਸ ਦਾ ਡਲਾ ਆਪੋ ਆਪਣੀਆਂ ਪਲੇਟਾਂ ਵਿਚ ਵੇਖਕੇ ਅਸਾਂ ਸਾਰਿਆਂ ਨੂੰ ਹੀ ਸ਼ਕ ਪੈ ਗਿਆ ਅਤੇ ਮੈਡਮ ਨਿਨੀ ਪਾਸੋਂ ਪੁਛ ਹੋਈ ਕਿ ਇਹ ਕਿਸ ਚੀਜ਼ ਦਾ ਮਾਸ ਹੈ? ਅਸਾਂ ਸਾਰਿਆਂ ਜਾਨਵਰਾਂ ਦੇ ਨਾਂ ਲਏ—ਘੋੜਾ, ਬੈਲ, ਗਊ, ਮੁਰਗਾ, ਖਿਹਾ, ਸੂਰ, ਬਕਰਾ ਪਰ ਮੈਡਮ ਅਤੇ ਉਸ ਦੀਆਂ ਧੀਆਂ ਹਰ ਵਾਰੀ "ਨੋ" ਆਖਕੇ "ਪੈਟੀ-ਮਿਉਲ" ਆਖੀ ਜਾਣ। ਅਸਾਂ ਸਭਨਾਂ ਫੈਸਲਾ ਕੀਤਾ, ਚਲੋ ਗਊ ਮਾਸ ਤਾਂ ਹੈ ਹੀ ਨਹੀਂ, ਫਿਰ ਕੀ ਡਰ ਹੈ! ਬੜੇ ਸਵਾਦਾਂ ਨਾਲ ਪਚਾਕੇ ਲੈ ਲੈ ਖਾਧਾ। ਇਹ ਪ੍ਰੀਤੀ ਭੋਜਨ ਰਾਤ ਦੇ ਬਾਰਾਂ ਵਜੇ ਕਿਧਰੇ ਸਮਾਪਤ ਹੋਇਆ। ਕੁੜੀਆਂ ਅਤੇ ਮੈਡਮ ਵੀ ਥਕ ਅਕ ਗਈਆਂ। ਉਹ ਵੀ ਖਾਣੇ ਵਾਲੇ ਮੇਜ਼ ਥੀਂ ਉਠਦੀਆਂ ਸਿਧੀਆਂ

ਸੌਣ ਵਾਲੇ ਕਮਰੇ ਗਈਆਂ ਅਤੇ ਅਸੀਂ ਵੀ ਡਿਗਦੇ ਢਹਿੰਦੇ ਆਪੋ ਆਪਣੇ ਬਿਸਤ੍ਰਿਆਂ ਵਿਚ ਜਾ ਅੜਿੰਗ ਬੜਿੰਗ ਹੋਏ ! ਇਸ ਕਮਰੇ ਦੇ ਸਿਰਾਂਦੇ ਵਾਲੇ ਪਾਸੇ, ਜਿਥੇ ਅਸੀਂ ਪਰਾਲੀ ਉਪਰ ਸੌਂਦੇ ਸਾਂ, ਇਕ ਖਿੜਕੀ ਸੀ। ਜਦੋਂ ਰਾਤ ਨੂੰ ਬਰਫਾਂ ਤੇ ਮੀਂਹ ਪੈਂਦਿਆਂ ਸ਼ਰਲਾ ਆਉਂਦਾ ਤਾਂ ਸਭੇ ਇਥੋਂ ਹੀ ਬਾਹਰ ਨੂੰ ਮੂਤ ਲੈਂਦੇ। ਅਧੀ ਰ ਤ ਤਾਂ ਉ ਂਞ ਹੀ ਲੰਘ ਗਈ ਸੀ। ਜਦੋਂ ਸਭੇ ਮਦ-ਹੋਸ਼ ਸੁਤੇ ਪਏ ਸਾਂ, ਤਾਂ ਅਚਨਚੇਤ ਗਰਮਾ ਗਰਮ ਪਾਣੀ ਦੀ ਬਰਖਾ ਹੋਣ ਲਗੀ। ਜਦੋਂ ਤਤੀਰੀ ਸਜੇ ਪਾਸੇ ਵਾਲਿਆਂ ਉਪਰ ਪਈ ਤਾਂ ਉਹਨਾਂ ਹਾਲ ਪਾਹਰਿਆ ਕੀਤੀ । ਜਾਗੀਰ ਸਿੰਘ ਨੇ ਮੂੰਹ ਝਟ ਦੂਜੇ ਬੰਨੇ ਫੇਰ ਲਿਆ, ਪਰ ਜਦੋਂ ਉਧਰੋਂ ਵੀ ਗਾਲ੍ਹਾਂ ਦੀ ਵਾਲੀ ਹੋਈ ਤਾਂ ਦੂਜੇ ਪਾਸੇ ਮੁੜ ਪਿਆ ਤੇ ਆਖਣ ਲਗਾ:—

"ਖਿੜਕੀ ਵੀ ਥਿਅ ਵੇ ! ਦਸੋ, ਕਿਧਰ ਨੂੰ ਮੂਤਾਂ ?"

ਤਿੰਨ ਵਜੇ ਥੀਂ ਫਿਰ ਖਿਲੀ ਮਚ ਗਈ । ਲੈਂਪ ਬਾਲਿਆ ਗਿਆ, ਦੁਰਫਿਟ, ਤੋਹਿ, ਲਾਨ੍ਹਤ ਹੋਈ। ਮੂੰਹ ਉਪਰ ਲੀੜਾ ਫੇਰਿਆ। ਦਿਨ ਚੜ੍ਹੇ ਜਿਸ ਜਿਸ ਨੇ ਸੁਣਿਆ ਖੂਬ ਖਿਲੀ ਮਚੀ। ਲੂਣਾ ਸੀ ਜਾਂ ਮਿਠਾ ? ਸਵਾਦ ਬੀਰ ਵਰਗਾ ਹੋਣਾ ਹੈ ? ਨਾਲੀਆਂ ਵਿਚ ਪਏ ਸ਼ਰਾਬੀਆਂ ਦੇ ਮੂੰਹ ਕੁੱਤੇ ਚਟਿਆ ਕਰਦੇ ਹਨ ਅਤੇ ਜਾਂਦੀ ਵਾਰੀ ਸ਼ਰਲਾ ਵੀ ਮਾਰ ਜਾਂਦੇ ਨੇ, ਪਰ ਇਥੇ ਇਤਨਾ ਬਚਾ ਹੋ ਗਿਆ । ਕਈ ਵਾਰੀ ਖੇਡਦੇ ਮਾਸੂਮ ਬੱਚੇ ਮਾਪਿਆਂ ਦੇ ਉਪਰ ਮੂਤ ਹੀ ਦਿੰਦੇ ਹਨ। ਸੋ ਅਸਾਂ ਵੀ ਜਾਗੀਰੀ ਨੂੰ ਆਪਣਾ ਪੁੱਤ ਹੀ ਖਿਆਲ ਕੀਤਾ।

ਪਰ ਪੂਰੀ ਮੌਜ ਉਸ ਦਿਨ ਬਣੀ ਜਦੋਂ ਪੰਜਵੇਂ ਸਤਵੇਂ ਦਿਨ ਮਗਰੋਂ ਮੈਡਮ ਨਿਨੀ ਭਜੀ ਭਜੀ ਆਈ। ਬਾਜ਼ਾਰ ਦੇ ਚੌਂਕ ਵਿਚ ਇਕ ਗੱਡੀ ਆਈ ਹੋਈ ਸੀ। ਇਹ ਖਾਨਾ-ਬਦੋਸ਼ਾਂ ਦਾ ਟਬਰ ਸੀ। ਗੱਡੀ ਦੇ ਮੂਹਰੇ ਗਧਾ (ਖੋਤਾ) ਜੋਤਿਆ ਹੋਇਆ ਸੀ । ਮੈਡਮ ਨੇ ਬੜੇ ਸਤਿਕਾਰ ਤੇ ਖੁਸ਼ੀ ਨਾਲ ਆਕੇ ਦਸਿਆ। ਜਿਹੜਾ ਮੋਟਾ ਮੋਟਾ ਡੌਲਾ ਆਪਾਂ ਉਸ ਦਿਨ ਖਾਧਾ ਸੀ, ਉਹ ਇਸੇ ਜਾਨਵਰ ਦਾ ਹੈਸੀ। "ਪੇਟੀ ਮਿਉਲ" ਇਸੇ ਨੂੰ ਆਖਦੇ ਹਨ । ਹੁਣ ਸਾਨੂੰ ਵੀ ਪਤਾ ਲਗਾ ਕਿ ਉਹ ਮੋਟਾ ਮਾਸ ਗਧੇ ਦਾ ਸੀ। ਕੁੜੀਆਂ ਦੇ ਪੈਰਸ ਜਾਣ ਥੀਂ ਪਹਿਲਾਂ ਅਸਾਂ ਵੀ ਇਕ ਦਿਨ ਉਹਨਾਂ ਨੂੰ ਪ੍ਰੀਤੀ ਭੋਜਨ ਛਕਾ-

ਇਆ। ਪੂੜੀਆਂ, ਕੜਾਹ, ਖੀਰ, ਪਰਾਉਂਠੇ, ਮਾਂਹ ਦੀ ਧੋਤਵੀਂ ਦਾਲ, ਆਲੂ, ਮੱਠਾ, ਭੋਨਵਾਂ ਤੇ ਤਰੀ ਵਾਲਾ, ਪਰ ਜਿਵੇਂ ਅਸੀਂ ਹਰ ਇਕ ਚੀਜ਼ ਨੂੰ ਰੋਟੀ ਨਾਲ ਖਾਂਦੇ ਹਾਂ, ਉਹ ਹਰ ਇਕ ਚੀਜ਼ ਨੂੰ ਕੇਵਲ ਕੱਲਿਆਂ ਹੀ ਖਾ ਕੇ ਖੁਸ਼ ਹੁੰਦੀਆਂ ਸਨ। ਉਹ ਆਖਦੀਆਂ ਸਨ, ਇਕ ਚੀਜ਼ ਨੂੰ ਦੂਜੀ ਨਾਲ ਰਲਾਇਆਂ ਸਵਾਦ ਜਾਂਦਾ ਰਹਿੰਦਾ ਹੈ। ਮਸਾਲੇ ਵਿਚ ਭੁੰਨੀਆਂ ਚੀਜ਼ਾਂ ਉਹਨਾਂ ਪ੍ਰਸੰਨਤਾ ਨਾਲ ਖਾਧੀਆਂ। ਇਹਨਾਂ ਵਿਚ ਸੁਰਖ਼ ਮਿਰਚਾਂ ਮੂਲੋਂ ਨਹੀਂ ਸਨ। ਹਲਦੀ ਲਈ ਕੁੜੀਆਂ ਆਖ ਰਹੀਆਂ ਸਨ ਕਿ ਅੰਦਰੋਂ ਕਿਵੇਂ ਨਿਕਲਦੀ ਹੋਣੀ ਹੈ। ਹੱਥ, ਕਪੜਾ, ਪਲੇਟ ਜਿਥੇ ਇਕ ਵਾਰੀ ਲਗ ਜਾਏ, ਨਹੀਂ ਲਹਿੰਦੀ।

# ਪੱਟ ਦਾ ਜ਼ਖਮ

ਫ਼ਰਾਂਸ ਵਿਚ ਰਹਿੰਦਿਆਂ ਢਾਈ ਤਿੰਨ ਵਰ੍ਹੇ ਬੀਤ ਗਏ ਸਨ। ਇਸ ਸਮੇਂ ਵਿਚ ਜਿਥੇ ਅਨੇਕਾਂ ਵਾਰੀ ਮੈਦਾਨਿ-ਜੰਗ ਦੇ ਅਦਭੁਤ ਨਜ਼ਾਰੇ ਵੇਖੇ, ਉਥੇ ਹੀ ਜ਼ਿਮੀਂਦਾਰੀ ਹਲ-ਪੰਜਾਲੀ, ਡੰਗਰ, ਮਾਲ, ਮਾਹਵਾਰੀ ਮੇਲੇ, ਪੇਂਡੂ ਕੁੜੀਆਂ ਮੁੰਡੇ, ਵਿਆਹ ਸ਼ਾਦੀਆਂ, ਗਿਰਜੇ, ਸਕੂਲ, ਕਾਰਖਾਨੇ, ਸੈਰਾਂ, ਡਿਨਰ, ਵਿਛੋੜੇ, ਮਿਲਣੀਆਂ, ਗੱਲ ਕੀ ਫ਼ਰਾਂਸ ਦਾ ਚੱਪਾ ਚੱਪਾ ਅੰਦਰੋਂ ਬਾਹਰੋਂ ਵੇਖ ਲਿਆ ਸੀ। ਫਿਰ ਅਸੀਂ ਨਿਪਟ ਸੈਲਾਨੀ ਹੀ ਨਹੀਂ ਸਾਂ, ਇਹਨਾਂ ਦੇ ਘਰਾਂ ਵਿਚ ਰਹਿਣ ਵਾਲੇ ਘਰਾਂ ਵਾਂਗ ਹੀ ਕੰਮ ਕਰਨ ਵਾਲੇ। ਜਿਥੇ ਹਿੰਦੁਸਤਾਨੀ ਉਹਨਾਂ ਦੇ ਘਰਾਂ ਦੇ ਕੰਮ ਕਾਜ ਵਿਚ ਹੱਥ ਵਟਾਉਂਦੇ, ਉਥੇ ਉਹਨਾਂ ਦੇ ਜ਼ਿਮੀਂਦਾਰੀ ਕੰਮਾਂ ਵਿਚ ਭੀ ਮਦਦ ਦਿੰਦੇ ਸਨ।

ਮੈਂ ਜਿਤਨੀਆਂ ਵੀ ਕਿਤਾਬਾਂ ਪੜ੍ਹੀਆਂ ਹਨ—ਵਲੈਤੀ ਸਫ਼ਰਨਾਮਾ, ਪੂਰਬ ਪੱਛਮ, ਪ੍ਰਦੇਸ ਯਾਤਰਾ, ਅਮਰੀਕਾ ਦੀ ਸੈਰ, ਲਗ ਪਗ ਸਾਰੀਆਂ ਹੀ ਅਮੀਰ ਭਾਵਨਾ, ਸ਼ਹਿਰੀ-ਜੀਵਨ ਹਾਵ-ਭਾਵ ਅਤੇ ਸੈਰ ਸਪਾਟੇ ਵਾਲਿਆਂ ਖਿਆਲਾਂ ਵਿਚੋਂ ਲਿਖੀਆਂ ਗਈਆਂ ਹਨ, ਪਰੰਤੂ

ਮੇਰੀਆਂ ਇਹ ਸਾਰੀਆਂ ਹੀ ਕਹਾਣੀਆਂ ਪ੍ਰਤੱਖ ਵਾਪਰੀਆਂ, ਇਕ [illegible] ਬੀਤੀਆਂ, ਜ਼ਿਮੀਂਦਾਰੇ ਅਤੇ ਆਮ ਸਾਧਾਰਣ ਜੀਵਾਂ ਨਾਲ ਸਬਧ ਰਖਦੀਆਂ ਹਨ। ਇਹਨਾਂ ਵਿਚ ਕਿਧਰੇ ਵੀ ਵਿਖਾਵਾ ਜਾਂ ਬਨਾਵਟ ਸ਼ਾਇਦ ਹੀ ਹੋਵੇ। ਹਰ ਇਕ ਦੇਸ਼ ਵਿਚ ਸ਼ਹਿਰੀ ਅਤੇ ਪੇਂਡੂ ਜੀਵਨ, ਰਹਿਣੀ ਬਹਿਣੀ ਵਿਚ ਫਰਕ ਹੋਇਆ ਕਰਦਾ ਹੈ। ਇਹੋ ਹਾਲ ਬੋਲੀ ਵਿਚ ਹੈ। ਪੈਰਸ, ਮਾਰਸੇਲਜ਼, ਰੂਆਨ ਦੇ ਇਲਾਕੇ ਫਰਾਂਸੀਸੀ ਤੇ ਅੰਗਰੇਜ਼ੀ ਮਿਲਾ ਜੁਲਾ ਕੇ ਬੋਲਦੇ ਹਨ। ਬਿਲਜੀਅਮ ਦੇ ਨਾਲ ਲਗਵੇਂ ਸ਼ਹਿਰ ਫਰਾਂਸੀਸੀ ਤੇ ਬਿਲਜੀਅਮੀ ਕੱਠੀ ਬੋਲਦੇ ਹਨ। ਇਸੇ ਤਰ੍ਹਾਂ ਜਰਮਨ ਸਰਹੱਦਾਂ ਨਾਲ ਰਲਦੇ ਪਿੰਡ ਅਤੇ ਸ਼ਹਿਰ ਜਰਮਨ ਤੇ ਫਰਾਂਸੀ ਰਲਾ ਕੇ ਬੋਲਦੇ ਹਨ।

ਫਰਾਂਸੀਆਂ ਅਤੇ ਅੰਗਰੇਜ਼ਾਂ ਦੀ ਰਹਿਣੀ ਬਹਿਣੀ ਉਪਰ ਵੀ ਵਖੋ ਵੱਖਰਾ ਅਸਰ ਹੈ। ਅੰਗਰੇਜ਼ ਕੁੜੀਆਂ ਤੇ ਮੁੰਡੇ ਚਟਕ-ਫਟਕ, ਤਿਖੇ ਅਤੇ ਛੂੰਗੇ ਛੰਗੇ ਦਿਸਣਗੇ; ਪਰ ਫਰਾਂਸੀ ਕੁੜੀਆਂ ਮੁੰਡੇ ਇਨ੍ਹਾਂ ਨਾਲੋਂ ਥੋੜੀ ਸਾਦਗੀ ਅਤੇ ਠਰ੍ਹੰਮੇ ਵਿਚ ਮਿਲਣਗੇ। ਪਹਿਰਾਵੇ ਵਿਚ ਵੀ ਫਰਕ ਹੈ। ਅੰਗਰੇਜ਼ ਕੁੜੀ ਦੀ ਘੱਗਰੀ ਗੋਡਿਆਂ ਤਕ ਜਾ ਪੁਜੀ ਹੈ ਤੇ ਘੇਰਾ ਇਤਨਾ ਤੰਗ ਹੋ ਰਿਹਾ ਹੈ ਕਿ ਪੂਰਾ ਕਦਮ ਨਹੀਂ ਪੁਟਿਆ ਜਾ ਸਕਦਾ। ਇਹੋ ਕਾਰਨ ਹੈ ਕਿ ਵਿਚਾਰੀ ਨੂੰ ਨਿਕੇ ਨਿਕੇ ਕਦਮ ਪੁਟਣੇ ਪੈਂਦੇ ਹਨ ਅਤੇ ਹੁਣ ਘੱਗਰੀਆਂ ਨੂੰ ਵੀ ਬਟਣ ਇਸ ਲਈ ਲਾਏ ਜਾ ਰਹੇ ਹਨ ਕਿ ਲੋੜ ਅਨੁਸਾਰ ਜੇ ਤਿਖਾ ਟੁਰਨਾ ਪਵੇ ਤਾਂ ਘੱਗਰੀ ਦੇ ਗੋਡਿਆਂ ਦੇ ਕੋਲ ਵਾਲੇ ਬਟਣ ਖੋਲ੍ਹ ਦਿਤੇ ਜਾਣ ਤੇ ਗੋਡਿਆਂ ਤੇ ਪਿੰਨੀਆਂ ਦੇ ਨੇੜਿਓਂ ਘੱਗਰੀ ਖੁਲ੍ਹੀ ਹੋ ਜਾਵੇ। ਇਹੋ ਹਾਲ ਹਿਕ ਅਤੇ ਬਾਹਵਾਂ ਦਾ ਹੈ। ਇਹ ਬਾਹਵਾਂ ਵੀ ਵਧ ਥੀਂ ਵਧ ਅਣ-ਢਕੀਆਂ ਰਖਣ ਵਿਚ ਅੰਗਰੇਜ਼ ਕੁੜੀਆਂ ਨੂੰ ਪ੍ਰਸੰਨਤਾ ਹੈ; ਪਰ ਇਸ ਦੇ ਉਲਟ ਫਰਾਂਸਣ ਕੁੜੀਆਂ ਵਿਚ ਵੀ ਭਾਵੇਂ ਖੁਲ੍ਹ ਆ ਹੀ ਰਹੀ ਹੈ; ਪਰ ਅੰਗਰੇਜ਼ਾਂ ਥੀਂ ਘੱਟ। ਲੰਬੀਆਂ ਸਾਇਦਾਰ ਘਗਰੀਆਂ ਤੇ ਕੱਜਵੀਆਂ ਹਿਕਾਂ ਅਤੇ ਬਾਹਵਾਂ ਇਹ ਮੁਕਾਬਲੇ ਪਿੰਡਾਂ ਦੇ ਹਨ। ਪੈਰਸ, ਉਵਰਲੈਨ, ਰੂਆਨ, ਮਾਰਸੇਲਜ਼, ਨਿਉਸੀਪਲ, ਲਿਲ ਵਿਚ ਇਸ ਥੀਂ ਵਧੀਕ ਖੁਲ੍ਹਾਂ ਸਨ। ਮਰਦਾਵੇਂ ਤੇ ਜ਼ਨਾਨੇ ਕਪੜਿਆਂ ਦੇ ਦੋ ਹਿਸੇ ਹਨ—ਇਕ ਅੰਦਰ ਦੇ, ਜਿਹੜੇ ਸਰੀਰ ਨਾਲ ਛੂੰਹਦੇ ਹਨ।

ਮਰਦ ਪਤਲੂਨ ਦੇ ਹੇਠਾਂ ਸੁਫ਼ੈਦ ਕੱਛਾ ਤੇ ਕਮੀਜ਼ ਦੇ ਹੇਠਾਂ ਬੁਨੈਨ। ਜ਼ਨਾਨੀਆਂ ਵੀ ਕਛਹਿਰਾ, ਚੋਲੀ ਤੇ ਸਾਇਆ ਜ਼ਰੂਰ ਪਾਉਂਦੀਆਂ ਹਨ। ਉਪਰਲੇ ਕੋਟ ਅਤੇ ਘੱਗਰੀ, ਕੋਟ ਅਤੇ ਪਤਲੂਨ ਵਰ੍ਹਿਆਂ ਮਗਰੋਂ ਧੋਤੇ ਜਾਂਦੇ ਹਨ। ਬੁਰਸ਼ ਤੇ ਸਫ਼ਾਈ ਰੋਜ਼ ਹੁੰਦੀ ਹੈ; ਪਰ ਹੇਠਲੇ ਕੱਪੜੇ ਕੱਛਾ, ਨਿਕਰ, ਬੁਨੈਨ ਅਤੇ ਚੋਲੀਆਂ ਜਲਦੀ ਜਲਦੀ ਸਾਫ਼ ਕੀਤੀਆਂ ਜਾਂਦੀਆਂ ਹਨ। ਇਸੇ ਲਈ ਉਪਰਲੇ ਕਪੜੇ ਕੀਮਤੀ, ਰੰਗਦਾਰ ਤੇ ਗਰਮ ਹੁੰਦੇ ਹਨ ਅਤੇ ਹੇਠਲੇ ਕਪੜੇ ਸਾਦਾ, ਸੁਫ਼ੈਦ ਹੁੰਦੇ ਹਨ।

ਪੋਰਟ-ਸਈਦ (ਨਹਿਰ ਸਵੇਜ਼) ਥੀਂ ਅਗੇ ਲੰਘਦਿਆਂ ਸਾਰੇ ਹੀ ਯੂਰਪ ਦਾ ਵੱਧ ਘਟ ਇਕੋ ਜਿਹਾ ਹੀ ਪਹਿਰਾਵਾ ਹੈ। ਕੋਟ, ਪਤਲੂਨ ਅਤੇ ਹੈਟ ਮਰਦ ਲਈ, ਘੱਗਰੀ, ਜੁਰਾਬਾਂ, ਬੂਟ, ਕਮੀਜ਼ ਤੇ ਕੋਟ ਟੋਪੀ ਇਸਤ੍ਰੀ ਲਈ। ਕਮਾਲ ਪਾਸ਼ਾ ਦੇ ਮਗਰੋਂ ਇਹ ਪਹਿਰਾਵਾ ਟਰਕੀ ਵਿਚ ਪ੍ਰਚਲਤ ਹੋ ਚੁਕਾ ਹੈ। ਕੀ ਮਰਦ ਕੀ ਇਸਤ੍ਰੀਆਂ ਬੱਚੇ, ਸਭੋ ਅੰਗਰੇਜ਼ੀ ਪਹਿਰਾਵਾ ਪਸੰਦ ਕਰਦੇ ਹਨ। ਮਿਸਰ, ਸ਼ਾਮ, ਇਰਾਕ, ਫ਼ਲਸਤੀਨ ਆਦਿਕ ਇਲਾਕਿਆਂ ਵਿਚ ਵੀ ਅਮੀਰ ਘਰਾਣਿਆਂ, ਯਹੂਦੀਆਂ, ਆਰਮੀਨੀਆਂ ਤੇ ਮੁਸਲਮਾਨਾਂ ਵਿਚੋਂ ਈਸਾਈਅਤ ਧਾਰਨ ਕਰ ਚੁਕੇ ਲੋਕ ਭੀ ਅੰਗਰੇਜ਼ੀ ਫੈਸ਼ਨ ਅਤੇ ਇਹੋ ਪਹਿਰਾਵਾ ਹੀ ਪਸੰਦ ਕਰਦੇ ਹਨ। ਹਿੰਦੁਸਤਾਨ ਵਿਚ ਪਾਰਸੀਆਂ ਦੀ ਸਾੜ੍ਹੀ ਅਤੇ ਬੰਡੀ ਕੋਟ ਤੇ ਮਫ਼ਲਰ ਇਸਤ੍ਰੀਆਂ ਲਈ ਪ੍ਰਚਲਤ ਤਾਂ ਹੋ ਚੁਕੇ ਹਨ; ਪਰ ਹਿੰਦ ਦੀਆਂ ਇਸਤ੍ਰੀਆਂ ਹਾਲੀਂ ਅੰਗਰੇਜ਼ੀ ਘੱਗਰੀ ਤੇ ਟੋਪੀ ਗਾਉਨ ਥੀਂ ਦੂਰ ਹੀ ਹਨ। ਹਾਂ, ਮਰਦਾਂ ਵਿਚ ਕੋਟ ਪਤਲੂਨ ਤੇ ਹੈਟ ਨੇ ਪੂਰਾ ਪੂਰਾ ਪ੍ਰਚਾਰ ਕੀਤਾ ਹੈ। ਹਿੰਦੁਸਤਾਨੀ ਤੀਵੀਆਂ ਯੂਰਪ ਜਾ ਕੇ ਵੀ ਹਿੰਦੁਸਤਾਨੀ ਸਾੜ੍ਹੀ ਦੀ ਵਿਸ਼ੇਸ਼ਤਾ ਨੂੰ ਨਹੀਂ ਤਿਆਗਦੀਆਂ ਤੇ ਸਾਰੇ ਯੂਰਪ ਦੀ ਸੈਰ ਵਿਚ ਸਾੜ੍ਹੀ ਦੀ ਉੱਚਤਾ ਹਿੰਦੀ ਤੀਵੀਆਂ ਨੂੰ ਸ਼ਹਿਜ਼ਾਦੀਆਂ ਤੇ ਰਾਣੀਆਂ ਅਖਵਾਉਂਦੀ ਹੈ, ਬਲਕਿ ਕਈ ਯੂਰਪੀਨ ਨੌਜਵਾਨ ਸੁੰਦਰੀਆਂ ਵਿਚ ਵੀ ਸਾੜ੍ਹੀ ਦੇ ਪਹਿਰਾਵੇ ਦੀ ਮਹਾਨਤਾ ਵਧਦੀ ਜਾ ਰਹੀ ਹੈ। ਅਸਲ ਵਿਚ ਯੂਰਪੀ ਪਹਿਰਾਵਾ ਚਟਕ ਫਟਕ, ਫੁਰਤੀ ਤੇ ਚੁਸਤੀ ਪੈਦਾ ਕਰਨ ਦੇ ਨਾਲ ਨਾਲ ਹੀ ਕੰਮ ਕਾਜ ਵਿਚ ਦਿਲਚਸਪੀ ਪੈਦਾ ਕਰਨ ਵਾਲਾ ਹੈ ਅਤੇ

ਹਿੰਦੁਸਤਾਨੀ ਪਹਿਰਾਵਾ ਢਿੱਲਾ, ਸ਼ਰਮਾਕਲ, ਸੁਸਤੀ ਪੈਦਾ ਕਰਨ ਵਾਲਾ ਅਤੇ ਗਰੀਬਾਨਾ ਹੈ। ਜੁਤੀ ਤੇ ਬੂਟ ਵਿਚ ਹੀ ਫਰਕ ਹੈ। ਬੂਟ, ਨਿਕਰ, ਕਮੀਜ਼ ਜਾਂ ਬੁਨੈਨ ਸਾਨੂੰ ਕੰਮ ਕਾਜ ਵਲ ਖਿੱਚਦੇ ਹਨ। ਸਲਵਾਰ, ਜੁੱਤੀ, ਚੈਸਟਰ ਕੋਟ ਸੁਸਤੀ ਵਲ ਲਿਜਾਂਦੇ ਹਨ।

ਫ਼ਰਾਂਸ ਵਿਚ ਰਹਿੰਦਿਆਂ ਜਦੋਂ ਕਿਧਰੇ ਕਿਸੇ ਹਿੰਦੀ ਸਿਪ ਹੀ ਦੇ ਘਰੋਂ ਉਸ ਦੇ ਪ੍ਰਵਾਰ ਦੀਆਂ ਤਸਵੀਰਾਂ ਡਾਕ ਰਾਹੀਂ ਮਿਲਦੀਆਂ ਤੇ ਉਹ ਸਾਡੀਆਂ ਤ੍ਰੀਮਤਾਂ ਨੂੰ ਦੁਪੱਟੇ ਅਤੇ ਘੁੰਡ ਵਿਚ ਵੇਖਦੇ ਤਾਂ ਬੜੇ ਹੈਰਾਨ ਹੁੰਦੇ। ਪਹਲੀ ਪੁਛ ਫਰਾਂਸਣ ਕੁੜੀਆਂ ਦੀ ਇਹੋ ਹੁੰਦੀ:–

"ਇਹ ਤੀਵੀਅਂ ਘੁੰਡ ਨਾਲ ਕੰਮ ਕਿਵੇਂ ਕਰਦੀਆਂ ਹੋਣਗੀਆਂ ?"

"ਘੁੰਡ ਵਾਲੀ ਤੀਵੀਂ ਪੋਲੀਸ-ਮੈਨ, ਮੋਟਰ ਡਰਾਈਵਰ ਕਲ ਕ, ਡਾਕਟਰ, ਕਾਰਖਾਨੇ ਵਿਚ ਕੰਮ ਕਰਨ ਵਾਲੀ, ਦੁਕਾਨਾਂ ਵਿਚ ਸੌਦੇ ਵੇਚਣ ਵਾਲੀ ਅਤੇ ਜ਼ਿਮੀਂਦਾਰੇ ਕੰਮ ਵਿਚ ਹਿਸਾ ਲੈਣ ਵਾਲੀ ਕਿਵੇਂ ਹੋ ਸਕਦੀ ਹੈ ?"

ਜਦੋਂ ਆਖਿਆ ਜਾਂਦਾ ਕਿ ਬਹੁਤੀਆਂ ਤੀਵੀਆਂ ਘੁੰਡ ਨਹੀਂ ਕੱਢਦੀਆਂ ਅਤੇ ਉਹ ਪੜ੍ਹੀਆਂ ਲਿਖੀਆਂ ਵੀ ਹਨ ਤੇ ਬਾਕੀ ਖੇਤਾਂ ਵਿਚ ਤਾਂ ਕੰਮ ਕਰਦੀਆਂ ਹਨ, ਪਰ ਕਾਰਖਾਨਿਆਂ ਵਿਚ ਕਲਰਕ ਤੇ ਦੁਕਾਨਾਂ ਵਿਚ ਘੱਟ ਹੀ ਜਾਂਦੀਆਂ ਹਨ ਤਾਂ ਝੱਟ ਉਹ ਕੁੜੀਆਂ ਸਵਾਲ ਕਰਦੀਆਂ:–

"ਰੇਲ ਗੱਡੀ ਵਿਚ, ਸਫ਼ਰ ਵੇਲੇ, ਜਲਸਿਆਂ ਅਤੇ ਮੇਲਿਆਂ ਵਿਚ, ਗਿਰਜੇ ਅੰਦਰ ਘੁੰਡ ਨਾਲ ਜਿਥੇ ਦੂਜੇ ਮਰਦਾਂ ਦੀ ਭਰਮਾਰ ਹੁੰਦੀ ਹੈ, ਕਿਵੇਂ ਤੁਰਦੀਆਂ, ਫਿਰਦੀਆਂ, ਬੋਲਦੀਆਂ, ਬੈਠਦੀਆਂ ਹੋਣਗੀਆਂ ?"

ਅਸਲ ਵਿਚ ਇਹ ਗੱਲ ਮੰਨਣੀ ਪਵੇਗੀ ਕਿ ਸਾਡੇ ਦੇਸ ਵਿਚ ਇਸਤ੍ਰੀ ਦੇ ਆਚਾਰ, ਚਾਲ ਚਲਨ, ਤੁਰਨ ਫਿਰਨ, ਕੰਮ ਕਾਜ, ਮਨ-ਮਰਜ਼ੀ ਤੇ ਇੱਜ਼ਤ ਦਾ ਰਾਖਾ ਅਤੇ ਮਾਲਕ ਮਰਦ ਹੈ। ਸਹੁਰੇ, ਜੇਠ, ਦੇਵਰ, ਭਰਾ, ਪਿਓ, ਪੁਤਰ, ਗੱਭਰੂ ਨੂੰ ਨੂੰਹ, ਭਰਜਾਈ, ਧੀ, ਮਾਂ, ਵਹੁਟੀ ਦੀ ਰਾਖੀ ਕਰਨੀ ਪੈਂਦੀ ਹੈ; ਪਰ ਇਸਦੇ ਉਲਟ ਫਰਾਂਸਣ ਨੌਜੁਆਨ ਕੁੜੀਆਂ ਆਪਣੀ ਮਨ ਮਰਜ਼ੀ ਦੀਆਂ ਆਪ ਮਾਲਕ ਤੇ ਚਾਲ ਚਲਨ ਦੀਆਂ ਅਟੱਲ ਹੁੰਦੀਆਂ ਹਨ। ਇਹੋ ਕਾਰਨ

ਹਨ ਕਿ ਜਿਥੇ ਉਹ ਖੁਲ੍ਹੀਆਂ ਡੁਲ੍ਹੀਆਂ ਆਜ਼ਾਦ ਤੁਰਨ ਫਿਰਨ ਤੇ ਸੈਰ ਸਪੱਟੇ ਕਰਨ ਵਾਲੀਆਂ ਹਨ, ਉਥੇ ਮਨ-ਮਰਜ਼ੀ ਦੇ ਜੋੜੇ ਲੱਭ ਕੇ ਬੜੀਆਂ ਚਿਰਾਕੀਆਂ ਵਿਆਹੀਆਂ ਜਾਂਦੀਆਂ ਹਨ। ਦੂਜੇ ਸ਼ਬਦਾਂ ਵਿਚ ਤਕੜੀਆਂ ਨੌਜੁਆਨ ਰਿਸ਼ਟ ਪੁਸ਼ਟ ਅਤੇ ਚੰਗੀ ਉਲਾਦ ਪੈਦਾ ਕਰਨ ਵਾਲੀਆਂ ਹੁੰਦੀਆਂ ਹਨ। ਸਾਡੇ ਦੇਸ ਦੇ ਰਿਵਾਜ ਵਾਂਗੂ ਫਰਾਂਸੀ ਮਾਪੇ ਅਤੇ ਸ਼ਹਿਰੀ ਬਰਾਦਰੀ ਕੁੜੀਆਂ ਦੀ ਹਰ ਇਕ ਗੱਲ ਨੂੰ ਬਦਮਾਸ਼ੀ ਨਹੀਂ ਗਿਣਦੇ, ਸਗੋਂ ਕੇਵਲ ਬਦਮਾਸ਼ੀ ਨੂੰ ਹੀ ਬਦ-ਚਲਣੀ ਆਖਦੇ ਹਨ।

ਅਜ ਕਲ੍ਹ ਲੜਾਈ ਦੇ ਦਿਨ ਸਨ। ਹਰ ਇਕ ਫਰਾਂਸੀਸੀ ਨੌਜੁਆਨ ਫੌਜ ਵਿਚ ਜਾ ਰਿਹਾ ਸੀ। ਫੌਜੀ ਭਰਤੀ ਵਿਚ ਉਤਸ਼ਾਹ ਪੈਦਾ ਕਰਨ ਲਈ ਪਿੰਡ ਪਿੰਡ ਵਿਚ ਨੌਜੁਆਨ ਕੁੜੀਆਂ ਅਤੇ ਮੁੰਡਿਆਂ ਦੇ ਸਾਂਝੇ ਨਾਚ ਘਰ ਅਤੇ ਕਲੱਬ ਘਰ ਸਨ, ਜਿਥੇ ਐਤਵਾਰ ਨੂੰ ਜਲਸੇ, ਗੀਤ, ਮੀਟਿੰਗਾਂ, ਗਾਣੇ, ਡਰਾਮੇ, ਖੇਡਾਂ ਹੁੰਦੀਆਂ। ਹਰ ਥਾਂ ਸ਼ਨੀਚਰ ਨੂੰ ਅੱਧੀ ਛੁਟੀ ਹੁੰਦੀ ਤੇ ਐਤਵਾਰ ਨੂੰ ਹਫਤੇ ਦੀ ਸਰੀਰਕ ਥਕਾਵਟ ਤੇ ਦਮਾਗ਼ ਨੂੰ ਸਜਰਿਆਂ ਕਰਨ ਲਈ ਸੈਰਾਂ, ਪਿਕਨਿਕ, ਨਾਚ ਤੇ ਡਰਾਮੇ ਹੁੰਦੇ। ਨੰਬਰਦਾਰ ਦਾ ਦਫਤਰ ਪਿੰਡ ਦੇ ਵਿਚਕਾਰ ਅਪ-ਟੂ-ਡੇਟ ਮੌਜੂਦ ਹੈ ਅਤੇ ਜਦੋਂ ਕਿਸੇ ਮੁੰਡੇ ਦੇ ਬਾਲਗ਼ ਹੋਣ ਦਾ ਐਲਾਨ ਇਸ ਦਫਤਰੋਂ ਹੁੰਦਾ ਹੈ ਤਾਂ ਨੰਬਰਦਾਰ, ਜਿਸ ਨੂੰ ਮੇਅਰ ਆਖਦੇ ਹਨ—ਵਲੋਂ ਉਸਨੂੰ ਇਕ ਲਿਖਤੀ ਨੋਟਸ ਮਿਲਦਾ। ਇਹੋ ਜਹੇ ਇਕ, ਦੋ, ਤਿੰਨ, ਚਾਰ ਬਾਲਗ ਮੁੰਡਿਆਂ ਨੂੰ ਉਹਨਾਂ ਦੀ ਵਰ੍ਹੇ-ਗੰਢ ਵਾਲੇ ਦਿਨ ਪਿੰਡ ਦੀ ਕਲੱਬ ਵਿਚ ਬੜੇ ਉਤਸ਼ਾਹ ਨਾਲ ਸੱਦਾ-ਪੱਤ੍ਰ ਦਿਤਾ ਜਾਂਦਾ। ਵਿਖਾਵਾ, ਘਰ ਦੀਆਂ ਸਿਫਤਾਂ, ਮਾਪਿਆਂ ਦੇ ਹਾਲਾਤ, ਪਿਛਲੀਆਂ ਖਿਦਮਤਾਂ ਨੂੰ ਸਾਰੇ ਪਿੰਡ ਦੇ ਸਾਮ੍ਹਣੇ ਵਡਿਆਇਆ ਜਾਂਦਾ। ਫਿਰ ਸਾਰੀਆਂ ਕੁੜੀਆਂ ਮਿਲ ਕੇ ਚਾਹ-ਪਾਣੀ ਮਿਠਾਈ, ਖੇਡਾਂ ਵਿਚ ਹਿੱਸਾ ਲੈਂਦੀਆਂ ਤੇ ਰਾਤ ਨੂੰ ਗਾਣੇ ਅਤੇ ਨਾਚ ਹੁੰਦੇ। ਸਰਕਾਰ ਵਲੋਂ ਇਹੋ ਜਹੇ ਨੌ-ਜੁਆਨਾਂ ਨੂੰ ਭਰਤੀ ਕਰਨ ਲਈ ਰੇਲਵੇ ਪਾਸ ਤੇ ਸਫ਼ਰ ਖਰਚ ਦੀਆਂ ਸਲਿੱਪਾਂ ਪਿੰਡ ਦੇ ਮੇਅਰ ਪਾਸ ਆਈਆਂ ਹੁੰਦੀਆਂ। ਜਲਸੇ ਦੇ ਦੂਜੇ ਦਿਨ ਪਿੰਡ ਦੀਆਂ ਕੁੜੀਆਂ ਮਿਲਕੇ ਇਹਨਾਂ ਮੁੰਡਿਆਂ ਨੂੰ ਘਰਾਂ ਵਿਚੋਂ ਨਾਲ ਲੈ ਮੇਅਰ ਦੇ

ਦਫਤਰ ਪੁਜਦੀਆਂ । ਸਾਰੇ ਪਿੰਡ ਦੀਆਂ ਗਲੀਆਂ ਵਿਚ ਮੁੰਡੇ ਕੁੜੀਆਂ ਗੀਤ ਗਾਉਂਦਿਆਂ ਲੰਘਦੇ ਤੇ ਫਿਰ ਰੇਲਵੇ ਪਾਸ ਲੈ ਕੇ ਜੇ ਤਾਂ ਸਟੇਸ਼ਨ ਨੇੜੇ ਹੁੰਦਾ ਤਾਂ ਸਾਰੀਆਂ ਸਹੇਲੀਆਂ ਸਟੇਸ਼ਨ ਤਕ ਆਪ ਛੱਡਣ ਜਾਂਦੀਆਂ, ਨਹੀਂ ਤਾਂ ਪਿੰਡ ਥੀਂ ਬਾਹਰ ਘੋੜਾ-ਗੱਡੀ ਉਪਰ ਸਵਾਰ ਕਰ ਦਿਤਾ ਜਾਂਦਾ । ਦੋਹਾਂ ਪਾਸਿਆਂ ਵਲੋਂ ਖੂਬ ਜੱਫੀਆਂ ਤੇ ਪਿਆਰ ਚੁੰਮਣੀਆਂ ਦਿਤੀਆਂ ਅਤੇ ਲਈਆਂ ਜਾਂਦੀਆਂ । ਮਿਲਣੀਆਂ ਹੁੰਦੀਆਂ, ਰੁਮਾਲ ਹਿਲਾਏ ਜਾਂਦੇ, ਮਾਪੇ, ਰਿਸ਼ਤੇਦਾਰ, ਬੱਚੇ ਇਹਨਾਂ ਮਿਲਣੀਆਂ ਨੂੰ ਵੇਖਦੇ । ਇਹਨਾਂ ਚੁੰਮਣੀਆਂ ਤੇ ਮਿਲਣੀਆਂ ਦੇ ਵਿਛੋੜੇ ਵਿਚ ਦੋਹਾਂ ਵਲੋਂ ਗੂੜ੍ਹੇ ਪਿਆਰ ਦੀਆਂ ਅਖਾਂ ਵੀ ਸੇਜਲ ਹੋ ਜਾਂਦੀਆਂ । ਚਿੱਠੀਆਂ ਲਿਖਣ ਦੇ ਇਕਰਾਰ ਤੇ ਸੁਨੇਹੇ ਵੀ ਹੁੰਦੇ । ਨਾਲ ਦੇ ਮਿੱਤਰਾਂ ਨੂੰ ਸਹੇਲੀਆਂ ਦੀ ਤਸੱਲੀ ਅਤੇ ਧੜਕਦੀ ਹਿਕ ਉਪਰ ਧਰਵਾਸ ਦਾ ਹੱਥ ਰਖਣ ਲਈ ਆਸਰਾ ਵੀ ਹੁੰਦਾ ।

'ਭੈਣ' ਸ਼ਬਦ ਸਾਡੇ ਹੀ ਦੇਸ਼ ਵਿਚ ਹੈ ਅਤੇ ਭੈਣ, ਬੀਬੀ, ਮਾਤਾ ਆਖਦੇ ਹੋਏ ਵੀ ਅਸੀਂ ਮਾਤਾ, ਬੀਬੀ, ਭੈਣ, ਧੀ ਸਮਝਣ ਦੇ ਕਾਬਿਲ ਨਹੀਂ ਸਮਝੇ ਜਾ ਸਕਦੇ । ਫਰਾਂਸੀਸੀ ਕਿਸੇ ਵੀ ਕੁੜੀ ਨੂੰ 'ਭੈਣ' ਸ਼ਬਦ ਨਾਲ ਯਾਦ ਨਹੀਂ ਕਰਦੇ । 'ਕੰਵਾਰੀ' ਮੈਡਮੌਜ਼ਲ ਅਤੇ 'ਵਿਆਹੀ' ਮੈਡਮ ਆਖੀ ਜਾਂਦੀ ਹੈ । ਨਹੀਂ ਤਾਂ ਹਰ ਇਕ ਦਾ ਨਾਂਵ ਹੀ ਬੁਲਾ ਲੈਣਾ ਅਤੇ ਉਹ ਵੀ ਅੱਧਾ ਨਾਂਵ, ਬੜਾ ਹੀ ਚੰਗਾ ਅਤੇ ਪਿਆਰ ਭਾਵਨਾ ਵਿਚ ਗਿਣਿਆ ਜਾਂਦਾ ਹੈ । ਗਿਰਜੇ ਦੀਆਂ ਕੁੜੀਆਂ (ਜਿਨ੍ਹਾਂ ਸਾਰੀ ਹੀ ਉਮਰ ਸ਼ਾਦੀ ਨਾ ਕਰਨ ਦਾ ਪ੍ਰਣ ਕੀਤਾ ਹੁੰਦਾ ਹੈ) 'ਰਾਹਿਬਾ' ਅਥਵਾ (ਚੇਲੀਆਂ) ਅਤੇ ਲਾਵਾਰਸ ਬਚਿਆਂ ਨੂੰ ਪਾਲਣ ਅਤੇ ਹਸਪਤਾਲਾਂ ਵਿਚ ਕੰਮ ਕਰਨ ਵਾਲੀਆਂ ਨੂੰ ਸਿਸਟਰ (ਭੈਣ ਜੀ) ਆਖਿਆ ਜਾਂਦਾ ਹੈ—ਜਾਂ ਸਕੀ ਭੈਣ ਨੂੰ ਕੋਈ ਸਿਸਟਰ ਆਖੇ ।

ਇਹੋ ਹੀ ਹਾਲ ਇਹਨਾਂ ਦੇ ਘਰਾਂ ਵਿਚ ਗਾਲ੍ਹਾਂ ਕੱਢਣ ਦਾ ਹੈ । ਸਾਡੇ ਵਾਂਗ ਮਾਂ, ਭੈਣ, ਧੀ ਅਤੇ ਰੰਨ ਦੀ ਕੋਈ ਵੀ ਬਦ-ਜ਼ਬਾਨੀ ਨਹੀਂ ਕੀਤੀ ਜ਼ਾਂਦੀ । ਇਸ ਦੇ ਉਲਟ ਕਮ-ਅਕਲ, ਊਠ, ਗਧਾ, ਸੁਸਤ, ਕੰਮ ਚੋਰ, ਬੇ-ਸ਼ਰਮ ਆਦਿ ਸ਼ਬਦ ਗਾਲ੍ਹਾਂ ਹੀ ਸਮਝੀਆਂ ਜਾਂਦੀਆਂ ਹਨ । ਉਹ ਵੀ ਬੜੀਆਂ ਘਟ—ਕਿਧਰੇ ਤੇ ਕਿਸੇ ਖਾਸ ਗੁੱਸੇ ਦੀ ਹਾਲਤ ਵਿਚ ਹੀ—ਨਹੀਂ ਤਾਂ ਹਰ ਇਕ ਨਿਕੇ, ਵਡੇ, ਬਚੇ, ਬੁਢੇ,

ਇਸਤਰੀ, ਪੁਰਸ਼, ਸਾਰਿਆਂ ਦਾ ਹੀ ਮਾਣ ਰਖਿਆ ਜਾਂਦਾ ਹੈ। ਇਸੇ ਕਾਰਨ ਲੜਾਈ ਝਗੜੇ ਬੜੇ ਹੀ ਘੱਟ ਹੁੰਦੇ ਹਨ।

ਅਸੀਂ ਸਖਤ ਸਰਦੀਆਂ ਵਿਚ ਅਤੇ ਬਰਫਾਂ ਪੈਣ ਦੇ ਕਾਰਨ ਉਹਨਾਂ ਦੇ ਘਰਾਂ ਅੰਦਰ ਘੋੜਿਆਂ ਸਮੇਤ ਰਹਿੰਦੇ ਸਾਂ ਅਤੇ ਰਤਾ ਖੁਲ੍ਹਾ ਮੌਸਮ ਆਉਣ ਪੁਰ ਖੁਲ੍ਹੇ ਮੈਦਾਨਾਂ ਅੰਦਰ ਤੰਬੂਆਂ ਵਿਚ ਰਹਿੰਦੇ ਹੁੰਦੇ। ਅਜ ਕਲ ਜਿਥੇ ਉਤਾਰਾ ਹੈਸੀ, ਇਹ ਥਾਂ ਨਹਿਰ ਦੇ ਕਿਨਾਰੇ ਹੈਸੀ ਅਤੇ ਅੱਧ ਕੁ ਮੀਲ ਦੇ ਫਾਸਲੇ ਉਪਰ ਇਕ ਤਕੜਾ ਸ਼ਹਿਰ ਆਬਾਦ ਸੀ। ਨਹਿਰ ਦੇ ਪਾਰਲੇ ਕੰਢੇ ਇਕ ਘੁੱਘ ਵਸਦਾ ਪਿੰਡ ਸੀ। ਜਦੋਂ ਇਥੇ ਰਹਿੰਦਿਆਂ ਪੰਦਰਾਂ ਕੁ ਦਿਨ ਬੀਤ ਗਏ ਤਾਂ ਹੁਕਮ ਮਿਲਿਆ ਕਿ ਇਨਫੈਨਟਰੀ ਬ੍ਰਿਗੇਡ ਦੀ ਬਦਲੀ ਕੈਵਲਰੀ ਬ੍ਰਿਗੇਡ ਕਰੇਗਾ। ਤਿਆਰੀ ਆਰੰਭ ਹੋਈ, ਲੋੜੀਂਦਾ ਸਾਮਾਨ ਵੰਡ ਦਿਤਾ ਗਿਆ ਤੇ ਚਾਰ ਘੋੜਿਆਂ ਨੂੰ ਸਾਂਭਣ ਲਈ ਇਕ ਜਵਾਨ ਪਿਛੇ ਛਡ ਕੇ ਤਿੰਨ ਜਵਾਨ ਮੋਰਚਿਆਂ ਵਿਚ ਜਾਣ ਲਈ ਤਿਆਰ ਕੀਤੇ ਗਏ। ਸਮੇਂ ਸਿਰ ਮਿਥੇ ਹੋਏ ਦਿਨ ਸਵੇਰੇ ਕੂਚ ਹੋਇਆ ਅਤੇ ਦਿਨ ਦੇ ਲਹਿੰਦੇ ਨੂੰ ਇਕ ਉਜੜੇ ਹੋਏ ਪਿੰਡ ਦੇ ਬਾਹਰਵਾਰ ਘੋੜੇ ਛਡ ਦਿਤੇ ਗਏ। ਆਪੋ ਵਿਚ ਦੀ ਫ਼ਤਹ, ਸਲਾਮ ਦੁਆ, ਦਸਤ-ਪੰਜੇ ਹੋਏ ਅਤੇ ਖਾਲੀ ਘੋੜੇ ਤਾਂ ਪਿਛੇ ਕੈਂਪ ਵਲ ਨੂੰ ਮੁੜ ਆਏ ਤੇ ਪੈਦਲ ਫੌਜ ਅਗੇ ਮੋਰਚਿਆਂ ਨੂੰ ਤੁਰ ਪਈ। ਐਡਵਾਨਸ ਪਾਰਟੀ ਪਹਿਲਾਂ ਹੀ ਰਸਤਾ ਵੇਖ ਆਈ ਸੀ। ਇਕ ਪਹਾੜੀ ਦੇ ਪਿਛਲੇ ਪਾਸੇ ਪਾਣੀ ਦੀ ਝਲਾਰ ਵਗਦੀ ਸੀ ਤੇ ਉਚਾਨ ਉਪਰ ਜਾਕੇ ਘਣਾ ਜੰਗਲ ਹੈਸੀ। ਜੰਗਲ, ਝਲਾਰ ਤੇ ਪਹਾੜੀ ਉਪਰ ਸਾਡਾ ਕਬਜ਼ਾ ਸੀ ਤੇ ਜੰਗਲ ਮੁਕਣ ਮਗਰੋਂ ਚਾਰ ਕੁ ਸੌ ਗਜ਼ ਦੀ ਵਿਥ ਉਪਰ ਇਕ ਪੱਕੀ ਸੜਕ ਜਾਂਦੀ ਸੀ। ਸਾਡੇ ਮੋਰਚਿਆਂ ਦੇ ਸਾਮ੍ਹਣੇ ਕੰਡੇਦਾਰ ਤਾਰਾਂ ਦੇ ਜਾਲ ਵਿਛੇ ਹੋਏ ਸਨ। ਸੜਕ ਦੇ ਟੁੰਡ ਮੁੰਡ ਕੀਤੇ ਦਰੱਖਤ ਤੇ ਤੋਪਾਂ ਤੇ ਬੰਬਾਂ ਦੇ ਗੋਲਿਆਂ ਨਾਲ ਝੰਬੇ ਹੋਏ ਟਾਹਣੇ ਜੰਗਲ ਦੇ ਇਕ ਸਿਰੇ ਥੀਂ ਦਿਸ ਪੈਂਦੇ ਸਨ। ਸਾਡੇ ਥੀਂ ਪਹਿਲਾਂ ਵਾਲੇ ਹਰ ਇਕ ਜਵਾਨ ਨੇ ਆਪਣੀ ਬਦਲੀ ਉਪਰ ਡਿਊਟੀ ਵਾਲਾ ਮਿਲਦੇ ਸਾਰ ਹੀ ਅਗੇ ਵਲ ਨੂੰ ਤੁਰ ਜਾਣਾ ਸੀ ਅਤੇ ਇਵੇਂ ਹੀ ਹੋਇਆ। ਜਿਉਂ ਜਿਉਂ ਪੋਸਟ ਮਿਲਦੀ ਗਈ, ਹਰ ਥਾਂ ਦੀ ਤਬਦੀਲੀ ਹੁੰਦੀ ਜਾਂਦੀ ਸੀ।

ਮੋਰਚੇ (ਖਾਈਆਂ) ਸਿਰ ਸਿਰ ਉੱਚੇ ਸਨ। ਦਿਨੇ ਅਸੀਂ ਚੰਗੀ ਤਰ੍ਹਾਂ ਇਹਨਾਂ ਦੇ ਅੰਦਰ ਤੁਰ ਫਿਰ ਸਕਦੇ ਸਾਂ। ਪਿਛੇ ਹਟਕੇ ਮੋਰਚੇ ਦੀਆਂ ਖਾਈਆਂ ਵਿਚਕਾਰ ਹੀ ਨਿੱਕੀਆਂ ਨਿੱਕੀਆਂ ਗੁਫਾ ਸਿਪਾਹੀਆਂ ਨੇ ਛੱਤ ਪਾਕੇ ਆਪਣੇ ਆਰਾਮ ਲਈ ਤਿਆਰ ਕਰ ਲਈਆਂ ਸਨ। ਹਰ ਗੁਫਾ ਇਕ ਦੂਜੀ ਥੀਂ ਦੁਰਾਡੇ ਸੀ। ਜੇ ਇਕ ਉਪਰ ਤੋਪਾਂ ਦਾ ਗੋਲਾ ਜਾਂ ਬੰਬ ਪਵੇ, ਤਾਂ ਦੂਜੀ ਦਾ ਬਚਾ ਹੋ ਸਕੇ। ਹਰ ਗੁਫਾ ਵਿਚ ਕੰਧ ਦੇ ਨਾਲ ਕਰਕੇ ਜਾਲੀ ਦੀਆਂ ਦੋ ਦੋ ਮੰਜੀਆਂ ਸਨ। ਪੋਸਟ ਵਾਲੇ ਸਿਪਾਹੀਆਂ ਥੀਂ ਬਚਦੇ ਜਵਾਨ ਦਿਨੇ ਇਹਨਾਂ ਹੀ ਥਾਵਾਂ ਉਪਰ ਆਰਾਮ ਕਰ ਸਕਦੇ ਸਨ। ਦਿਨ ਢਲਦਿਆਂ ਹੀ ਹਰ ਇਕ ਆਦਮੀ ਨੂੰ ਫਾਇਰਿੰਗ ਲਾਇਨ ਉਪਰ ਗੋਲੀ-ਗੱਠਾ ਤੇ ਹਥ ਦੇ ਬੰਬ ਲੈ ਕੇ ਹਾਜ਼ਰ ਰਹਿਣਾ ਪੈਂਦਾ ਸੀ ਤੇ ਦਿਨ ਚੜ੍ਹਦਿਆਂ ਹੀ ਸਿਵਾਏ ਡਿਊਟੀ ਵਾਲਿਆਂ ਦੇ ਬਾਕੀ ਸਾਰੇ ਥੋੜੀ ਜਹੀ ਵਿਥ ਉਪਰ ਸੁਖ ਤੇ ਆਰਾਮ ਲੈਣ ਲਈ ਜਾ ਪੁਜਦੇ ਸਨ।

ਦੋਹਾਂ ਵੇਲਿਆਂ ਦਾ ਰਾਸ਼ਨ ਤਿੰਨ ਚਾਰ ਮੀਲ ਪਿਛੇ ਇਕ ਉਜੜੇ ਹੋਏ ਪਿੰਡ ਸਾਰਾ ਦਿਨ ਪਕਾਇਆ ਜਾਂਦਾ ਅਤੇ ਰਾਤ ਦੇ ਹਨੇਰੇ ਵਿਚ ਸਾਰਾ ਪੱਕਿਆ ਹੋਇਆ ਰਾਸ਼ਨ (ਮੀਟ, ਕੜਾਹ ਅਤੇ ਅੱਠ ਰੋਟੀਆਂ) ਸਮੇਤ ਚਾਹ ਵਾਲੀ ਕੁੱਪੀ ਦੇ, ਜਿਸ ਵਿਚ ਬਿਨਾਂ ਦੁਧ ਦੇ ਉਬਲਿਆ ਹੋਇਆ ਚਾਹ ਦਾ ਪਾਣੀ ਅਤੇ ਹਿਸੇ ਆਉਂਦੀ ਰਮ ਵੀ ਮੌਜੂਦ ਹੁੰਦੀ ਸੀ, ਸਿਪਾਹੀਆਂ ਨੂੰ ਵੰਡ ਦਿਤਾ ਜਾਂਦਾ। ਸਖਤ ਸਰਦੀਆਂ ਹੋਣ ਕਰਕੇ ਕੋਈ ਚੀਜ਼ ਵੀ ਖਰਾਬ ਨਾ ਸੀ ਹੁੰਦੀ। ਰਾਤ ਦੀ ਥਕਾਵਟ, ਦਿਨ ਦੀ ਖੇਚਲ ਅਤੇ ਚਵ੍ਹੀ ਘੰਟਿਆਂ ਮਗਰੋਂ ਮਿਲਿਆ ਇਹ ਭੋਜਨ ਬੜਾ ਹੀ ਸਵਾਦੀ ਤੇ ਰਸਦਾਇਕ ਹੁੰਦਾ ਸੀ।

ਅੱਠ ਕੁ ਦਿਨਾਂ ਮਗਰੋਂ ਸਕਾਉਡਰਨ ਕਮਾਂਡਿੰਗ ਨੇ ਸਾਡੀ ਫਾਇ-ਰਿੰਗ ਲਾਇਨ ਥੀਂ ਅਗੇ ਇਕ ਸੁਰੰਗ ਪੁਟਣੀ ਸ਼ੁਰੂ ਕੀਤੀ। ਇਹ ਸੁਰੰਗ ਬਹੁਤੀ ਡੂੰਘੀ ਨਾ ਸੀ ਪੁਟੀ ਜਾ ਰਹੀ। ਜਿਤਨੀ ਖੁਦਾਈ ਹੁੰਦੀ ਦਿਨ ਚੜ੍ਹਨ ਥੀਂ ਪਹਿਲਾਂ ਪਹਿਲਾਂ ਇਸ ਖੁਸ਼ਕ ਤੇ ਰਤੀ ਜਹੀ ਮਿੱਟੀ ਨੂੰ ਘਾਹ ਦੇ ਤੋਦਿਆਂ ਨਾਲ ਇਸ ਤਰ੍ਹਾਂ ਢੱਕ ਦੇਣਾ ਬੜਾ ਜ਼ਰੂਰੀ ਸੀ, ਨਹੀਂ ਤਾਂ ਡਰ ਸੀ ਕਿ ਜਰਮਨਾਂ ਦੇ ਹਵਾਈ ਜਹਾਜ਼ ਇਸ ਸਜਰੀ ਮਿੱਟੀ ਨੂੰ ਵੇਖਕੇ ਆਪਣੇ ਸ਼ੱਕ ਨੂੰ ਵਧਾ ਲੈਣ। ਜਰਮਨਾਂ ਅਤੇ

ਸਾਡੇ ਵਿਚਕਾਰ ਤਿੰਨ ਕੁ ਸੌ ਗਜ਼ ਦੀ ਵਿੱਥ ਸੀ। ਜੇ ਸੁਰੰਗ ਦੋ ਢਾਈ ਸੌ ਗਜ਼ ਦੁਸ਼ਮਨ ਵਲ ਨੂੰ ਚਲੀ ਜਾਵੇ ਤਾਂ ਦੁਸ਼ਮਣ ਦੀ ਫਾਇਰਿੰਗ ਲਾਈਨ ਵਿਚੋਂ ਬੋਲ ਚਾਲ ਤੇ ਤੁਰਨ ਫਿਰਨ ਦੀ ਹਰ ਇਕ ਹਰਕਤ ਅਸੀਂ ਸੁਣ ਸਕਦੇ ਸਾਂ। ਨਤੀਜੇ ਦੇ ਤੌਰ ਉਪਰ ਇਹਨਾਂ ਹੀ ਗੱਲਾਂ ਥੀਂ ਲੜਾਈ ਦੇ ਕਈ ਖੁਫੀਆ ਭੇਦ ਲਭੇ ਜਾ ਸਕਦੇ ਸਨ । ਇਹਨਾਂ ਹੀ ਭੇਦਾਂ ਨੂੰ ਲਭਣ ਲਈ ਸੁਰੰਗ ਖੋਦੀ ਜਾ ਰਹੀ ਸੀ।

ਕੰਮ ਦਬਾ-ਦਬ ਜਾਰੀ ਸੀ। ਇਹ ਕੰਮ ਰਾਤ ਦੇ ਹਨੇਰੇ ਵਿਚ ਖਾਈਆਂ ਵਿਚੋਂ ਬਾਹਰ ਨਿਕਲ ਕੇ ਮੈਦਾਨਾਂ ਵਿਚ ਕਰਨਾ ਪੈਂਦਾ ਸੀ ਅਤੇ ਕੰਮ ਦੇ ਹੁੰਦਿਆਂ ਜਦੋਂ ਵੀ ਦੁਸ਼ਮਣ ਨੂੰ ਰਤਾ ਜਿੰਨਾ ਖੜਾਕ, ਤੁਰਨ, ਬੋਲਣ ਅਥਵਾ ਕਹੀ ਬੇਲਚੇ ਦੀ ਆਵਾਜ਼ ਨਿਕਲਦੀ ਤਾਂ ਦੁਸ਼ਮਣ ਦੀ ਮਸ਼ੀਨਗਨ ਝੱਟ ਉਥੇ ਹੀ ਗੋਲੀਆਂ ਦੀ ਬੁਛਾੜ ਸ਼ੁਰੂ ਕਰ ਦਿੰਦੀ। ਟਾਵੀਂ ਟਾਵੀਂ ਗੋਲੀ ਤਾਂ ਦੋਹਾਂ ਹੀ ਪਾਸਿਆਂ ਵਲੋਂ ਬਿਨਾਂ ਵੇਖੇ ਸੁਣੇ ਸਾਰੀ ਹੀ ਰਾਤ ਚਲਦੀ ਰਹਿੰਦੀ। ਦੁਸ਼ਮਣ ਦਾ ਤਾਂ ਪਤਾ ਨਹੀ, ਪਰ ਸਾਡੇ ਪਾਸੇ ਵਲੋਂ ਹਰ ਰੋਜ਼ ਦੋ ਤਿੰਨ ਅਤੇ ਕਦੀ ਕਦਾਈਂ ਪੰਜ ਛੀ ਤਕ ਜਵਾਨ ਜ਼ਖਮੀ ਹੋ ਹੀ ਜਾਂਦੇ। ਅਜੇ ਤਕ ਰੱਬ ਦੀ ਮਿਹਰ ਹੈਸੀ ਕਿ ਸਿਵਾਏ ਦੋ ਮੌਤਾਂ ਦੇ ਪੰਦਰਾਂ ਦਿਨਾਂ ਵਿਚ ਹੋਰ ਕੋਈ ਵੀ ਮੌਤ ਨਹੀਂ ਸੀ ਹੋਈ। ਇਹ ਵੀ ਪਹਿਲੇ ਦੋਹਾਂ ਦਿਨਾਂ ਵਿਚ ਅਨ-ਗਹਿਲੀ ਦੇ ਕਾਰਨ।

ਇਸੇ ਦੌਰਾਨ ਵਿਚ ਇਕ ਰਾਤ ਨੂੰ ਮੇਰੇ ਸਜੇ ਪੱਟ ਵਿਚ ਵੀ ਗੋਲੀ ਨੇ ਆਣਕੇ ਜ਼ਖਮ ਕਰ ਦਿਤਾ, ਜਦੋਂ ਕਿ ਮੈਂ ਆਪਣੀ ਪਾਰਟੀ ਦੇ ਨਾਲ ਰਾਤ ਦੇ ਦੋ ਕੁ ਵਜੇ ਕੰਮ ਉਪਰ ਮੌਜੂਦ ਸਾਂ। ਗੋਲੀ ਲਗਦਿਆਂ ਸਾਰ ਇਕ ਦਮ ਹੀ ਆਰ ਪਾਰ ਹੋ ਗਈ । ਜਿਥੇ ਮੈਂ ਖੜੋਤਾ ਸੀ, ਇਹ ਥਾਂ ਮੈਦਾਨ ਹੈਸੀ। ਪੰਜਾਹ ਕੁ ਕਦਮ ਗਰਮ ਗਰਮ ਹੋਣ ਕਰ ਕੇ ਮੈਂ ਤੁਰ ਕੇ ਆਇਆ ਅਤੇ ਹੋਰ ਵਧੀਕ ਜ਼ਖਮੀ ਹੋਣ ਥੀਂ ਬਚਣ ਲਈ ਖਾਈਆਂ ਦੇ ਅੰਦਰ ਬਿਨਾ ਕਿਸੇ ਦੀ ਮਦਦ ਤੋਂ ਹੀ ਮੈਂ ਪੁਜ ਗਿਆ। ਖਾਈ ਵਿਚ ਪੁਜ ਕੇ ਕੁਝ ਖਾਈ ਦੀ ਕੰਧ ਦਾ ਆਸਰਾ ਅਤੇ ਕੁਝ ਇਕ ਸਾਥੀਆਂ ਦੀ ਮਦਦ ਨਾਲ ਤੁਰ ਕੇ ਆਪਣੀ ਗੁਫਾ ਵਿਚ— ਜਿਥੇ ਮੈਂ ਦਿਨੇ ਆਰਾਮ ਕਰਦਾ ਸੀ, ਅਤੇ ਜਿਸ ਨੂੰ ਵਿਤ ਅਨੁਸਾਰ ਖੂਬ ਸਜਾ ਸਵਾਰ ਕੇ ਰਖਿਆ ਹੋਇਆ ਸੀ—ਆਣ ਕੇ ਪੁਜ ਗਿਆ। ਸਾਥੀਆਂ

ਦੀ ਮਦਦ ਨਾਲ ਫਸਟ-ਏਡ ਦੀ ਪੱਟੀ, ਜਿਸ ਵਿਚ ਗਾਜ਼, ਟਿੰਕਚਰ-ਆਇਡੀਨ ਅਤੇ ਬੈਂਡੇਜ ਹੁੰਦਾ ਸੀ, ਖ਼ੂਬ ਕੱਸ ਕੇ ਪੱਟ ਦੇ ਜ਼ਖਮ ਉਪਰ ਪੱਟੀ ਬੱਧੀ ਗਈ, ਤਾਂ ਜੋ ਵਧੀਕ ਖ਼ੂਨ ਨਾ ਨਿਕਲ ਜਾਵੇ। ਆਪਣੀ ਕੁਪੀ ਵਿਚੋਂ ਕੁਝ ਚਾਹ ਪੀਤੀ। ਥੋੜੇ ਚਿਰ ਨੂੰ ਮੇਰਾ ਸਕੋਂਡਇਨ ਆਫ਼ੀਸਰ ਵੀ ਆਣ ਪੁਜਾ ਅਤੇ ਉਸ ਨੇ ਆਪਣੀ ਕੁਪੀ ਵਿਚੋਂ ਇਕ ਨਿੱਕਾ ਜਿਹਾ ਪੈੱਗ ਰਮ ਦਾ ਪਿਆਇਆ। ਤਸੱਲੀ ਦਿਤੀ, ਜ਼ਖਮ ਨੂੰ ਸਿੱਧਾ ਅਤੇ ਲੱਤ ਨੂੰ ਠੀਕ ਰਖਣ ਲਈ ਹਦਾਇਤਾਂ। ਡੋਲੀ ਬਹਿਰੇ ਦਾ ਪ੍ਰਬੰਧ ਕੀਤਾ ਅਤੇ ਜਿਥੋਂ ਤਕ ਜਲਦੀ ਜਲਦੀ ਹੋ ਸਕਿਆ, ਫਾਇਰਿੰਗ, ਲਾਈਨ ਵਿਚੋਂ ਦਿਨ ਚੜ੍ਹਨ ਥੀਂ ਪਹਿਲਾਂ ਪਹਿਲਾਂ ਹੀ ਮੈਨੂੰ ਬ ਹਰ ਕਢਵਾ ਕੇ ਪਿਛੇ ਭਿਜਵਾ ਦਿਤਾ। ਸਵੇਰ ਦੀ ਸਖਤ ਅਤੇ ਕੰਬਦੀ ਹੋਈ ਬਰਫਾਨੀ ਸਰਦੀ ਵਿਚ ਦਿਨ ਚੜ੍ਹਦੇ ਸਾਰ ਮੈਨੂੰ ਉਸ ਥਾਂ ਪੁਚਾਇਆ ਗਿਆ ਜਿਥੇ ਰੈਜਮਿੰਟ ਦੇ ਸਾਰੇ ਫੱਟੜ ਪੁਜਦੇ ਸਨ। ਇਹ ਥਾਂ ਨਾਲੇ ਦੇ ਕਿਨਾਰੇ ਕੱਖਾਂ ਦੀ ਇਕ ਨਿਕੀ ਜਹੀ ਕੁਲੀ ਹੈਸੀ। ਇਕ ਸਟਰੇਚਰ ਉਪਰ ਲਿਟਾ ਕੇ ਡਾਕਟਰ ਨੇ ਲੱਤ ਨੂੰ ਬਿਲਕੁਲ ਸਿੱਧਾ ਰੱਖ ਕੇ ਚੰਗੀ ਤਰਾਂ ਬਨ੍ਹ ਦਿਤਾ ਅਤੇ ਮੈਨੂੰ ਥੋੜੀ ਰਮ, ਕੁਝ ਸ਼ੋਰਬਾ ਅਤੇ ਪੀਣ ਲਈ ਦੁਧ ਦਿਤਾ ਗਿਆ। ਹੁਣ ਤਕ ਮੈਨੂੰ ਤਕਲੀਫ਼ ਘਟ ਹੈਸੀ, ਪਰ ਜਿਉਂ ਜਿਉਂ ਖ਼ੂਨ ਵਗਦਾ ਜਾਂਦਾ ਸੀ, ਲੱਤ ਠੰਢੀ ਹੋ ਕੇ ਆਕੜਦੀ ਜਾਂਦੀ ਸੀ। ਫਿਰ ਕੜਾਕੇ-ਦਾਰ ਸਰਦੀ ਹੋਣ ਦੇ ਕਾਰਨ ਲੱਤ ਸੁਜਦੀ ਜਾਂਦੀ ਅਤੇ ਮਿੰਟ ਮਿੰਟ ਮਗਰੋਂ ਦਰਦ ਵਧਦਾ ਜਾ ਰਿਹਾ ਸੀ। ਅਜ ਆਪਣੇ ਸਾਥੀਆਂ ਨਾਲੋਂ ਵਿਛੜਨ ਦਾ ਬੜਾ ਸਖ਼ਤ ਰੰਜ ਸੀ। ਛਾਉਣੀ ਥੀਂ ਤੁਰਨ ਲਗਿਆਂ ਅਤੇ ਲਾਇਲਪੁਰੋਂ ਬਚੇ ਤੇ ਸਿੰਘਣੀ ਥੀਂ ਨਿਖੜਨ ਲਗਿਆਂ ਅੱਖਾਂ ਵਿਚ ਅੱਥਰੂ ਆਏ ਸਨ, ਉਹੀ ਅਥਰੂ ਅਜ ਸਾਥੀਆਂ ਥੀਂ ਵਖ ਹੋਇਆਂ ਵੀ ਅੱਖਾਂ ਵਿਚ ਮੌਜੂਦ ਸਨ।

# ਪਿਆਰੀ ਨਰਸ

ਫੌਜੀ ਜੀਵਨ ਚਲਦੀ ਘੜੀ ਵਾਂਗ ਚਵ੍ਹੀ ਘੰਟੇ ਟਿਕ-ਟਿਕ ਕਰਨ ਵਾਲਾ ਜੀਵਨ ਹੈ । ਜਿਸ ਤਰ੍ਹਾਂ ਵਿਗੜੀ ਹੋਈ ਘੜੀ ਨੂੰ ਮੁਰੰਮਤ ਲਈ ਕਿਸੇ ਚੰਗੇ ਘੜੀ-ਸਾਜ਼ ਦੀ ਲੋੜ ਹੈ, ਇਸੇ ਤਰ੍ਹਾਂ ਫੌਜੀ ਸਰੀਰ ਵਿਚ ਆਏ ਨੁਕਸ ਜਾਂ ਕਿਸੇ ਖੇਚਲ ਤਕਲੀਫ਼ ਨੂੰ ਦੂਰ ਕਰਨ ਲਈ ਫੌਜੀ ਜੀਵਨ ਲਈ ਹਸਪਤਾਲ ਬੜੇ ਹੀ ਆਰਾਮ ਦੀ ਥਾਂ ਹੈ । ਹਸ-ਪਤਾਲ ਵਿਚ ਕਿਤਨੀ ਰਾਖੀ ਤੇ ਆਰਾਮ, ਇਲਾਜ ਅਤੇ ਸੁਖ ਮਿਲਦਾ ਹੈ--ਇਹ ਗਲਾਂ ਵੇਖਣ ਨਾਲ ਹੀ ਤਅੱਲਕ ਰਖਦੀਆਂ ਹਨ। ਮੈਂ ਪਿਛਲੀ ਕਹਾਣੀ 'ਪੱਟ ਦੇ ਜ਼ਖਮ' ਵਿਚ ਦਸਿਆ ਕਿ ਰਾਤ ਦੇ ਹਨੇਰੇ ਵਿਚ ਮੇਰੇ ਪੱਟ ਵਿਚ ਗੋਲੀ ਵੱਜੀ, ਜਿਹੜੀ ਪੱਟ ਨੂੰ ਚੀਰਦੀ ਹੋਈ ਇਕ ਪਾਸੇ ਥੀਂ ਦੂਜੇ ਪਾਸੇ ਨਿਕਲ ਗਈ। ਬਰਫ਼ਾਨੀ ਸਖਤ ਸਰਦੀ, ਝਲਾਰ ਦਾ ਕੰਢਾ, ਖੂਨ ਦਾ ਵਧੀਕ ਨਿਕਲ ਜਾਣਾ ਤੇ ਪੱਟ ਦਾ ਬਹੁਤਾ ਸੁਜ ਜਾਣਾ ਬੜੀਆਂ ਸਖਤ ਅਤੇ ਦਰਦਨਾਕ ਤਕਲੀਫ਼ਾਂ ਸਨ। ਤਕੜੇ ਥੀਂ ਤਕੜਾ ਅਤੇ ਦਲੇਰ ਹਿਰਦਾ ਵੀ ਅਣਸਹੇ ਦੁਖ ਵੇਲੇ ਮੌਤ ਮੰਗਦਾ ਹੈ । ਮੈਂ ਵੀ ਇਸ ਦੁਖ ਵੇਲੇ ਆਪਣੇ ਮਨ ਵਿਚ ਅਰਦਾਸਾਂ ਕਰ ਰਿਹਾ ਸਾਂ :

"ਹੇ ਅਕਾਲ ਪੁਰਖ ! ਮੈਨੂੰ ਮੌਤ ਦੇ, ਤਾਂ ਜੋ ਇਹ ਦੁਖਦਾਈ ਸਮਾਂ ਮੁਕ ਜਾਵੇ", ਪਰ ਕਰੋੜਾਂ ਵਾਰੀ ਵੀ ਹਥ ਜੋੜਿਆਂ ਜਾਂ ਮੌਤ ਲਈ ਮੌਤ ਮੰਗਿਆਂ ਮੌਤ ਨਹੀਂ ਆਇਆ ਕਰਦੀ। ਸਵੇਰੇ ਸਤ ਵਜੇ ਥੀਂ ਸ਼ਾਮ ਦੇ ਤਿੰਨ ਵਜੇ ਤਕ ਮੈਂ ਇਸੇ ਕੱਖਾਂ ਦੀ ਛਪਰੀ ਵਿਚ ਰਿਹਾ। ਏਥੋਂ ਤਕ ਹੀ ਸਾਡੀ ਰਜਮੈਂਟ ਦਾ ਪ੍ਰਬੰਧ ਸੀ। ਅਗੇ ਬ੍ਰਿਗੇਡ ਹੈਡ ਕੁਆਰਟਰ ਵਾਲਿਆਂ ਨੇ ਲੈ ਜਾਣਾ ਸੀ। ਉਨ੍ਹਾਂ ਨੂੰ ਫੋਨ ਤਾਂ ਕਰ ਦਿਤਾ ਗਿਆ, ਪਰ ਪਹਿਲਾਂ ਉਨ੍ਹਾਂ ਜ਼ਖਮੀਆਂ ਨੂੰ ਘਲਿਆ ਜਾਂਦਾ ਸੀ, ਜਿਨ੍ਹਾਂ ਨੂੰ ਜਲਦੀ ਅਤੇ ਵਧੀਕ ਸਹਾਇਤਾ ਦੀ ਲੋੜ ਸੀ । ਸਿਰ, ਮਥੇ, ਛਾਤੀ ਦੇ ਜ਼ਖਮੀਆਂ, ਟੁਟੀਆਂ ਬਾਹਵਾਂ ਤੇ ਲਤਾਂ ਵਾਲਿਆਂ ਨੂੰ ਪਹਿਲਾਂ ਪੁਚਾਇਆ ਜਾਂਦਾ, ਮਾਮੂਲੀ ਫਟੜਾਂ ਨੂੰ ਪੈਰੀਂ ਤੁਰ ਕੇ ਵੀ ਬ੍ਰਿਗੇਡ ਦੇ ਹਸਪਤਾਲ ਤਕ ਪੁਜਣਾ ਪੈਂਦਾ, ਪਰ ਨਾ ਤੁਰ ਸਕਣ ਵਾਲਿਆਂ ਲਈ ਪਹੀਆਂ ਵਾਲੇ ਸਟਰੇਚਰਾਂ ਦਾ ਪ੍ਰਬੰਧ ਸੀ । ਮੁਕਦੀ ਗਲ ਇਹ ਕਿ ਬ੍ਰਿਗੇਡ ਦਾ ਹਸਪਤਾਲ ਮਸ਼ੀਨ ਗਨਾਂ ਦੀਆਂ ਗੋਲੀਆਂ, ਤੋਪਾਂ ਅਤੇ ਬੰਬਾਂ ਦੇ ਗੋਲਿਆਂ ਦੀ ਮਾਰ ਥੀਂ ਬਾਹਰ ਨਾ ਸੀ।

ਮੈਨੂੰ ਸ਼ਾਮ ਦੇ ਤਿੰਨ ਵਜੇ ਦੋ ਡੋਲੀ-ਬਹਿਰਿਆਂ ਨੇ ਆਣ ਸਾਂਭਿਆ। ਉਨ੍ਹਾਂ ਆਪਣਾ ਸਟਰੇਚਰ ਉਥੇ ਦੇ ਦਿਤਾ ਅਤੇ ਜਿਸ ਸਟਰੇਚਰ ਉਪਰ ਮੈਂ ਪਿਆ ਸਾਂ, ਉਸ ਨੂੰ ਚੁਕ ਕੇ ਆਪਣੇ ਦੋ ਪਹੀਆਂ ਵਾਲੀ ਹਥ-ਗਡੀ ਵਿਚ ਬੀੜ ਲਿਆ। ਮਾਮੂਲੀ ਜਿਹਾ ਮੇਰਾ ਸਾਮਾਨ, ਹਸਪਤਾਲ ਦੀ ਮੇਰੇ ਮੁਤੱਲਕ ਲਿਖੀ ਰੀਪੋਟ ਵੀ ਨਾਲ ਲੈ ਲਈ ਤੇ ਉਹ ਅਧ-ਮੋਈ ਲਾਸ਼ ਨੂੰ ਲੈ ਕੇ ਤੁਰ ਪਏ । ਘੰਟੇ ਕੁ ਮਗਰੋਂ ਅਸੀਂ ਇਕ ਉਜੜੇ ਪਿੰਡ ਵਿਚ ਜਾ ਪੁਜੇ। ਇਕ ਟੁਟੇ ਫੁਟੇ ਮਕਾਨ ਵਿਚ ਬ੍ਰਿਗੇਡ ਹਸਪਤਾਲ ਦਾ ਨਿੱਕਾ ਜਿਹਾ ਰੈਡ-ਕਰਾਸ ਝੰਡਾ ਖੜਾ ਕੀਤਾ ਹੋਇਆ ਸੀ। ਪੰਦਰਾਂ ਕੁ ਮਿੰਟਾਂ ਮਗਰੋਂ ਅੰਗਰੇਜ਼ ਡਾਕਟਰ ਨੇ ਰਾਜ਼ੀ ਖੁਸ਼ੀ ਪੁਛੀ, ਚੂਸਣ ਲਈ ਮਿਠਾਈ ਦੀਆਂ ਟਿਕੀਆਂ ਦਿਤੀਆਂ ਤੇ ਗਰਮ ਦੁਧ ਦਾ ਪਿਆਲਾ ਪੀਣ ਲਈ ਮਿਲਿਆ । ਥੋੜੀ ਜਹੀ ਰਮ ਵੀ ਸਰੀਰ ਨੂੰ ਤਕੜਿਆਂ ਕਰਨ ਲਈ ਦੇ ਕੇ ਤਸੱਲੀ ਦਿਤੀ ਕਿ "ਜਲਦੀ ਹੀ ਕਿਸੇ ਚੰਗੇ ਪ੍ਰਬੰਧ ਵਾਲੇ ਹਸਪਤਾਲ ਵਿਚ ਪੁਜ ਕੇ ਬੜੀ ਜਲਦੀ ਆਰਾਮ ਪਰਾਪਤ ਕਰੋਗੇ ਅਤੇ ਜਲਦੀ ਹੀ ਰਾਜ਼ੀ ਹੋ ਕੇ ਹਿੰਦੁਸਤਾਨ ਆਪਣੇ ਘਰ ਚਲੇ ਜਾਓਗੇ।"

ਇਥੇ ਮੇਰੇ ਥੀਂ ਪਹਿਲਾਂ ਵੀਹ ਬਾਈ ਮਰੀਜ਼ ਸਨ। ਤਿੰਨ ਬੜੇ ਬੇ-ਹਾਲ ਸਨ। ਇਕ ਛੇਕੜਲਿਆਂ ਸਵਾਸਾਂ ਉਪਰ ਸੀ। ਮੈਂ ਸਟਰਚਰ ਉਪਰ ਪਿਆ ਹੀ ਇਹ ਸਾਰਾ ਨਜ਼ਾਰਾ ਵੇਖ ਰਿਹਾ ਸਾਂ। ਕੁਝ ਹੀ ਮਿੰਟਾਂ ਮਗਰੋਂ ਉਸ ਨੇ ਦਮ ਤੋੜ ਦਿਤਾ। ਡਾਕਟਰ ਨੇ ਚਿੱਟ ਲਿਖੀ। ਉਸ ਦੇ ਗਲ ਦਾ ਨੰਬਰ ਲਾਹ ਲਿਆ ਗਿਆ ਤੇ ਉਸ ਦੇ ਕੰਬਲ ਵਿਚ ਉਸੇ ਤਰ੍ਹਾਂ ਲਪੇਟ ਕੇ ਉਸੇ ਸਟਰੇਚਰ ਉਪਰ ਚੁਕ ਕੇ ਬਾਹਰਲੇ ਵਿਹੜੇ ਥੀਂ ਕੁਝ ਦੂਰ, ਜਿਥੇ ਪਹਿਲਾਂ ਹੀ ਖਾਲੀਆਂ ਪੁਟੀਆਂ ਹੋਈਆਂ ਸਨ, ਸਦਾ ਲਈ ਧਰਤੀ ਮਾਤਾ ਦੀ ਗੋਦ ਵਿਚ ਮਿੱਠੀ ਨੀਂਦੇ ਸੁਲਾ ਦਿਤਾ ਗਿਆ।

ਇਸ ਥੀਂ ਪਹਿਲਾਂ ਮੈਂ ਮੌਤ ਲਈ ਅਰਦਾਸਾਂ ਕਰ ਰਿਹਾ ਸਾਂ; ਪਰ ਮੌਤ ਦੀ ਇਸ ਡਰਾਉਣੀ ਝਾਕੀ ਨੂੰ ਵੇਖ ਜੀਵਣ ਦੀਆਂ ਆਸਾਂ ਬੱਝ ਰਹੀਆਂ ਸਨ। ਜਿਵੇਂ ਇਕ ਕੈਦੀ ਪਹਿਲੇ ਦਿਨ ਜੇਲ੍ਹ ਕੋਠੜੀ ਵਿਚ ਜਾਂਦਿਆਂ ਬੜਾ ਸਖਤ ਘਾਬਰ ਜਾਂਦਾ ਹੈ ਤੇ ਸੋਚਦਾ ਹੈ ਕਿ ਮੈਂ ਤਿੰਨ ਮਹੀਨੇ ਦੀ ਸਖਤ ਕੈਦ ਕਿਵੇਂ ਬਿਤਾ ਸਕਾਂਗਾ, ਪਰੰਤੂ ਜਦੋਂ ਉਸ ਨੂੰ ਇਹਨਾਂ ਹੀ ਕੋਠੜੀਆਂ ਅੰਦਰ ਉਮਰ ਕੈਦੀ ਮਿਲ ਪੈਂਦੇ ਹਨ ਤਾਂ ਉਹ ਆਪਣੀ ਨਿਕੀ ਜਹੀ ਕੈਦ ਲਈ ਜੀਵਨ ਲੋਚਦਾ ਹੈ। ਮੈਂ ਵੀ ਹੁਣ ਮਰਨਾ ਨਹੀਂ ਸਾਂ ਚਾਹੁੰਦਾ। ਹੁਣ ਮੈਂ ਵੀ ਅਰਦਾਸਾਂ ਕਰ ਰਿਹਾ ਸਾਂ ਕਿ ਇਸ ਭਿਆਨਕ ਥਾਂ ਵਿਚੋਂ ਜਲਦੀ ਤੋਂ ਜਲਦੀ ਨਿਕਲ ਕੇ ਕਿਸੇ ਸੁਖ ਵਾਲੀ ਥਾਂ ਪੁਚਾਇਆ ਜਾਵਾਂ—ਭਾਵੇਂ ਕਿਤਨੀ ਹੀ ਦਰਦ ਅਤੇ ਤਕਲੀਫ ਸੀ।

ਅਖੀਰ ਰਾਤ ਦੇ ਅੱਠ ਕੁ ਵਜੇ ਐਂਬੁਲੈਂਸ ਕਾਰਾਂ ਆਣ ਪੁਜੀਆਂ। ਇਹ ਗਡੀਆਂ ਪਿੰਡ ਥੀਂ ਬਾਹਰਲੇ ਪਾਸੇ ਨੀਵੀਂ ਥਾਵੇਂ ਖੜੀਆਂ ਕੀਤੀਆਂ ਜਾਂਦੀਆਂ ਤੇ ਰਾਤ ਦੇ ਅਨ੍ਹੇਰੇ ਵਿਚ ਬਿਨਾਂ ਰੌਸ਼ਨੀ ਇਕ ਇਕ ਗਡੀ ਅਗੇ ਲਿਆਂਦੀ ਜਾਂਦੀ। ਜਦੋਂ ਬੀਮਾਰ ਉਸ ਵਿਚ ਲਦ ਦਿਤੇ ਜਾਂਦੇ ਤਾਂ ਉਹ ਜ਼ਖਮੀਆਂ ਨੂੰ ਲੈ ਦੁਰਾਡੇ ਨਿਕਲ ਜਾਂਦੀ। ਫਿਰ ਦੂਜੀ ਗਡੀ ਉਥੇ ਆਉਂਦੀ, ਕਿਉਂਕਿ ਦੁਸ਼ਮਣ ਦੇ ਗੋਲੇ ਇਥੇ ਵੀ ਆਣ ਪੈਂਦੇ ਸਨ। ਇਕੱਠਿਆਂ ਹੋਣ ਵਿਚ ਵਧੀਕ ਨੁਕਸਾਨ ਦਾ ਡਰ ਸੀ। ਰਾਤ ਦੇ ਗਿਆਰਾਂ ਵਜੇ ਸਾਡੀਆਂ ਐਂਬੁਲੈਂਸ ਕਾਰਾਂ ਨੇ ਕੂਚ ਕੀਤਾ। ਟੁਟੀਆਂ ਫੁਟੀਆਂ ਸੜਕਾਂ ਦੇ ਹਿਚਕੋਲੇ, ਨੀਵੀਆਂ ਉਚੀਆਂ ਥਾਵਾਂ ਵਿਚੋਂ ਲੰਘਦੇ ਰਾਤ ਦੇ ਘੁਪ ਅਨ੍ਹੇਰੇ ਵਿਚ ਤਿੰਨ ਕੁ ਵਜੇ ਇਸ

ਸ਼ਹਿਰ ਵਿਚ ਪੰਦਰਾਂ ਵੀਹ ਕਾਰਾਂ ਆਣ ਪੁਜੀਆਂ। ਇਹ ਥਾਂ ਕੇਵਲਗੀ ਡਵੀਯਨ ਹਸਪਤਾਲ ਸੀ। ਸਾਰੇ ਫ਼ਰੰਟ ਦੇ ਜ਼ਖਮੀ ਜਦੋਂ ਇਥੇ ਕੱਠੇ ਹੋ ਜਾਂਦੇ ਤਾਂ ਸੈਂਕੜੇ ਮੀਲ ਦੂਰ ਸ਼ਹਿਰੀ ਆਬਾਦੀ ਵਿਚ ਕਿਸੇ ਚੰਗੇ ਹਸਪਤਾਲ, ਪੂਰੇ ਆਰਾਮ ਲਈ ਘਲ ਦਿਤਾ ਜਾਂਦਾ। ਇਥੇ ਵੀ ਕੋਈ ਚੰਗਾ ਪ੍ਰਬੰਧ ਨਹੀਂ ਸੀ। ਡਵੀਯ਼ਨਲ ਹਸਪਤਾਲ ਇਕ ਸਕੂਲ ਵਿਚ ਬਣਾਇਆ ਗਿਆ ਸੀ। ਵਿਹੜੇ ਵਿਚ ਪਏ ਸਕੂਲ ਦੇ ਡੈਸਕ, ਕੰਧਾਂ ਦੇ ਨਕਸ਼ੇ ਅਤੇ ਬਲੈਕ ਬੋਰਡ ਸਕੂਲ ਦੀਆਂ ਮੂੰਹ ਬੋਲਦੀਆਂ ਨਿਸ਼ਾਨੀਆਂ ਸਨ। ਇਥੇ ਜ਼ਖਮੀਆਂ ਲਈ ਮਾਮੂਲੀ ਜਿਹਾ ਡਰੈਸਿੰਗ ਰੂਮ ਸੀ। ਕਮਰਿਆਂ ਵਿਚ ਪਿਛੇ ਦੀ ਤਰ੍ਹਾਂ ਹੀ ਸਟਰੈਚਰ ਸਨ। ਮੰਜਿਆਂ ਦਾ ਪ੍ਰਬੰਧ ਜਾਂ ਸੁਖ ਦੇਣ ਵਾਲੀਆਂ ਹੋਰ ਚੀਜ਼ਾਂ ਇਥੇ ਵੀ ਮੌਜੂਦ ਨਹੀਂ ਸਨ। ਭਾਵੇਂ ਮਸ਼ੀਨਗਨਾਂ ਅਤੇ ਬੰਦੂਕਾਂ ਦੀਆਂ ਗੋਲੀਆਂ ਦਾ ਇਥੇ ਕੋਈ ਡਰ ਨਹੀਂ ਸੀ, ਪਰ ਹਵਾਈ ਜਹਾਜ਼ਾਂ ਦੇ ਬੰਬ ਅਤੇ ਤੋਪ ਦੇ ਗੋਲੇ ਇਸ ਥਾਂ ਨੂੰ ਵੀ ਬਰਬਾਦ ਕਰਦੇ ਰਹਿੰਦੇ ਸਨ। ਅਨੇਕਾਂ ਟੁਟੇ ਫੁਟੇ ਤੇ ਡਿਗੇ ਹੋਏ ਘਰ ਖਾਲਮ-ਖਾਲੀ ਭਾਂ ਭਾਂ ਪਏ ਕਰਦੇ ਸਨ, ਪਰ ਟਾਵੀਂ ਟਾਵੀਂ ਫ਼ਰਾਂਸੀ ਆਬਾਦੀ ਵੀ ਮੌਜੂਦ ਸੀ।

ਰਾਤ ਦੇ ਤਿੰਨ ਵਜੇ ਪੁਜਦਿਆਂ ਸਾਰ ਹੀ ਸਾਨੂੰ ਗਰਮਾ ਗਰਮ ਚਾਹ ਪਿਲਾਈ ਗਈ। ਐਂਬੁਲੈਂਸ ਗੱਡੀਆਂ ਵਿਚੋਂ ਜ਼ਖ਼ਮੀਆਂ ਨੂੰ ਉਤਾਰਦਿਆਂ ਤੇ ਅੰਦਰ ਲਿਜਾਂਦਿਆਂ ਜਦੋਂ ਵੀ ਹਿਚਕੋਲਾ ਵਜਦਾ, ਹਾਇ! ਹਾਇ! ਦੀ ਆਵਾਜ਼ ਆਉਂਦੀ। ਕਮਰਿਆਂ ਵਿਚ ਬੜਾ ਹੀ ਦਰਦਨਾਕ ਨਜ਼ਾਰਾ ਸੀ। ਪੈਰ, ਗੋਡੇ, ਬਾਹਵਾਂ, ਸਿਰ, ਜੁਬਾੜੇ, ਸਰੀਰ ਦੇ ਅਨੇਕ ਹਿਸਿਆਂ ਦੇ ਜ਼ਖਮੀ 'ਹਾਇ ਡਾਕਟਰ ਜੀ', 'ਮਰ ਗਿਆ ਡਾਕਟਰ ਜੀ!' ਦੀਆਂ ਪੁਕਾਰਾਂ ਕਰਦੇ ਸਨ। ਜ਼ਖਮੀ ਬੜੇ ਜ਼ਿਆਦਾ ਸਨ ਅਤੇ ਉਹਨਾਂ ਦੀ ਸੇਵਾ ਸੰਭਾਲ ਕਰਨ ਵਾਲੇ ਡਾਕਟਰ ਅਤੇ ਵਾਰਡ-ਅਰਦਲੀ ਬੜੇ ਘਟ ਸਨ। ਦਰ-ਅਸਲ ਇਸ ਥਾਂ ਨੂੰ ਕੇਵਲ ਏਸ ਲਈ ਬਣਾਇਆ ਗਿਆ ਸੀ ਕਿ ਫ਼ਾਇਰਿੰਗ ਲਾਇਨ ਵਿਚੋਂ ਆਏ ਬੀਮਾਰਾਂ ਨੂੰ ਐਂਬੁਲੈਂਸ ਟ੍ਰੇਨ ਵਿਚ ਚਾੜ੍ਹਨ ਦਾ ਪ੍ਰਬੰਧ ਕੀਤਾ ਜਾਵੇ। ਜਿਹੜੇ ਫਟੜਾਂ ਦੀਆਂ ਮੌਤਾਂ ਇਸ ਥਾਂ ਪੁਜ ਕੇ ਵੀ ਹੋ ਜਾਂਦੀਆਂ ਸਨ, ਉਹਨਾਂ ਨੂੰ ਵੀ ਪਿਛਲੇ ਸਟੇਸ਼ਨ ਵਾਂਗ ਹੀ ਜ਼ਖਮੀ ਦੇ ਆਪਣੇ ਕੰਬਲ ਵਿਚ ਸੀਊਂ ਕੇ ਨਾਲ ਵਾਲੇ ਵਿਹੜੇ ਵਿਚ ਧਰਤੀ ਮਾਤਾ ਦੀ ਪਿਆਰੀ

ਅਤੇ ਮਿਠੀ ਗੋਦ ਵਿਚ ਸਦਾ ਲਈ ਸੌਂਪ ਦਿਤਾ ਜਾਂਦਾ। ਹਿੰਦੂ, ਬ੍ਰਾਹਮਣ, ਸਿਖ, ਈਸਾਈ ਬਿਨਾਂ ਪੂਜਾ, ਪਾਠ, ਦੀਵਾ ਬੱਤੀ, ਚੌਕਾ, ਪਿੰਡ ਤੇ ਕਲਮਾ ਪੜ੍ਹੇ ਪੜ੍ਹਾਏ ਇਕੋ ਥਾਂ ਸਮਾ ਰਹੇ ਸਨ।

ਦਸ ਵਜੇ ਵਡਾ ਡਾਕਟਰ ਆਇਆ ਤੇ ਫੱਟੜਾਂ ਦੇ ਜ਼ਖਮਾਂ ਨੂੰ ਸਾਫ਼ ਰਖਣ ਲਈ ਨਵੀਆਂ ਪਟੀਆਂ ਬਦਲਣੀਆਂ ਸ਼ੁਰੂ ਕਰ ਦਿਤੀਆਂ। ਵਾਰੀ ਵਾਰੀ ਜ਼ਖਮੀ ਇਕ ਕਮਰੇ ਵਿਚ ਲਿਆਏ ਜਾਂਦੇ। ਤੇਜ਼ ਕੈਂਚੀ ਨਾਲ ਬੜੀ ਜਲਦੀ ਪਹਿਲੀ ਪੱਟੀ ਜ਼ਖਮਾਂ ਉਪਰੋਂ ਕਟ ਦਿਤੀ ਜਾਂਦੀ। ਟਿੰਕਚਰ-ਆਓਡੀਨ ਪੇਂਟ ਕੀਤੀ, ਲਿੰਟ ਗਾਜ਼ ਰਖੀ ਤੇ ਬੈਂਡੇਜ ਕਸ ਦਿਤਾ ਗਿਆ। ਕਿਉਂਕਿ ਫਟੜ ਜ਼ਿਆਦਾ ਸਨ ਅਤੇ ਹਰ ਇਕ ਦੀ ਪੱਟੀ ਬਦਲਣੀ ਜ਼ਰੂਰੀ ਸੀ, ਇਸ ਲਈ ਇਹ ਸਾਰਾ ਕੰਮ ਬੜੀ ਫੁਰਤੀ ਨਾਲ ਹੋ ਰਿਹਾ ਸੀ। ਭਾਵੇਂ ਜ਼ਖਮੀ ਦਰਦ ਨਾਲ ਕੁਰਲਾਟ ਪਾ ਰਹੇ ਸਨ, ਪਰ ਡਾਕਟਰ, ਵਾਰਡ-ਅਰਦਲੀ ਤੇ ਡੋਲੀ-ਬਹਿਰੇ ਆਪਣਾ ਕੰਮ ਬਿਨਾ ਬੋਲੇ, ਬਿਨਾ ਸੁਣੇ, ਬਿਨਾ ਆਖੇ ਮਸ਼ੀਨ ਵਾਂਗ ਕਰੀ ਜਾਂਦੇ ਸਨ। ਇਸ ਤੋਂ ਵਧੀਕ ਹੋਰ ਹੋ ਵੀ ਕੀ ਸਕਦਾ ਸੀ!

ਮੂੰਹ, ਹਥਾਂ ਅਤੇ ਬਾਹਵਾਂ ਦੇ ਜ਼ਖਮੀ ਤੁਰ ਫਿਰ ਕੇ ਟੱਟੀ, ਪਿਸ਼ਾਬ ਤਾਂ ਜਾ ਸਕਦੇ ਸਨ, ਪਰੰਤੂ ਉਹ ਵਿਚਾਰੇ ਖਾਣ ਪੀਣ ਥੀਣ ਥੀਂ ਲਾਚਾਰ ਸਨ। ਕੌਣ ਚੁਕ ਕੇ ਪਿਆਲਾ ਚਾਹ ਦਾ ਉਨ੍ਹਾਂ ਦੇ ਮੂੰਹ ਲਾਵੇ! ਲੱਤ, ਪੱਟ, ਪੈਰ ਤੇ ਪੇਟ ਦੇ ਫਟੜ ਜੋ ਹੱਥਾਂ ਨਾਲ ਪਿਆਲਾ ਚਾਹ ਦਾ ਮੂੰਹ ਨਾਲ ਲਾ ਸਕਦੇ ਸਨ, ਤਾਂ ਉਹ ਡਰਦੇ ਦੁਧ, ਚਾਹ ਪੀਣ ਥੀਂ ਸੰਕੋਚ ਕਰਦੇ, ਕਿਉਂਕਿ ਉਨ੍ਹਾਂ ਲਈ ਟੱਟੀ ਪਿਸ਼ਾਬ ਦਾ ਔਖ ਸੀ, ਪਰ ਪੇਟ ਬੜਾ ਜ਼ਾਲਮ ਹੈ। ਇਸ ਔਖ ਵਿਚ ਚਾਹ, ਦੁਧ, ਬਿਸਕੁਟ, ਚਾਕਲੇਟ, ਫਲ ਆਦਿਕ ਚੀਜ਼ਾਂ ਵਰਤ ਰਹੀਆਂ ਸਨ। ਸ਼ੋਰਬਾ ਅਤੇ ਰਮ ਵੀ ਦਿਲ ਦੀ ਧੜਕਣ ਨੂੰ ਕਾਬੂ ਰਖਣ ਲਈ ਵਰਤ ਰਹੀ ਸੀ ਤੇ ਨਾਲ ਦੇ ਨਾਲ 'ਹਾਇ, ਮਰ ਗਿਆ! ਦਰਦ ਹੈ, ਡਾਕਟਰ ਜੀ!' ਦੀਆਂ ਚਾਂਗਾਂ ਵੀ ਪੈ ਰਹੀਆਂ ਸਨ। ਜੇ ਕਿਸੇ ਇਕ ਨੂੰ ਨੀਂਦ ਆਉਂਦੀ, ਤਾਂ ਦੂਜੇ ਦਾ ਦਰਦ ਤੇ ਚਾਗਾਂ ਜਗਾ ਦਿੰਦੀਆਂ ਸਨ। ਸਾਰੀ ਰਾਤ ਵਿਹੜੇ ਵਿਚ ਪਏ ਡੈਸਕਾਂ ਦੀ ਬਰਫ ਤ੍ਰਿਮ ਤ੍ਰਿਮ ਕਰ ਕੇ ਇਕ ਦੂਜੇ ਉਪਰੋਂ ਡਿਗਦੀ ਧਰਤੀ ਉਪਰ ਆਉਂਦੀ ਰਹੀ। ਵਿਹੜੇ ਵਿਚ ਡੈਸਕਾਂ ਦੇ ਕੋਟ ਚਾੜ੍ਹੇ ਹੋਏ ਸਨ। ਕੰਧ ਦੇ ਨਾਲ ਕਰ ਕੇ ਇਕ ਦੋ

ਉਪਰ ਦੂਜਾ, ਦੂਜੇ ਉਪਰ ਤੀਜਾ। ਇਨ੍ਹਾਂ ਦੀ ਆੜ ਵਿਚ ਕਿਚਨ ਅਤੇ ਥੋੜੀ ਵਿਥ ਉਪਰ ਟੂਟੀਆਂ ਦਾ ਪ੍ਰਬੰਧ ਸੀ।

ਦੂਜੀ ਭਲਕ ਸਵੇਰੇ ਹੀ ਸਕੂਲ ਦੇ ਕਮਰੇ ਖਾਲੀ ਹੋਣੇ ਸ਼ੁਰੂ ਹੋ ਗਏ। ਸਟਰੇਚਰ ਚੁਕੇ ਜਾ ਰਹੇ ਸਨ। ਸਕੂਲ ਥੀਂ ਬਾਹਰ ਐਂਬੂਲੈਂਸ ਗਡੀਆਂ ਦੀ ਭੂੰ ਭੂੰ ਸੁਣਾਈ ਦੇ ਰਹੀ ਸੀ। ਜ਼ਖਮੀ ਹਾਇ! ਹਾਇ! ਕਰਦੇ ਗਡੀਆਂ ਵਿਚ ਬੜੀ ਫੁਰਤੀ ਨਾਲ ਲਦੇ ਜਾ ਰਹੇ ਸਨ। ਜਿਉਂ ਜਿਉਂ ਗਡੀਆਂ ਭਰੀਆਂ ਜਾਂਦੀਆਂ, ਬਿਨਾ ਕਿਸੇ ਉਡੀਕ ਦੇ ਸਟੇਸ਼ਨ ਵਲ ਨੂੰ ਭਜ ਜਾਂਦੀਆਂ। ਸ਼ਹਿਰ ਥੀਂ ਬਾਹਰ ਦੁਰਾਡੇ ਇਕ ਲੰਬੇ ਤੇ ਉਜਾੜ ਪਲੇਟ ਫਾਰਮ ਉਪਰ ਲੰਬ-ਸਲੰਬੀ ਸੁਰਖ ਰੰਗ ਦੀ ਐਂਬੂਲੈਂਸ ਰੇਲ ਗਡੀ ਚੁਪ-ਚੁਪਾਤੇ ਇੰਜਨ ਸਮੇਤ ਸਵੇਰ ਦੀ ਸਰਦੀ ਵਿਚ ਖੜੋਤੀ ਹੋਈ ਸੀ। ਜਿਹੜੀ ਵੀ ਬੀਮਾਰਾਂ ਦੀ ਗਡੀ ਪੁਜਦੀ ਉਸ ਦੇ ਬੀਮਾਰ ਉਤਾਰ ਕੇ ਰੇਲ ਵਿਚ ਰਖ ਦਿਤੇ ਜਾਂਦੇ। ਸਤ ਥੀਂ ਨੌਂ ਕੁ ਵਜੇ ਤਕ ਸਾਰੇ ਜ਼ਖਮੀ ਗਡੀ ਵਿਚ ਚਾੜ੍ਹ ਦਿਤੇ ਗਏ। ਇਸ ਗਡੀ ਵਿਚ ਵੀ ਡਾਕਟਰ, ਵਾਰਡ-ਅਰਦਲੀ ਅਤੇ ਨਰਸਾਂ ਦਾ ਪ੍ਰਬੰਧ ਸੀ। ਇੰਜਨ ਥੀਂ ਗਾਰਡ ਦੇ ਕਮਰੇ ਤਕ ਗਡੀ ਦੇ ਅੰਦਰੋਂ ਹੀ ਆਉਣ ਜਾਣ ਲਈ ਰਾਹ ਵੀ ਸੀ। ਗਡੀ ਦੇ ਹਰ ਇਕ ਕਮਰੇ ਵਿਚ ਸਰਦੀ ਥੀਂ ਬਚਾਣ ਲਈ ਅੰਗੀਠੀਆਂ ਸਨ। ਚਾਕਲੇਟ, ਮਿਠਾਈ, ਬਿਸਕੁਟ, ਚਾਹ, ਦੁਧ, ਕਾਫ਼ੀ, ਸ਼ੋਰਬਾ ਸਾਰਾ ਹੀ ਕੁਝ ਮੌਜੂਦ ਸੀ।

ਜਿਸ ਕੈਰਿਜ ਵਿਚ ਮੈਂ ਸਟਰੇਚਰ ਉਪਰ ਪਿਆ ਸਾਂ, ਹੇਠਾਂ ਉਪਰ ਤਿੰਨ ਤਿੰਨ ਸਟਰੇਚਰ ਸਨ। ਗਡੀ ਨੇ ਵਿਸਲ ਮਾਰੀ ਤੇ ਹੌਲੀ ਹੌਲੀ ਪਲੇਟ ਫਾਰਮ ਥੀਂ ਖਿਸਕਣ ਲਗ ਪਈ ਤੇ ਮਿੰਟਾਂ ਵਿਚ ਹੀ ਆਪਣੀ ਤਿੱਖੀ ਚਾਲ ਅਨੁਸਾਰ ਘੂਕਰਦੀ ਜਾਣ ਲਗ ਪਈ। ਮੇਰਾ ਸਟਰੇਚਰ ਸਾਰਿਆਂ ਥੀਂ ਉਪਰ ਹੋਣ ਕਰ ਕੇ ਬਾਹਰ ਦਾ ਥੋੜਾ ਬਹੁਤਾ ਨਜ਼ਾਰਾ ਕਦੀ ਕਦਾਈਂ ਅੱਖਾਂ ਦੇ ਸਾਹਮਣਿਉਂ ਲੰਘ ਹੀ ਜਾਂਦਾ। ਸਖਤ ਸਰਦੀ ਤੇ ਬਰਫ਼, ਮੀਂਹ ਦੀ ਫੁਹਾਰ ਹੋਣ ਕਰ ਕੇ ਖਿੜਕੀ ਦਾ ਖੁਲ੍ਹਣਾ ਲਾਭ-ਦਾਇਕ ਨਹੀਂ ਸੀ। ਗੱਡੀ ਤੁਰ ਪੈਣ ਮਗਰੋਂ ਜਦੋਂ ਨਰਸਾਂ ਬਾਹਰਲੇ ਕੰਮਾਂ ਥੀਂ ਵਿਹਲੀਆਂ ਹੋ ਗਈਆਂ, ਤਾਂ ਉਨ੍ਹਾਂ ਬੀਮਾਰਾਂ ਦੀ ਸੁਖ ਸੁਰਤ ਪੁਛਣੀ ਆਰੰਭ ਦਿਤੀ। ਐਂਬੂਲੈਂਸ ਟ੍ਰੇਨ ਵਿਚ ਸਿਵਾਏ ਡਾਕਟਰਾਂ ਦੇ ਬਾਕੀ ਸਭੋ ਹੀ ਤ੍ਰੀਮਤਾਂ ਕੰਮ ਕਰਦੀਆਂ ਸਨ। ਸਾਡੀ ਕੈਰਜ ਵਾਲੀ

ਨਰਸ ਨੇ ਵੀ ਗਰਮ ਗਰਮ ਦੁਧ ਦੇ ਪਿਆਲੇ ਵਰਤਾਉਣੇ ਸ਼ੁਰੂ ਕਰ ਦਿਤੇ। ਹਿੰਦੂ ਪਾਣੀ ਤੇ ਮੁਸਲਮਾਨ ਪਾਣੀ, ਹਿੰਦੂ ਰੋਟੀ ਤੇ ਮੁਸਲਮਾਨ ਰੋਟੀ—ਖਬਰੇ ਹਿੰਦੁਸਤਾਨ ਦੇ ਭਾਗਾਂ ਵਿਚੋਂ ਕਦੋਂ ਨਿਕਲੂ! ਜਿਸ ਤਰ੍ਹਾਂ ਇਕੋ ਹੀ ਧਰਤੀ ਮਾਤਾ ਦੀ ਪਿਆਰੀ ਗੋਦ ਵਿਚ ਹੀ ਸਿਖ, ਹਿੰਦੂ, ਮੁਸਲਮਾਨ ਪਾਸੇ ਨਾਲ ਪਾਸਾ ਜੋੜੀ ਬਿਨਾਂ ਰਾਮ, ਵਾਹਿਗੁਰੂ, ਅੱਲ੍ਹਾ ਆਖੇ ਤੇ ਸੁਣੇ ਸਦਾ ਮਿੱਠੀ ਨੀਂਦੇ ਸੁਤੇ ਪਏ ਸਨ, ਇਸੇ ਤਰ੍ਹਾਂ ਇਸ ਡਬੇ ਵਿਚ ਹਿੰਦੂ, ਮੁਸਲਮਾਨ, ਸਿਖ ਲਈ ਬਿਨਾਂ ਭਿੰਨ ਭੇਤ ਇਕੋ ਪਿਆਲਾ ਸਾਰੀਆਂ ਬੁਲ੍ਹੀਆਂ ਨਾਲ ਜੁੜ ਰਿਹਾ ਸੀ। ਕੋਈ ਵੀ ਨਹੀਂ ਸੀ ਪੁਛਦਾ ਕਿ ਇਹ ਕਿਸ ਦਾ ਛੂਹਿਆ ਹੋਇਆ, ਕਿਸੇ ਦੇ ਭਿਟੇ ਹੱਥਾਂ ਦਾ ਤਿਆਰ ਕੀਤਾ ਹੋਇਆ ਹੈ।

ਸਾਰਿਆਂ ਹੀ ਮਜ਼੍ਹਬਾਂ ਵਿਚ ਪੁੰਨ ਅਤੇ ਪਾਪ ਦੇ ਬਦਲੇ ਵਿਚ ਨਰਕ ਅਤੇ ਸੂਰਗ ਦਾ ਭੋਗਣਾ ਲਿਖਿਆ ਹੋਇਆ ਹੈ। ਪਾਪ ਕਰਮਾਂ ਦੇ ਬਦਲੇ ਨਰਕ ਕੁੰਡ ਵਿਚ ਪੈਕੇ ਬੜੀਆਂ ਤਕਲੀਫ਼ਾਂ ਵਿਚੋਂ ਲੰਘਣਾ ਪੈਂਦਾ ਹੈ; ਪਰ ਪੁੰਨ, ਧਰਮ ਤੇ ਸਵਾਬ ਕਰਨ ਵਾਲਿਆਂ ਲਈ ਸੂਰਗ ਦੇ ਝੂਟੇ, ਪਰੀਆਂ ਅਤੇ ਹੂਰਾਂ ਦੇ ਸੰਜੋਗ ਲਿਖੇ ਹੋਏ ਹਨ। ਇਸ ਕੈਰਿਜ ਵਿਚ ਵੀ ਇਕ ਸੂਰਗ ਦੀ ਪਰੀ ਆਸਮਾਨ ਉਪਰੋਂ ਉਤਰ ਕੇ ਆਈ ਹੋਈ ਸੀ। ਫਰਾਂਸਣਾਂ ਦੇ ਸੁੰਦਰ ਜੋਬਨਾਂ ਨੂੰ ਬੜਾ ਰਜ ਰਜ ਕੇ ਢਾਈ ਵਰ੍ਹੇ ਵੇਖਿਆ; ਪਰ ਅਜ ਸਰੀਰ ਤੇ ਜਵਾਨੀ ਮਸਤਾਨੀ ਦੀ ਸੁੰਦਰਤਾ ਵਿਚ ਹਿਰਦੇ ਦੀ ਸੁੰਦਰਤਾ ਦੇ ਭੰਡਾਰ ਖੁਲ੍ਹੇ ਪਏ ਸਨ। ਅੱਖਾਂ ਵਿਚ ਪਿਆਰ ਦੀਆਂ ਪੀਂਘਾਂ ਸਨ। ਜ਼ਬਾਨ ਵਿਚ ਮਿਠ ਸ ਦੀਆਂ ਨਦੀਆਂ ਸਨ। ਹੱਥਾਂ ਵਿਚ ਬਿਜਲੀ ਦੀ ਚਮਕ ਸੀ। ਮਥੇ ਵਿਚੋਂ ਚੰਦਰਮਾ ਦੀ ਸਵੱਛਤਾ ਝਰਦੀ ਸੀ। ਹੱਥਾਂ ਦੀਆਂ ਉਂਗਲਾਂ ਵਿਚ ਕਈ ਜਹਾਨਾਂ ਦੀ ਕੋਮਲਤਾ ਮੌਜੂਦ ਸੀ।

ਗਰਮਾ ਗਰਮ ਦੁਧ ਦਾ ਪਿਆਲਾ ਲੈ ਸਾਰਿਆਂ ਜ਼ਖਮੀਆਂ ਪਾਸ ਪੁਜਦੀ:—

"ਥੋੜਾ ਦੂਧ ?

"ਗਰਮ ਚਾਇ ?

"ਬਹਾਦਰ ਇੰਡੀਅਨ !

"ਬੜਾ ਹਾਸਪਿਟਲ !

"ਖੂਬ ਆਰਾਮ !

"–ਤੁਮ੍ਹਾਰਾ ਘਰ–ਇੰਡੀਆ, ਬਚੇ, ਔਰਤ !"

ਟੁਟੀ ਫੁਟੀ ਹਿੰਦੁਸਤਾਨੀ ਵਿਚ ਨਰਸ ਭੱਜੀ ਜਾਂਦੀ ਰੇਲ ਗੱਡੀ ਦੇ ਅੰਦਰ ਜਿਥੇ ਜ਼ਖਮੀਆਂ ਦੇ ਦਿਲ ਖੁਸ਼ ਕਰਦੀ, ਉਥੇ ਹੀ ਆਪਣੀ ਪਿਆਰ-ਸ਼ਕਤੀ ਤੇ ਸੁੰਦਰਤਾ ਦੀ ਕਸ਼ਿਸ਼ ਨਾਲ ਬਥੇਰਾ ਕੁਝ ਖੁਆ ਰਹੀ ਸੀ। ਨਰਸ ਦੀਆਂ ਪਿਆਰ-ਪੀਂਘਾਂ ਵਿਚ ਜ਼ਖਮਾਂ ਦੇ ਦਰਦ ਘਟ ਹੁੰਦੇ ਜਾ ਰਹੇ ਸਨ। ਇਸ ਕੋਰਿਜ ਵਿਚ ਇਕ ਮੈਂ ਹੀ ਇਹੋ ਜਿਹਾ ਬੀਮਾਰ ਸਾਂ, ਜਿਹੜਾ ਲਤ ਦੇ ਜ਼ਖਮ ਕਾਰਨ ਉਠਣ ਦੇ ਯੋਗ ਨਹੀਂ ਸਾਂ। ਪਿਛਲੇ ਦਿਨ ਸ਼ਾਮ ਥੀਂ ਮਗਰੋਂ ਅਜੇ ਤਕ ਪਿਸ਼ਾਬ ਨਾ ਸੀ ਕੀਤਾ। ਟੱਟੀ ਕਿਧਰੇ ਮੋਰਚਿਆਂ ਵਿਚ ਫ਼ਾਇਰਿੰਗ ਲਾਇਨ ਅੰਦਰ ਫਿਰੀ ਸੀ। ਪੱਟ ਦਾ ਜ਼ਖਮ, ਲਤ ਦੀ ਸੋਜ, ਕਬਜ਼, ਥਕਾਵਟ ਸਾਰੇ ਕੰਮ ਇਕੱਠੇ ਹੋਣ ਕਰਕੇ ਬੁਖਾਰ ਚੜ੍ਹਿਆ ਹੋਇਆ ਸੀ। ਨਰਸ ਨੇ ਹਰ ਚੱਕਰ ਵਿਚ ਬਾਕੀ ਜ਼ਖਮੀਆਂ ਵਾਂਗੂ ਮੇਰੇ ਪਾਸੋਂ ਵੀ ਦੂਧ ਚਾਹ ਕੋਈ ਚੀਜ਼ ਪੀਣ ਲਈ ਪੁਛਿਆ। ਉਸ ਦੇ ਕੋਮਲ ਹੱਥਾਂ ਦਾ ਪਿਆਲਾ ਹਰ ਵਾਰੀ ਮੇਰੀਆਂ ਬੁਲ੍ਹੀਆਂ ਤਕ ਪੁਜਦਾ। ਚਾਹ ਦੇ ਪਿਆਲੇ ਵਿਚੋਂ ਗਰਮਾ ਗਰਮ ਭਾਪ ਨਿਕਲ ਰਹੀ ਸੀ। ਦੁਧ ਦੀ ਮਿਠਾਸ ਅਤੇ ਸੁਗੰਧੀ ਦੋਵੇਂ ਦਿਮਾਗ਼ ਵਲ ਭੱਜੀਆਂ ਆ ਰਹੀਆਂ ਸਨ, ਪਰ ਦਿਨ ਦੇ ਗਿਆਰਾਂ ਵਜੇ ਤਕ ਉਹ ਵਿਚਾਰੀ ਹਰ ਵਾਰੀ ਮੇਰੇ ਪਾਸੋਂ ਨਿਰਾਸ ਹੀ ਮੁੜੀ। ਮੈਂ ਹਰ ਵਾਰੀ ਕਿਸੇ ਵੀ ਚੀਜ਼ ਦੇ ਖਾਣ ਪੀਣ ਜਾਂ ਚਾਕਲੇਟ ਆਦਿਕ ਮਿੱਠੀਆਂ ਟਿਕੀਆਂ ਲੈਣ ਥੀਂ ਇਨਕਾਰ ਹੀ ਕੀਤਾ। ਅਸਲ ਵਿਚ ਬੁਖਾਰ ਦੀ ਤੰਗੀ ਨਾਲ ਕਿਤਨੇ ਚਿਰ ਥੀਂ ਪਿਸ਼ਾਬ ਨਾ ਆਣ ਕਰਕੇ ਮੈਂ ਸਖ਼ਤ ਲਾਚਾਰ ਸਾਂ। ਹੁਣ ਜਦੋਂ ਉਹ ਆਪਣੇ ਕਿਸੇ ਚੱਕਰ ਵਿਚ ਫਿਰਦੀ ਹੋਈ ਮੇਰੇ ਸਟਰੈਚਰ ਪਾਸੋਂ ਲੰਘੀ, ਤਾਂ ਮੈਂ, ਮੇਰਾ ਹਿਰਦਾ, ਮੇਰੀਆਂ ਅੱਖਾਂ, ਮੇਰੀ ਦ੍ਰਿੜ੍ਹਤਾ, ਸਾਰਾ ਕੁਝ ਹੀ ਰੋ ਰਿਹਾ ਸੀ। ਉਸ ਨੂੰ ਵੇਖ ਮੈਂ ਵਗਦੇ ਗਰਮ ਗਰਮ ਅਥਰੂ ਪੱਗ ਦੇ ਲੜ ਨਾਲ ਪੂੰਝ ਲਏ। ਉਸ ਨੇ ਆਪਣੇ ਵਰਗਾ ਸੁਫੇਦ ਬੁਰਦਾਰ ਤੌਲੀਆ ਚੁਕਿਆ ਤੇ ਬੜੇ ਪਿਆਰ ਨਾਲ ਮੇਰੀਆਂ ਸਿਜਲ ਅੱਖਾਂ ਨੂੰ ਪੂੰਝਦਿਆਂ ਹੋਇਆਂ ਆਖਿਆ:–

"ਬਹੁਤ ਆਰਾਮ–ਬੜਾ ਹਾਸਪਿਟਲ !.

"ਅਭੀ–ਬਹੁਤ ਜਲਦੀ !

"ਨਹੀਂ ਡਰੋ–ਬਹਾਦਰ, ਤੁਮ ਇੰਡੀਅਨ !

"ਆਰਾਮ ਪਕੜੋ !

"ਘਰ ਆਪਨਾ ਬੀਬੀ ਲੋਗ !"

ਉਹਦੇ ਟੁਟੇ ਫੁਟੇ ਸ਼ਬਦਾਂ ਵਿਚ ਮੇਰੇ ਮਨ ਲਈ ਬੜਾ ਆਨੰਦ, ਬੜਾ ਪਿਆਰ, ਬੜੀ ਦ੍ਰਿੜ੍ਹਤਾ ਤੇ ਬੜਾ ਮਾਣ ਸੀ । ਉਹ ਸਮਝਾ ਰਹੀ ਸੀ, "ਤੁਸੀਂ ਕਿਸੇ ਵਡੇ ਹਸਪਤਾਲ ਵਿਚ ਪੁਜ ਕੇ ਬੜੀ ਜਲਦੀ ਰਾਜ਼ੀ ਹੋ ਜਾਓ ਗੇ । ਫਿਰ ਛੁਟੀ ਮਿਲੂਗੀ ਤੇ ਆਪਣੇ ਬਾਲ ਬਚੇ ਵਿਚ ਘਰ ਜਾ ਪੁਜੋਗੇ ।" ਕਰੋੜਾਂ ਸੁਖ ਹੋਇਆਂ ਵੀ ਘਰ ਦੀ ਧਰਤੀ ਕਿਤਨੀ ਸੁਖਦਾਇਕ ਹੈ! ਆਪਣੀ ਜਨਮ ਭੂਮੀ, ਧਰਤੀ ਮਾਤਾ ।

ਮੈਂ ਦੋਵੇਂ ਅਰਕਾਂ ਸਟਰੈਚਰ ਉਪਰ ਰਖ ਕੇ ਉਠਣ ਦਾ ਉਪਰਾਲਾ ਕੀਤਾ । ਮੈਂ ਚਾਹੁੰਦਾ ਸਾਂ ਕਿ ਉਠ ਕੇ ਪਿਸ਼ਾਬ ਕਰ ਸਕਾਂ, ਪਰ ਨਰਸ ਨੇ ਬੜੀ ਜਲਦੀ, ਬੜੇ ਪਿਆਰ ਨਾਲ ਨੋ, ਨੋ, ਨੋ, ਨੋ, ਆਖਦਿਆਂ ਮੈਨੂੰ ਸਟਰੈਚਰ ਉਪਰ ਲਿਟਾ ਦਿਤਾ । ਮੇਰੇ ਤੇ ਉਸ ਦੇ ਵਿਚਕਾਰ ਇਸਤ੍ਰੀ ਪਰਸ਼ ਦੀ ਸ਼ਰਮ ਮੈਨੂੰ ਰੋਕ ਰਹੀ ਸੀ । ਉਠ ਮੈਂ ਨਹੀਂ ਸਾਂ ਸਕਦਾ । ਮੈਂ ਕਈ ਵਾਰੀ ਉਪਰਾਲਾ ਕਰ ਚੁਕਿਆ ਸਾਂ ਕਿ ਆਪਣੀ ਬਿਰਜਿਸ ਦੇ ਬਟਣ ਆਪਣੀਆਂ ਉਂਗਲਾਂ ਨਾਲ ਆਪ ਖੋਲ੍ਹ ਸਕਾਂ; ਪਰ ਟੀਨ ਦੇ ਸਖਤ ਬਟਣ ਨਵਿਆਂ ਕਾਜਾਂ ਵਿਚੋਂ ਤੰਦਰੁਸਤੀ ਵੇਲੇ ਵੀ ਔਖਿਆਂ ਨਿਕਲਦੇ ਸਨ । ਅਜ ਤਾਂ ਕਾਫੀ ਖੂਨ ਨਿਕਲਣ ਕਰਕੇ ਕਮਜ਼ੋਰੀ ਸੀ ਤੇ ਪਟ ਦੇ ਜ਼ਖਮ ਕਰ ਕੇ ਪੈਰ ਥੀਂ ਲਕ ਤਕ ਸੋਜ ਸੀ ਅਤੇ ਬੁਖਾਰ ਦੀ ਕਮਜ਼ੋਰੀ ਨੇ ਕੋਈ ਪੇਸ਼ ਨਾ ਜਾਣ ਦਿਤੀ । ਬਟਣ ਨਾ ਖੁਲ੍ਹੇ !

ਸਟਰੈਚਰ ਉਪਰ ਡਿਗ ਕੇ ਮੇਰੀਆਂ ਅਖਾਂ ਵਿਚ ਫਿਰ ਅਥਰੂ ਆ ਗਏ ਸਨ ।

"ਬਹੁਤ ਤਕਲੀਫ਼ !

"ਥੋੜਾ ਦੂਰ !

"ਬੜਾ ਹਾਸਪਿਟਲ !"

ਹੁਣ ਉਸ ਫਿਰ ਮੇਰੀਆਂ ਅੱਖਾਂ ਪੂੰਝਦਿਆਂ ਤੇ ਤਸੱਲੀ ਦਿੰਦੇ

ਆਖਿਆ, ਪਰ ਮੇਰੇ ਮੂੰਹ ਵਿਚੋਂ ਜ਼ਬਰਦਸਤੀ ਨਿਕਲ ਹੀ ਗਿਆ :-

"ਪਿਸ਼ਾਬ !"

ਉਹ ਭਜਦੀ ਗਈ ਅਤੇ ਪਿਸ਼ਾਬ ਦਾ ਭਾਂਡਾ ਚੁਕ ਲਿਆਈ। ਮੇਰੇ ਉਪਰੋਂ ਦੋਵੇਂ ਕੰਬਲ ਵਖਰੇ ਵਖਰੇ ਬੜੀ ਸਹਿਜ ਨਾਲ ਇਕ ਪਾਸੇ ਕੀਤੇ ਤੇ ਪਿਸ਼ਾਬ ਦਾ ਬਰਤਨ ਮੇਰੇ ਨੇੜੇ ਕੀਤਾ। ਮੈਂ ਫਿਰ ਆਪਣੀਆਂ ਕੰਬਦੀਆਂ ਉਂਗਲਾਂ ਨਾਲ ਬਿਰਜਿਸ ਦੇ ਬਟਣ ਖੋਲ੍ਹਣ ਦਾ ਉਪਰਾਲਾ ਕਰ ਰਿਹਾ ਸਾਂ, ਪਰ ਉਹ ਖੁਲ੍ਹ ਨਹੀਂ ਸਨ ਰਹੇ। ਉਸ ਮੇਰੀ ਮਜਬੂਰੀ ਵੇਖ ਕੇ ਝਟ ਮੇਰੇ ਬਟਣ ਖੋਲ੍ਹਣੇ ਸ਼ੁਰੂ ਕੀਤੇ, ਪਰ ਮੈਂ ਡਸਕੋਰੇ ਲੈਂਦਿਆਂ ਉਸ ਦੇ ਦੋਵੇਂ ਹਥ ਘੁਟ ਕੇ ਫੜ ਲਏ-

"ਨੋ ! ਨੋ ! ਸਿਸਟਰ ! ਨੋ !"

ਉਸ ਮੇਰੇ ਹਥਾਂ ਵਿਚੋਂ ਆਪਣੇ ਹਥ ਛੁੜਾ ਕੇ ਬਟਣ ਖੋਲ੍ਹਣੇ ਸ਼ੁਰੂ ਕਰ ਦਿਤੇ :

"ਇੰਡੀਅਨ ਬਹੁਤ ਅੱਛਾ !

"ਹਮ ਪ੍ਰਵਾਹ ਨਹੀਂ !

"ਫ਼ਿਕਰ ਮਤ ਕਰੋ !"

ਹੁਣ ਮੇਰੀਆਂ ਚਾਂਗਾਂ ਨਿਕਲ ਗਈਆਂ, ਮੈਂ ਬਰਤਨ ਲੈ ਪਿਸ਼ਾਬ ਕੀਤਾ। ਪਿਸ਼ਾਬ ਕਰ ਚੁਕਣ ਮਗਰੋਂ ਉਹ ਬਰਤਨ ਬਾਹਰ ਡੋਲ੍ਹ ਆਈ। ਗਰਮ ਪਾਣੀ ਦੀ ਟੂਟੀ ਖੋਲ੍ਹ ਹਥ ਸਾਬਣ ਨਾਲ ਸਾਫ ਕੀਤੇ ਅਤੇ ਫਿਰ ਲਸ ਲਸ ਕਰਦੀ ਮੇਰੇ ਸਟਰੇਚਰ ਪਾਸ ਆਣ ਖਲੋਤੀ। ਓਸ ਮੇਰੀਆਂ ਅੱਖਾਂ ਪੂੰਝੀਆਂ ਤੇ ਬੜੀ ਤਸੱਲੀ ਦਿਤੀ, ਪਰ ਮੇਰਾ ਰੋਣ ਨਹੀਂ ਸੀ ਠਲ੍ਹਦਾ। ਮੈਂ ਉਸ ਦੀਆਂ ਬਾਹਵਾਂ ਫੜ ਲਈਆਂ। ਪਤਲੀਆਂ ਉਂਗਲਾਂ ਬੜੇ ਸਤਿਕਾਰ ਨਾਲ ਆਪਣੀਆਂ ਅੱਖਾਂ ਉਪਰ ਲਾਈਆਂ। ਉਸ ਦਾ ਕੋਮਲ ਹਥ ਆਪਣੇ ਮਥੇ ਉਪਰ ਰਖਿਆ। ਆਪਣੇ ਦੋਵੇਂ ਖੁਰਦਰੇ ਹਥਾਂ ਵਿਚ ਉਸ ਦੇ ਬੜੇ ਕੋਮਲ ਹਥ ਰਖ ਕੇ ਘੁਟੇ। ਅਖ਼ੀਰ ਉਂਗਲਾਂ ਚੁੰਮੀਆਂ ਤੇ ਇਨ੍ਹਾਂ ਹਰਕਤਾਂ ਵਿਚ ਹਰ ਇਕ ਵਾਰੀ ਮੇਰੇ ਮੂੰਹ ਵਿਚੋਂ ਜ਼ਬਰਦਸਤੀ "ਸਿਸਟਰ ! ਸਿਸਟਰ ! ਸਿਸਟਰ !" ਨਿਕਲ ਰਿਹਾ ਸੀ।

ਸਿਸਟਰ ਵੀ ਮੇਰੀ ਇਸ ਮਜਬੂਰੀ ਅਤੇ ਆਪਣੇ ਉਚ ਹਿਰਦੇ ਦੇ ਵਿਸ਼ਵਾਸ ਨੂੰ ਚੰਗੀ ਤਰ੍ਹਾਂ ਸਮਝ ਰਹੀ ਸੀ। ਉਹ ਵੀ ਮੇਰੇ ਪੁਰਸ਼-ਪੁਣੇ

ਤੇ ਆਪਣੇ ਇਸਤ੍ਰੀ-ਪਣ ਦੇ ਮਾਣ ਨੂੰ ਵਧਾਉਣ ਲਈ ਬੜੇ ਮਿਠੇ ਸ਼ਬਦਾਂ ਵਿਚ ਕੋਇਲ ਵਾਂਗ ਬੋਲ ਕੇ ਆਖ ਰਹੀ ਸੀ:–

"ਫ਼ਿਕਰ ਨਹੀਂ!

"ਬਹੁਤ ਅੱਛਾ ਇੰਡੀਅਨ!

"ਆਪਣਾ ਘਰ!

"ਆਪਣਾ ਬਾਲ ਬੱਚਾ!

"ਫ਼ਿਕਰ ਨਹੀਂ!

"ਬਹੁਤ ਹੀ ਨੇਕ ਇੰਡੀਅਨ!"

ਉਸ ਦੀ ਉਚਤਾ ਤੇ ਪਵਿਤ੍ਰਤਾ ਨੇ ਮੇਰੇ ਹਿਰਦੇ ਦੇ ਪਿਆਰ-ਦਰਿਆ ਦਾ ਕੜ ਤੋੜ ਦਿਤਾ। ਬਚਪਨ ਵਿਚ ਮਾਤਾ ਜੀ ਦਾ ਪਿਆਰ, ਭੈਣਾਂ ਦਾ ਵੀਰਾਂ ਦੇ ਨਾਲ ਨਿੱਘਾ ਤੇ ਸੁਚਾ ਪਿਆਰ, ਇਸਤ੍ਰੀ ਪਤੀ ਦਾ ਡੂੰਘਾ ਤੇ ਅਣਟੁਟ ਪਿਆਰ–ਸਾਰੇ ਹੀ ਪਿਆਰ ਇਸ ਓਪਰੀ, ਕਿਸੇ ਅਮੀਰ ਘਰਾਣੇ ਦੀ–ਕੇਵਲ ਸੇਵਾ ਭਾਵਨਾ ਨਾਲ ਘਰੋਂ ਨਿਕਲੀ ਸਿਸਟਰ ਨੇ–ਮੇਰੇ ਹਿਰਦੇ ਵਿਚੋਂ ਭੁਲਾ ਦਿਤੇ ਸਨ। ਮੇਰੇ ਹਿਰਦੇ ਵਿਚ, ਮੇਰੀਆਂ ਅੱਖਾਂ ਵਿਚ ਉਹ ਮਾਤਾ ਸੀ, ਉਹ ਭੈਣ ਸੀ, ਈਸਾ ਦੀ ਸ਼ਰਧਾਵਾਨ ਤੇ ਈਸਾ ਮਤ ਦੀ ਪ੍ਰਚਾਰਕ ਸੀ। ਹਿੰਦੂ, ਸਿਖ, ਮੁਸਲਮਾਨਾਂ ਨੂੰ ਇਕੋ ਸਾਂਝੇ ਪਿਆਰ-ਮਜ਼੍ਹਬ ਵਿਚ ਪ੍ਰੋਣ ਵਾਲੀ ਬਹਿਸ਼ਤਾਂ ਦੀ ਹੂਰ ਸੀ। ਉਹ ਸਿਸਟਰ ਸੀ!

ਰੇਲ ਗੱਡੀ ਉਸੇ ਪੂਰੀ ਰਫ਼ਤਾਰ ਨਾਲ ਦੌੜਦੀ ਜਾ ਰਹੀ ਸੀ। ਹਵਾ ਵਿਚ ਬਰਫ਼ ਦੇ ਚਿਟੇ ਦੁਧ ਵਰਗੇ ਰੂੰ ਦੇ ਗੋਹੜੇ ਉਡ ਉਡ ਕੇ ਭੱਜੀ ਜਾਂਦੀ ਰੇਲ ਗੱਡੀ ਨਾਲ ਟਕਰਾ ਰਹੇ ਸਨ। ਪਹਾੜੀਆਂ ਉਪਰ ਥੋੜੀ ਥੋੜੀ ਵਿਥ ਉਪਰ ਖੁਸ਼-ਨੁਮਾ ਸੁੰਦਰ ਬੰਗਲੇ ਤੇ ਉਨ੍ਹਾਂ ਦੀਆਂ ਚਿਮਨੀਆਂ ਵਿਚੋਂ ਨਿਕਲਦੇ ਧੂੰਏਂ, ਵਗਦੇ ਪਾਣੀ ਦੀਆਂ ਕੂਲਾਂ, ਛੱਤਾਂ ਪੁਰ ਜੰਮੀ ਹੋਈ ਦੁਧ ਚਿਟੀ ਬਰਫ਼–ਨਾਲ ਦੀਆਂ ਖਿੜਕੀਆਂ ਵਿਚੋਂ ਮੈਂ ਲੰਮਾ ਪਿਆ ਹੀ ਵੇਖ ਰਿਹਾ ਸਾਂ। ਸਿਸਟਰ ਨੇ ਗਰਮ ਗਰਮ ਦੁਧ ਦਾ ਪਿਆਲਾ ਲਿਆਂਦਾ। ਪਿਆਲੇ ਦਾ ਧੂੰਆਂ ਗੱਡੀ ਦੀ ਛਤ ਨਾਲ ਟਕਰਾ ਕੇ ਉਥੇ ਹੀ ਚੌੜਾ ਹੋ ਜਾਂਦਾ ਸੀ। ਇਕ ਹਥ ਦੇ ਸਹਾਰੇ

ਨਾਲ ਮੈਂ ਰਤਾ ਉਚਾ ਹੋ ਗਿਆ। ਸਿਸਟਰ ਦੀਆਂ ਕੋਮਲ ਉਂਗਲਾਂ ਨਾਲ ਪਿਆਲਾ ਹੁਣ ਮੇਰੀਆਂ ਬੁਲ੍ਹੀਆਂ ਉਪਰ ਸੀ। ਮਿਠੇ ਮਿਠੇ ਪਿਆਰ ਭਰੇ ਘੁਟ ਜਿਥੇ ਮੈਂ ਹੋਠਾਂ ਨਾਲ ਪੀ ਰਿਹਾ ਸਾਂ, ਉਥੇ ਇਕ ਲੰਮੀ ਤੇ ਨਾ ਮੁਕਣ ਵਾਲੀ ਡੀਕ ਸਿਸਟਰ ਦੇ ਉਚੇ ਤੇ ਪਵਿਤ੍ਰ ਹਿਰਦੇ ਵਿਚੋਂ ਮੇਰੀਆਂ ਅੱਖਾਂ ਵੀ ਦਬਾ-ਦਬ ਪੀ ਰਹੀਆਂ ਸਨ।

ਇਹ ਸੀ ਮੇਰੀ "ਪਿਆਰੀ ਨਰਸ", ਜਿਸ ਨੂੰ ਮੈਂ ਕਦੇ ਵੀ ਨਹੀਂ ਭੁਲ ਸਕਿਆ। ਗਡੀ ਕਦੋਂ ਪੁਜੀ ਤੇ ਹਸਪਤਾਲ ਵਿਚੋਂ ਜ਼ਖਮੀ ਕਿਵੇਂ ਰਾਜ਼ੀ ਹੋਇਆ, ਜ਼ਖਮੀਆਂ ਦੀ ਸੇਵਾ, ਹਸਪਤਾਲ ਦੇ ਸੁਖ ਤੇ ਸਿਸਟਰ ਦੀ ਦੂਜੀ ਮਿਲਣੀ—ਅਗਲੀਆਂ ਕਹਾਣੀਆਂ ਵਿਚ ਪੜ੍ਹੋ।

# ਜੰਗੀ ਹਸਪਤਾਲ

ਸਿਰਪੱਟ ਭੱਜੀ ਜਾਂਦੀ ਜ਼ਖਮੀਆਂ ਦੀ ਗੱਡੀ ਜੰਗਲ, ਪਹਾੜ, ਦਰਿਆ, ਸ਼ਹਿਰਾਂ ਵਿਚੋਂ ਲੰਘਦੀ ਛੀ ਸੱਤ ਸੌ ਮੀਲ ਫ਼ਰੰਟ ਲਾਇਨ ਥੀਂ ਦੂਰ, ਅਖ਼ੀਰ ਨੂੰ ਰਾਤ ਦੇ ਦਸ ਵਜੇ ਇਕ ਚੰਗੇ ਸ਼ਾਨਦਾਰ ਰੌਣਕੀ ਰੇਲਵੇ ਸਟੇਸ਼ਨ ਉਪਰ ਆਣ ਖਲੋਤੀ। ਦੂਰ ਤਕ ਬਿਜਲੀ ਦੀਆਂ ਬੱਤੀਆਂ, ਗਡੀਆਂ ਦੀ ਆਵਾ-ਜਾਈ, ਮੁਸਾਫਰਾਂ ਦੀ ਭੀੜ-ਭਾੜ, ਅਮਨ ਦੀਆਂ ਨਿਸ਼ਾਨੀਆਂ ਸਨ। ਇਕ ਵੱਖਰੇ ਪਲੇਟ-ਫਾਰਮ ਉਪਰ ਜਿਥੇ ਐਂਬੋਲੈਂਸ ਕਾਰਾਂ ਪਲੇਟ-ਫਾਰਮ ਉਪਰ ਪੁਜ ਸਕਦੀਆਂ ਸਨ, ਰੇਲ ਗੱਡੀ ਨੇ ਇੰਜਨ ਲਾਹ ਦਿਤਾ।

ਜਿਸ ਤਰ੍ਹਾਂ ਪਿਛਲੇ ਸਟੇਸ਼ਨ ਤੇ ਬੀਮਾਰ ਲਦੇ ਗਏ ਸਨ, ਉਸੇ ਤਰ੍ਹਾਂ ਇਸ ਸਟਸ਼ਨ ਪੁਰ ਬੀਮਾਰਾਂ ਨੂੰ ਟ੍ਰੇਨ ਥੀਂ ਉਤਾਰ ਕੇ ਕਾਰਾਂ ਉਪਰ ਲਿਟਾ ਦਿਤਾ ਗਿਆ ਅਤੇ ਮਿੰਟਾਂ ਵਿਚ ਹੀ ਵਾਰੋ ਵਾਰੀ ਐਂਬੋਲੈਂਸ ਕਾਰਾਂ ਜੰਗੀ ਹਸਪਤਾਲ ਨੂੰ ਜਾਣੀਆਂ ਸ਼ੁਰੂ ਹੋ ਗਈਆਂ।

ਇਹ ਇਕ ਸ਼ਾਹੀ ਹਸਪਤਾਲ ਸੀ, ਕਿਸੇ ਸ਼ਾਨਦਾਰ ਬਿਲਡਿੰਗ ਵਿਚ। ਸ਼ਾਇਦ ਕਿਸੇ ਵੇਲੇ ਇਹ ਸ਼ਾਹੀ ਮਹਿਲ ਸੀ। ਵਿਹੜੇ ਵਿਚ ਬੜਾ ਸ਼ਾਨਦਾਰ ਬਾਗ਼ ਸੀ। ਇਰਦ ਗਿਰਦ ਵੀ ਚੋਖੀ ਥਾਂ ਫੁਲਾਂ ਬੂਟਿਆਂ ਲਈ ਖਾਲੀ ਸੀ। ਲਗ ਭਗ ਸਾਰਾ ਹਸਪਤਾਲ ਹੀ ਤਿੰਨ ਛੱਤਾ ਸੀ। ਉਪਰਲੀਆਂ ਛੱਤਾਂ ਵਿਚ ਤੁਰਨ ਫਿਰਨ ਵਾਲੇ ਜ਼ਖਮੀ ਸਨ ਅਤੇ ਹੇਠਲੀਆਂ ਛੱਤਾਂ ਵਿਚ ਲੰਬੇ ਪਏ ਰਹਿਣ ਵਾਲੇ।

ਇਕ ਇਕ ਕਾਰ ਇਸ ਸ਼ਾਹੀ ਮਹਿਲ ਦੇ ਅੰਦਰ ਆਉਂਦੀ ਅਤੇ ਜ਼ਖਮੀਆਂ ਨੂੰ ਲਾਹਿਆ ਜਾਂਦਾ ਸੀ। ਤੁਰਨ ਫਿਰਨ, ਬੈਠਣ ਅਤੇ ਲੇਟਣ ਵਾਲੇ ਜ਼ਖਮੀ ਵਖੋ ਵਖਰੇ ਵਾਰਡਾਂ ਨੂੰ ਵੰਡੇ ਜਾ ਰਹੇ ਸਨ। ਹਸਪਤਾਲ ਦੇ ਵਾਰਡਾਂ ਦੇ ਨਾਂਵ ਪਟਿਆਲਾ ਵਾਰਡ, ਨਾਭਾ ਵਾਰਡ, ਰਾਜਪੂਤਾਨਾ ਵਾਰਡ, ਨੇਪਾਲ ਵਾਰਡ, ਹੈਦਰਾਬਾਦ ਵਾਰਡ ਆਦਿਕ

ਸਨ। ਜਾਪਦਾ ਸੀ ਕਿ ਰਿਆਸਤਾਂ ਦੇ ਮਹਾਰਾਜਿਆਂ ਵਲੋਂ ਇਨ੍ਹਾਂ ਕਮਰਿਆਂ ਲਈ ਮੰਜੇ, ਬਿਸਤਰੇ, ਕੰਬਲ ਅਤੇ ਹੋਰ ਸਾਮਾਨ ਖ਼ਰੀਦ ਕੇ ਦਿਤਾ ਗਿਆ ਸੀ; ਪਰ ਇਨ੍ਹਾਂ ਕਮਰਿਆਂ ਵਿਚ ਕੌਮਾਂ ਦੀ ਵੰਡ ਨਹੀਂ ਸੀ। ਜਿਥੇ ਜਿਸ ਜ਼ਖਮੀ ਦੀ ਥਾਂ ਖ਼ਾਲੀ ਹੋਈ ਉਥੇ ਹਰ ਕੌਮ ਦੇ ਬੰਦੇ ਨੂੰ ਘੱਲ ਦਿਤਾ ਜਾਂਦਾ।

ਰੇਲ ਗੱਡੀ ਦੀਆਂ ਨਰਸਾਂ, ਡਾਕਟਰ ਅਤੇ ਸਾਮਾਨ ਰੇਲ ਗੱਡੀ ਤਕ ਹੀ ਸਨ। ਮੇਰੀ ਹਿਕੜੀ ਵਿਚ ਪਰੋਤੀ ਮੇਰੀ ਮਿਠੀ ਨਰਸ ਨੇ ਟਰੇਨ ਵਿਚੋਂ ਲਹਿੰਦਿਆਂ ਜਾਂਦੀ ਵਾਰੀ ਫਿਰ ਆਖਿਆ:—

"ਬਹਾਦਰ ਇੰਡੀਅਨ—।"

"ਬਹੁਤ ਆਰਾਮ—।"

"ਆਪਣਾ ਬੀਵੀ ਬੱਚਾ—।"

"ਜਲਦੀ ਇੰਡੀਆ—।"

ਉਹ ਜਾਂਦੀ ਵਾਰੀ ਦਿਲਾਸਾ ਦੇ ਕੇ ਆਖ ਰਹੀ ਸੀ, ਜਲਦੀ ਹੀ ਤੂੰ ਰਾਜ਼ੀ ਬਾਜ਼ੀ ਹੋ ਕੇ ਹਿੰਦੁਸਤਾਨ ਚਲਾ ਜਾਵੇਂਗਾ ਤੇ ਆਪਣੇ ਪ੍ਰਵਾਰ ਨੂੰ ਜਾ ਮਿਲੇਂਗਾ।

ਮੇਰਾ ਸਟਰੈਚਰ ਵੀ ਚੁਕਿਆ ਗਿਆ। ਦੋ ਡੋਲੀ ਬਹਿਰੇ ਸ਼ਪਾ-ਸ਼ਪ ਕੰਬਲਾਂ ਵਿਚ ਵਲ੍ਹੇਟੀ ਮੇਰੀ ਅੱਧਮੋਈ ਲੋਥ ਨੂੰ ਚੁਕੀ ਭੱਜੇ ਜਾਂਦੇ ਸਨ। ਮਿੰਟਾਂ ਵਿਚ ਇਕ ਬਿਜਲੀ ਚਮਕਦੇ ਕਮਰੇ ਵਿਚ ਪੁਚਾ ਦਿਤਾ ਗਿਆ। ਡਾਕਟਰ ਦੇ ਆਉਣ ਥੀਂ ਪਹਿਲਾਂ ਹੀ ਗਰਮ ਪਾਣੀ ਨਾਲ ਹਥ, ਪੈਰ, ਮੂੰਹ, ਮਿਟੀ ਲਿਬੜਿਆ ਸਰੀਰ ਸਾਫ਼ ਹੋਇਆ। ਗਲ ਪਾਈ ਵਰਦੀ ਤੇਜ਼ ਕੈਂਚੀ ਨਾਲ ਪਾੜਕੇ ਲਾਹ ਦਿਤੀ ਗਈ। ਹਸਪਤਾਲ ਦਾ ਨੀਲਾ ਪਾਜਾਮਾ ਅਤੇ ਕੁੜਤੀ ਪਵਾ ਦਿਤੀ ਗਈ। ਇਤਨਾ ਕੁਝ ਹੋ ਜਾਣ ਮਗਰੋਂ ਜਦੋਂ ਉਨ੍ਹਾਂ ਬਿਸਤਰੇ ਉਪਰ ਪਾਉਣਾ ਚਾਹਿਆ ਤਾਂ ਮੈਂ ਦਰਖਾਸਤ ਪੇਸ਼ ਕੀਤੀ:—

"ਜਨਾਬ! ਮੈਨੂੰ ਟੱਟੀ ਪਿਸ਼ਾਬ ਦੀ ਹਾਜਤ ਹੈ।"

ਬੜੀ ਜਲਦੀ ਸਰਿੰਜ ਦਾ ਪ੍ਰਬੰਧ ਕੀਤਾ ਗਿਆ ਅਤੇ ਮਿੰਟਾਂ ਵਿਚ ਹੀ ਚਾਰ ਦਿਨਾਂ ਦਾ ਰੁਕਿਆ ਪੇਟ ਸਾਫ਼ ਹੋ ਗਿਆ। ਹੁਣ ਮੈਂ ਇਕ ਸ਼ਾਹੀ ਮਰੀਜ਼ ਸਾਂ। ਇਸ ਕਮਰੇ ਦੇ ਵੀਹ ਦੇ ਵੀਹ ਬਿਸਤਰੇ ਇਕੋ ਹੀ ਨਮੂਨੇ ਦੇ ਸਨ। ਮਖ਼ਮਲੀ ਚੌਰਸ ਸਰ੍ਹਾਣੇ, ਸੁਫ਼ੇਦ ਚਾਦਰਾਂ ਜਿਨ੍ਹਾਂ ਨੂੰ

ਸੁਰਖ ਬਾਰਡਰ ਸੀ, ਹਰ ਬਿਸਤਰੇ ਉਪਰ ਤਿੰਨ ਸੁਰਖ ਕੰਬਲ, ਸਚ ਜਾਣੋ ਜਦੋਂ ਥੋੜਾ ਜਿਹਾ ਦੁਧ ਪੀ ਕੇ ਮੈਂ ਇਸ ਬਿਸਤਰੇ ਉਪਰ ਲੇਟਿਆ, ਸਾਰੇ ਦੁਖ ਦੂਰ ਹੋ ਗਏ। ਮੈਨੂੰ ਨਰਸ ਦੇ ਆਖੇ ਹੋਏ ਸ਼ਬਦ ਮੁੜ ਮੁੜ ਚੇਤੇ ਆਉਂਦੇ ਸਨ:-

"ਬੜਾ ਹਸਪਤਾਲ।

ਬਹੁਤ ਆਰਾਮ।

ਬਹਾਦਰ ਇਡੀਅਨ।

ਬੀਵੀ ਬੱਚਾ ਅਪਨਾ ਹਿੰਦੁਸਤਾਨ।"

ਅਤੇ ਇਸ ਬਿਸਤਰੇ ਉਪਰ ਲੇਟਿਆਂ ਮੈਨੂੰ ਪਿਆਰੀ ਨਸਰ ਦੀਆਂ ਸਾਰੀਆਂ ਗੱਲਾਂ ਉਪਰ ਵਿਸ਼ਵਾਸ ਹੁੰਦਾ ਜਾ ਰਿਹਾ ਸੀ। ਮੈਂ ਬੜੀ ਜਲਦੀ ਸੌਂ ਗਿਆ। ਹੁਣ ਮੈਂ ਫਿਰ ਮੋਰਚਿਆਂ ਵਿਚ ਸਾਂ। ਗੋਲੇ ਫਟ ਰਹੇ ਸਨ, ਮਸ਼ੀਨ ਗਨਾਂ ਚਲ ਰਹੀਆਂ ਸਨ। ਮੈਂ ਫਿਰ ਐਂਬੋ-ਲੈਂਸ ਗੱਡੀ ਵਿਚ ਸਫ਼ਰ ਵੀ ਕੀਤਾ। ਅਖੀਰ ਸਮੁੰਦਰ ਵਿਚ ਹਸਪਤਾਲੀ ਜਹਾਜ਼ ਰਾਜ਼ੀ ਹੋਏ ਬੀਮਾਰਾਂ ਨੂੰ ਲੈ ਜਾ ਰਿਹਾ ਸੀ। ਫਰਾਂਸ ਦੀ ਧਰਤੀ ਥੀਂ ਇਹ ਜਹਾਜ਼ ਰੇਦਬਾਰ ਫਰਾਂਸ ਨੂੰ ਪਾਰ ਕਰ ਕੇ ਇੰਗਲੈਂਡ ਜਾ ਪੁਜਾ। ਦਰਿਆ ਟੇਮਜ਼ ਦੇ ਕਿਨਾਰੇ ਅਸੀਂ ਇਕ ਸ਼ਾਹੀ ਹਸਪਤਾਲ ਵਿਚ ਪੁਚਾਏ ਗਏ। ਇੰਗਲੈਂਡ ਦੇ ਸ਼ਾਹੀ ਬੀਮਾਰ ਮਹਿਮਾਨਾਂ ਨੂੰ ਲੰਡਨ ਦੀ ਹਰ ਇਕ ਚੀਜ਼ ਵਿਖ਼ਾਈ ਗਈ। ਲੰਡਨ ਲੰਡਨ ਹੀ ਹੈ। ਜ਼ਮੀਨ ਦੋਜ਼ ਰੇਲਾਂ, ਸਾਰੇ ਸ਼ਹਿਰ ਵਿਚ ਵਗਦਾ ਦਰਿਆ, ਸ਼ਹਿਰ ਦੇ ਅੰਦਰ ਸੈਰਗਾਹਾਂ, ਚਿੜੀਆ ਘਰ, ਹੋਟਲ, ਕਾਰਖਾਨੇ, ਅਜਾਇਬ ਘਰ, ਬਾਦਸ਼ਾਹੀ ਮਹਿਲ, ਗਿਰਜੇ ਅਤੇ ਫਿਰ ਲੰਡਨ ਥੀਂ ਬਾਹਰ ਦਿਹਾਤੀ ਆਬਾਦੀ, ਕੀ ਕੁਝ ਵੇਖਣ ਵਾਲਾ ਨਹੀਂ। ਅਖੀਰ ਇਕ ਹਸਪਤਾਲੀ ਜਹਾਜ਼ ਵਿਚ ਹਿੰਦੁਸਤਾਨ ਵੀ ਆਣ ਪੁਜੇ। ਫਿਰ ਉਹੀ ਸਮੁੰਦਰੀ ਸੈਰ, ਬੰਬਈ ਦੀ ਬੰਦਰਗਾਹ, ਉਹੀ ਭੱਜਦੀ ਰੇਲ ਗੱਡੀ ਮੁੜ ਸਿਆਲਕੋਟ ਨੂੰ ਆ ਰਹੀ ਸੀ। ਕਿਤਨਾਂ ਸਵਾਦ ਸੀ ਇਸ ਮਿਲਣੀ ਵਿਚ! ਕਿਤਨਾ ਸਵਰਗ ਸੀ ਇਸ ਪਹਿਲੀ ਤੱਕਣੀ ਵਿਚ!-ਇਹ ਉਹੀ ਦੱਸ ਸਕਦਾ ਹੈ, ਜਿਹੜਾ ਮੌਤ ਦੇ ਮੂੰਹ ਵਿਚੋਂ ਨਿਕਲਕੇ ਆਇਆ ਹੋਵੇ, ਪਰ ਜਦੋਂ ਸਵੇਰੇ ਲਾਂਗਰੀ ਨੇ ਆਕੇ ਆਖਿਆ:-

"ਸਰਦਾਰ, ਚਾਹ ਪੀ ਲੈ!"

ਮੈਂ ਅੱਖਾਂ ਮਲਦਿਆਂ ਵੇਖਿਆ। ਉਸੇ ਹੀ ਸ਼ਾਹੀ ਬਿਸਤਰੇ ਉਪਰ ਹਾਂ ਅਤੇ ਸੱਜੀ ਲੱਤ ਅਜੇ ਗੇਲੀ ਵਾਂਗ ਸੁਜੀ ਭੁੜੱਜੀ ਉਸੇ ਤਰ੍ਹਾਂ ਮੇਰੇ ਕੰਬਲ ਵਿਚ ਮੌਜੂਦ ਸੀ। ਮੈਂ ਖਿਆਲ ਕੀਤਾ, ਸ਼ਾਇਦ ਇਹ ਕੱਟ ਦਿਤੀ ਜਾਵੇਗੀ। ਕੀ ਪਤਾ ਮੈਂ ਲੰਗੜਾ ਹੀ ਹੋ ਜਾਵਾਂ, ਕੈਦੋ ਲੰਗੇ ਵਾਂਗ-ਹੀਰ ਦੀਆਂ ਚੁਗਲੀਆਂ ਮਾਰਨ ਲਈ। ਇਨ੍ਹਾਂ ਹੀ ਸੋਚਾਂ ਵਿਚ ਸੀ ਕਿ ਡਿਊਟੀ ਵਾਲੇ ਡਾਕਟਰ ਜੀ ਆ ਗਏ। ਇਹ ਮੇਰੇ ਵਾਕਫ਼ ਨਿਕਲ ਆਏ। ਮੇਰੇ ਪਿਤਾ ਮੇਜਰ ਜੀ ਦੇ ਰਿਸਾਲੇ ਵਿਚ ਸਨ। ਪਹਿਲਾਂ ਹਸਪਤਾਲ ਵਿਚ ਕੰਪਾਊਡਰ ਲਗੇ ਰਹੇ। ਅਖ਼ੀਰ ਕਮਾਂਡਿੰਗ ਆਫ਼ੀਸਰ ਦੀ ਮਿਹਰਬਾਨੀ ਨਾਲ ਸਰਕਾਰੀ ਖਰਚ ਉਪਰ ਆਗਰੇ ਮੈਡੀਕਲ ਸਕੂਲ ਵਿਚ ਪੜ੍ਹਨ ਲਈ ਭੇਜੇ ਗਏ। ਹੁਣ ਫੀਲਡ ਵਿਚ S A S ਹੋਕੇ ਆਏ ਸਨ। ਬੜੇ ਦਸਤ ਪੰਜੇ ਮਿਲੇ। ਪਿਛ-ਲੀਆਂ ਬਚਪਨ ਦੀਆਂ ਕਹਾਣੀਆਂ ਦੁਹਰਾਈਆਂ ਗਈਆਂ। ਇਲਾਹਬਾਦ, ਅੰਬਾਲਾ, ਨੁਸ਼ਹਿਰਾ ਛਾਉਣੀਆਂ ਦੇ ਜ਼ਿਕਰ ਵੀ ਆਏ। ਘਾਹ ਵਿਚ ਲੁਕਣਾ, ਅੰਬ ਤੋੜਨੇ, ਟੱਟੀ ਜਾਣ ਦੇ ਬਹਾਨੇ ਨੌਸ਼ਹਿਰੇ ਦੇ ਕਾਰਤੂਸ-ਇਕ ਇਕ ਕਰ ਕੇ ਸਾਰੀਆਂ ਗੱਲਾਂ ਚੇਤੇ ਕੀਤੀਆਂ, ਕੀ ਸਵਾਦ ਸੀ ਇਹਨਾਂ ਬਚਪਨ ਦੀਆਂ ਕਹਾਣੀਆਂ ਵਿਚ-ਅੱਜ ਇਹਨਾਂ ਦਾ ਨਾਂਵ M A ਗੁਪਤਾ ਸੀ। ਮੈਂ ਪੁਛਿਆ- ਮਿਸਟਰ ਕਿਦਾਰ ਨਾਥ ਮੇਰਾ ਖਿਆਲ ਹੈ, ਤੁਸਾਂ ਇਤਨੀ ਜਲਦੀ ਐਮ. ਏ. ਕਿਵੇਂ ਕਰ ਲਿਆ ਹੈ, ਜਿਥੋਂ ਕਿ ਸਬ ਐਸਿਸਟੈਂਟ ਸਰਜਨ ਭੀ ਹੋ ਗਏ! ਉਹ ਪੰਜਾ ਵੰਗਾਰ ਕੇ ਬੋਲੇ-ਐਮ. ਏ. ਥੀਂ ਮਤਲਬ ਮਿਡਲ ਐਜੂਕੇਸ਼ਨ ਹੈ। ਮਿਡਲ ਥੀਂ ਵਧੀਕ ਮੈਂ ਪੜ੍ਹਿਆ ਭੀ ਨਹੀਂ, ਪਰ ਕਿਸਮਤ ਨੇ ਡਾਕਟਰ ਐਮ. ਏ. ਗੁਪਤਾ ਬਣਾ ਦਿਤਾ! ਬੜਾ ਹਾਸਾ ਮਚਿਆ।

ਕਰਨਲ ਦੇ ਆਉਣ ਉਪਰ ਮੈਨੂੰ ਸਰਜੀਕਲ ਵਾਰਡ ਵਿਚ ਪੁਚਾਇਆ ਗਿਆ। ਕਈਆਂ ਡਾਕਟਰਾਂ ਨੇ ਮਿਲਕੇ ਲੱਤ ਦੀ ਪੜਤਾਲ ਕੀਤੀ ਕਿ ਕਿਧਰੇ ਹੱਡੀ ਨੂੰ ਨੁਕਸਾਨ ਨਾ ਪੁਜਾ ਹੋਵੇ। ਅਖੀਰ ਫੈਸਲਾ ਹੋਇਆ ਕਿ ਲੱਤ ਇਕ ਲੋਹੇ ਦੇ ਸ਼ਕੰਜੇ ਵਿਚ ਕਸ ਦਿਤੀ ਗਈ। ਜਿਵੇਂ ਮੇਰਾ ਖ਼ਿਆਲ ਸੀ ਕਿ ਮੈਂ ਲੰਗਾ ਕੈਦੋ ਨਾ ਬਣ ਜਾਵਾਂ, ਇਸ ਡਰ ਨੇ ਕਰਨਲ ਨੂੰ ਵੀ ਸ਼ਿਕੰਜਾ ਕਸਣ ਲਈ ਮਜਬੂਰ ਕਰ ਦਿਤਾ। ਦੁਧ, ਮੱਖਣ, ਬਰਾਂਡੀ, ਅੰਡੇ, ਸ਼ੋਰਬਾ, ਪਨੀਰ, ਫਰੂਟ ਕਈ ਕਈ

ਚੀਜ਼ਾਂ ਮੇਰੀ ਤਖ਼ਤੀ ਉਪਰ ਲਿਖ ਦਿਤੀਆਂ ਗਈਆਂ, ਭਾਵੇਂ ਮਰੀਜ਼ ਖਾਵੇ ਜਾਂ ਨਾ ਖਾਵੇ। ਹਰ ਮਰੀਜ਼ ਲਈ ਕਈ ਚੀਜ਼ਾਂ ਇਸੇ ਲਈ ਹੁੰਦੀਆਂ ਹਨ ਕਿ ਛੀਆਂ ਵਿਚੋਂ ਤਿੰਨ, ਦੋ, ਵੀ ਖਾਵੇ, ਫਿਰ ਮੇਰੇ ਵਾਰਡ ਦਾ ਡਾਕਟਰ ਵੀ ਮੇਰਾ ਮਿੱਤਰ ਸੀ ਅਤੇ ਇਹ ਵਧਦੀਆਂ ਚੀਜ਼ਾਂ ਜਿਹੜੀਆਂ ਜ਼ਖਮੀ ਨਹੀਂ ਮੁਕਾ ਸਕਦਾ ਹੈ, ਉਹ ਹਸਪਤਾਲ ਦੇ ਪ੍ਰਬੰਧਕ ਛਕਦੇ ਹਨ।

ਹਿੰਦੁਸਤਾਨ ਵਿਚ ਧਰਮੀ, ਉਪਕਾਰੀ ਅਤੇ ਦਾਨੀ ਬੰਦੇ ਆਪਣੀ ਦੱਸਾਂ ਨਵ੍ਹਾਂ ਦੀ ਕਿਰਤ ਕਮਾਈ ਵਿਚੋਂ ਕਢਿਆ ਦਾਨ ਮੰਦਰਾਂ, ਮਸਜਦਾਂ ਅਤੇ ਗੁਰਦਵਾਰਿਆਂ ਨੂੰ ਦਿੰਦੇ ਹਨ। ਸਾਡੀ ਕੋਈ ਦਿਆਲੂ ਜਾਂ ਧਰਮਾਤਮਾ ਹਸਤੀ ਸ਼ਾਇਦ ਹੀ ਕਿਸੇ ਹਸਪਤਾਲ ਵਿਚ ਫੇਰੀ ਪਾਉਂਦੀ ਹੋਵੇ; ਪਰੰਤੂ ਯੂਰਪੀ ਦੇਸਾਂ ਦੇ ਦਾਨੀ ਆਪਣੇ ਬਾਲ ਬਚਿਆਂ ਸਮੇਤ ਸਵੇਰੇ ਸ਼ਾਮੀਂ ਹਸਪਤਾਲ ਵਿਚ ਪੁਜਦੇ ਹਨ। ਮਨ ਦੀ ਮੈਲ ਲਾਹੁੰਦੇ ਹਨ ਅਤੇ ਸੰਗਤਰੇ, ਮਾਲਟੇ, ਦੰਦ ਬੁਰਸ਼, ਸਾਬਣ, ਚਾਕੂ, ਤਾਸ਼ਾਂ, ਲਿਫ਼ਾਫ਼ੇ, ਪੈਨਸਲਾਂ ਤੇ ਹੋਰ ਅਨੇਕਾਂ ਲੋੜੀਂਦੀਆਂ ਚੀਜ਼ਾਂ ਜਾ ਕੇ ਬੀਮਾਰਾਂ ਨੂੰ ਵੰਡਦੇ ਹਨ। ਜਿਵੇਂ ਅਸੀਂ ਗੁਰਦਵਾਰੇ, ਮੰਦਰ, ਮਸੀਤ ਵਿਚ ਸਿਰ ਨਿਵਾ ਕੇ ਦਾਨ ਪੁੰਨ ਦਾ ਮਹਾਤਮ ਧਿਆਨ ਕਰਦੇ ਹਾਂ, ਇਵੇਂ ਹੀ ਉਹ ਬੀਮਾਰਾਂ ਨੂੰ ਚਾਹ, ਪਾਣੀ, ਦੁਧ ਪਿਆ ਕੇ ਬੀਮਾਰਾਂ ਦੀ ਦੁਖ, ਸੁਖ, ਦਵਾਈ, ਦਾਰੂ ਪੁਛ ਕੇ ਅਤੇ ਉਨ੍ਹਾਂ ਦੇ ਜ਼ਖਮਾਂ ਵਿਚੋਂ ਨਰਕ ਸੁਵਰਗ ਵੇਖ ਕੇ ਆਪਣੇ ਮਨ ਨੂੰ ਨੀਵਾਂ ਕਰਦੇ ਹਨ।

ਇਲਾਜ ਹੁੰਦਾ ਰਿਹਾ ਅਤੇ ਤਿੰਨ ਕੁ ਮਹੀਨੇ ਮਗਰੋਂ ਮੈਂ ਤੁਰਨ ਫਿਰਨ ਜੋਗਾ ਵੀ ਹੋ ਗਿਆ। ਪਹਿਲਾਂ ਪਹਿਲਾਂ ਕੁਝ ਲੰਗ ਹੈਸੀ; ਪਰ ਅਖ਼ੀਰ ਉਹ ਵੀ ਜਾਂਦਾ ਰਿਹਾ। ਇਸ ਹਸਪਤਾਲ ਵਿਚ ਚਾਲ੍ਹੀ ਪੰਜਤਾਲੀ ਨਰਸਾਂ ਸਨ ਅਤੇ ਹੁਣ ਮੇਰੀ ਮਿੱਠੀ ਨਰਸ ਵੀ ਐਂਬੂਲੈਂਸ ਟ੍ਰੇਨ ਦੀ ਨੌਕਰੀ ਭੁਗਤਾ ਕੇ ਇਸੇ ਹਸਪਤਾਲ ਵਿਚ ਆ ਚੁਕੀ ਸੀ। ਹੁਣ ਉਹ ਤਿੰਨ ਚਾਰ ਮਹੀਨੇ ਵਿਚ ਚੰਗੀ ਹਿੰਦੁਸਤਾਨੀ ਬੋਲ ਲੈਂਦੀ ਸੀ। ਉਸ ਨੇ ਦਸਿਆ ਕਿ ਮੇਰਾ ਪਤੀ ਵੀ ਫ਼ੌਜ ਵਿਚ ਹੈ ਅਤੇ ਸ਼ਾਇਦ ਉਹ ਜਲਦੀ ਆਪਣੀ ਫੌਜ ਨਾਲ ਫ਼ਰਾਂਸ ਆ ਜਾਵੇ। ਉਸ ਦਾ ਖ਼ਿਆਲ ਸੀ ਕਿ ਉਹ ਇੰਗਲੈਂਡ ਥੀਂ ਆਵਣ ਥੀਂ ਪਹਿਲਾਂ ਜ਼ਰੂਰ ਉਸ ਨੂੰ ਇਕ ਵਾਰੀ ਇੰਗਲੈਂਡ ਜਾ ਕੇ ਮਿਲ ਆਵਣਾ ਚਾਹੀਦਾ

ਹੈ। ਨਰਸਾਂ ਸਾਰੀਆਂ ਹੀ ਪਿਆਰੀਆਂ ਅਤੇ ਮਿੱਠੀਆਂ ਹੁੰਦੀਆਂ ਹਨ; ਪਰ ਮੈਨੂੰ ਇਹ ਵਧੀਕ ਪਿਆਰੀ ਸੀ। ਉਹ ਦੂਜੇ ਦਿਨ ਜਦੋਂ ਵੀ ਮੈਨੂੰ ਮਿਲਦੀ, ਮੇਰੇ ਲਈ ਕੋਈ ਨਾ ਕੋਈ ਸੁਗਾਤ ਲੈਕੇ ਹੀ ਮਿਲਦੀ। ਚਾਕਲੇਟ, ਚੂਸਣੀਆਂ, ਸਾਬਣ—ਭਾਵੇਂ ਇਹ ਚੀਜ਼ਾਂ ਹਸਪਤਾਲ ਦੀਆਂ ਹੀ ਹੁੰਦੀਆਂ ਸਨ, ਪਰ ਉਹ ਆਪਣੇ ਪਿਆਰ ਵਿਚ ਇਨ੍ਹਾਂ ਚੀਜ਼ਾਂ ਦੀ ਆਪਣੇ ਵਲੋਂ ਲੜੀ ਜੋੜੀ ਹੀ ਰੱਖਦੀ।

ਰਾਜ਼ੀ ਹੋਣ ਮਗਰੋਂ ਸ਼ਹਿਰ ਦੀਆਂ ਸੈਰਾਂ ਸ਼ੁਰੂ ਹੋ ਗਈਆਂ। ਸਮੁੰਦਰ ਦਾ ਕੰਢਾ, ਸ਼ਹਿਰ ਦੀਆਂ ਪਾਰਕਾਂ, ਟ੍ਰਾਮ, ਹੋਟਲ, ਆਪਣੀਆਂ ਪਾਰਟੀਆਂ ਵਿਚ ਸ਼ਾਮਲ ਹੋਕੇ ਸਾਰਾ ਕੁਝ ਵੇਖਿਆ।

ਇਥੇ ਹਸਪਤਾਲ ਵਿਚ ਮੋਇਆਂ ਲਈ ਹਰ ਇਕ ਦੇ ਮਜ਼ਬ ਅਨੁਸਾਰ ਸਾਰਾ ਪ੍ਰਬੰਧ ਸੀ। ਪਿਛੇ ਵਾਂਗ ਸਿਖ, ਹਿੰਦੂ, ਮੁਸਲਿਮ ਇਕੋ ਮਿੱਟੀ ਵਿਚ ਨਹੀਂ ਸਨ ਸੁਆਏ ਜਾਂਦੇ। ਮਰ ਚੁਕੇ ਜ਼ਖ਼ਮੀਆਂ ਨੂੰ ਉਸੇ ਵੇਲੇ ਹੀ ਸ਼ਹਿਰ ਥੀਂ ਬਾਹਰ ਦੁਰਾਡੇ ਇਕ ਖ਼ਾਸ ਥਾਂ ਪੁਚਾਇਆ ਜਾਂਦਾ। ਇਸ ਥਾਂ ਹਿੰਦੂ ਰੀਤ੍ਰ ਅਨੁਸਾਰ ਖਫਣ, ਘਿਉ, ਜਵਾਂ ਦਾ ਆਟਾ, ਘੜੀ (ਮੁਰਦੇ ਦੇ ਸਿਰ ਭੰਨਣ ਲਈ), ਸੁੱਕਾ ਘਾਹ, ਜਨੇਊ ਆਦਿਕ ਸਾਰੀਆਂ ਹੀ ਚੀਜ਼ਾਂ ਸਨ। ਜਿਹੜੀ ਪਾਰਟੀ ਸਸਕਾਰ ਉਪਰ ਲੱਗੀ ਹੋਈ ਸੀ, ਉਨ੍ਹਾਂ ਦਾ ਸਾਰਾ ਹੀ ਦਿਨ ਇਹੋ ਹੀ ਕੰਮ ਸੀ। ਲੋਹੇ ਦੇ ਅੱਠ ਗਾਰਡਰ ਧਰਤੀ ਵਿਚ ਗੱਡੇ ਹੋਏ ਅੰਗੀਠੇ ਦਾ ਨਮੂਨਾ ਹੈਸਨ, ਜਿਨ੍ਹਾਂ ਵਿਚ ਲਕੜਾਂ ਸਿਟ ਕੇ, ਜਿਹੜਾ ਵੀ ਮੁਰਦਾ ਆਉਂਦਾ ਉਸੇ ਉਪਰ ਸਿਟ ਦਿਤਾ ਜਾਂਦਾ। ਮਿੰਟਾਂ ਵਿਚ ਜਵਾਲਾ ਦੀਆਂ ਲਾਟਾਂ ਹੱਡੀਆਂ ਮਾਸ ਸਾੜ ਕੇ ਸੁਆਹ ਕਰ ਦਿੰਦੀਆਂ। ਠੰਢੀ ਹੋਈ ਸੁਆਹ ਨੂੰ ਲਾਰੀ ਵਿਚ ਭਰਕੇ ਸਮੁੰਦਰ ਦੀ ਭੇਟਾ ਕਰ ਦਿਤਾ ਜਾਂਦਾ। ਘਿਉ ਦੇ ਪੀਪੇ, ਖਫਣ ਦਾ ਕਪੜਾ ਅਤੇ ਦੂਜੀਆਂ ਚੀਜ਼ਾਂ ਡਿਊਟੀ ਵਾਲੇ ਸਿਪਾਹੀਆਂ ਵਲੋਂ ਸ਼ਰਾਬ ਲਈ ਵੇਚ ਲਈਆਂ ਜਾਂਦੀਆਂ।

ਹਸਪਤਾਲ ਨੂੰ ਜੇ ਸਵਰਗ ਆਖ ਦਿਤਾ ਜਾਏ ਅਤੇ ਉਸ ਥਾਂ ਦੀਆਂ ਨਰਸਾਂ ਨੂੰ ਸਵਰਗ ਦੀਆਂ ਹੂਰਾਂ ਤਾਂ ਕੋਈ ਅਣਹੋਣੀ ਗੱਲ ਨਹੀਂ ਹੈ। ਅਖ਼ੀਰ ਮੇਰਾ ਸੁਫਨਾ ਵੀ ਸਚ ਦੀ ਪਉੜੀ ਚੜ੍ਹਿਆ। ਸਾਨੂੰ ਰਾਜ਼ੀ ਹੋਏ ਜ਼ਖਮੀਆਂ ਦੀ ਪਾਰਟੀ ਨਾਲ ਇੰਗਲੈਂਡ ਦੀ ਸੈਰ ਲਈ ਘਲ ਦਿਤਾ ਗਿਆ।

# ਖ਼ੂਫ਼ੈ ਦਾ ਹਰਮ

ਇਸ਼ਕ ਕੇ ਛੁਪੇ ਹੂਏ ਹੈਂ ਤੌਰ ਕਹੀਂ !
ਦਿਲ ਲਗਾਇਆ ਹੈ ਤੁਮ ਨੇ ਔਰ ਕਹੀਂ !
ਫ਼ਾਇਦਾ ਕਿਆ ਹੈ ਅਬ ਮੁਕਰਨੇ ਕਾ !
ਔਰ ਬੇ-ਚੈਨ ਮੁਝ ਕੋ ਕਰਨੇ ਕਾ !
ਬਾਤ ਕਿਆ ਹੈ ਵੁਹ ਕਿਉਂ ਨਹੀਂ ਆਤੇ !

ਸਾਫ਼ ਕਹਿ ਦੋ ਕਿਸ ਪਿ ਮਰਤੇ ਹੋ ?
ਕੌਨ ਹੈ ਜਿਸ ਕੋ ਪਿਆਰ ਕਰਤੇ ਹੋ ?
ਰਿਸ਼ਤਾ ਉਲਫ਼ਤ ਕਾ ਮੁਝ ਸੇ ਜੋੜਾ ਕਿਉਂ ?
ਔਰ ਜੋੜਾ ਅਗਰ ਥਾ ਤੋ ਤੋੜਾ ਕਿਉਂ ?
ਲੇਕਿਨ ਅਬ ਵੁਹ ਕਭੀ ਨਾ ਆਏਂਗੇ !

ਦਿਲ ਮੇਂ ਹੈ ਯਾਦ ਉਨ ਕੀ ਲਬ ਪਿ ਹੈ ਉਨ ਕਾ ਨਾਮ !
ਮੁਝੇ ਲੇ ਦੇ ਹੈਂ ਯਹੀ ਦੋ ਕਾਮ !

ਰਾਤ ਦਿਨ ਉਨ ਕੋ ਯਾਦ ਕਰਤੀ ਹੂੰ!
ਹਿਜਰ ਮੇਂ ਠੰਢੀ ਸਾਂਸੇਂ ਭਰਤੀ ਹੂੰ!
ਲੇਕਿਨ ਅਫਸੋਸ ਵੁਹ ਨਹੀਂ ਆਤੇ!

ਪੁਰਾਣੇ ਮਿਸਰੀਆਂ ਦਾ ਵਿਸ਼ਵਾਸ ਸੀ ਕਿ ਮਰਨ ਵਾਲੇ ਦੀ ਆਤਮਾ ਕਬਰ ਵਿਚ ਪੈ ਜਾਣ ਮਗਰੋਂ ਸਵਰਗ ਪੁਰੀ ਵਿਚ ਜਾ ਕੇ ਗੀਤ ਗਾਉਂਦੀ ਹੈ। ਇਸੇ ਲਈ ਮਰਨ ਵਾਲੇ ਦੇ ਤਾਬੂਤ ਨਾਲ ਪਿਆਰ ਭਰੇ ਗੀਤ ਲਿਖ ਕੇ ਰਖੇ ਜਾਂਦੇ ਸਨ। ਉਪਰਲੇ ਤਿੰਨੇ ਗੀਤ ਮਿਸਰ ਦੇ ਉਨ੍ਹਾਂ ਮਕਬਰਿਆਂ ਵਿਚੋਂ ਪ੍ਰਾਪਤ ਹੋਏ ਹਨ, ਜਿਹੜੇ ਅਜ ਕਲ ਮਿਸਰ ਦੇ ਮੀਨਾਰ ਅਖਵਾਉਂਦੇ ਹਨ। ਇਹ ਮੀਨਾਰ ਖੂਫੋ ਖਾਨਦਾਨ ਦੇ ਬਾਦਸ਼ਾਹ ਨੇ ਤਿਆਰ ਕਰਵਾਏ ਸਨ। ਇ ਾਂ ਵਿਚੋਂ ਤਿੰਨ ਬੇਹਦ ਵਡੇ ਅਤੇ ਮਿਸਰੀ ਕਾਰੀਗਰੀ ਦਾ ਨਮੂਨਾ ਹਨ ਅਤੇ ਬਾਕੀ ਛੋਟੇ ਛੋਟੇ "ਹੈਫ਼ਾ" ਅਤੇ "ਰਦਿਆਸ਼" ਦੇ ਬਾਹਰ ਖੜੋਤੇ ਅਜ ਵੀ ਨਜ਼ਰੀਂ ਆਉਂਦੇ ਹਨ।

ਸਾਰਿਆਂ ਤੋਂ ਵਡਾ ਮੀਨਾਰ ਸ਼ਾਹਿ ਖੂਫੋਂ ਦੀ ਕਬਰ ਹੈ। ਮਿਸ-ਰੀਆਂ ਦਾ ਕਮਾਲ ਇਥੋਂ ਪਤਾ ਲਗਦਾ ਹੈ ਕਿ ਖੂਫੋ ਦੀ ਲਾਸ਼ ਇਹੋ ਜਹੇ ਮਸਾਲੇ ਲਾ ਕੇ ਕਬਰ ਵਿਚ ਰਖੀ ਗਈ ਕਿ ਹਜ਼ਾਰਾਂ ਵਰ੍ਹਿਆਂ ਮਗਰੋਂ ਵੀ ਉਹ ਸਹੀ ਸਲਾਮਤ ਨਿਕਲੀ ਸੀ। ਇਸ ਮੀਨਾਰ ਨੂੰ ਵੇਖਿਆਂ ਅਕਲ ਦੰਗ ਰਹਿ ਜਾਂਦੀ ਹੈ। ਪ੍ਰਸਿਧ ਯੂਨਾਨੀ "ਹੈਰੁਵੁਨਸ" ਲਿਖਦਾ ਹੈ ਕਿ ਖੂਫੋ ਦੇ ਮੀਨਾਰ ਉਪਰ ਅਜ ਤੋਂ ਛੀ ਹਜ਼ਾਰ ਵਰ੍ਹੇ ਪਹਿਲਾਂ ਇਕ ਲਖ ਬੰਦਿਆਂ ਨੇ ਮਜ਼ਦੂਰੀ ਕੀਤੀ। ਫਿਰ ਵਾਧਾ ਇਹ ਸੀ ਕਿ ਹਰ ਤੀਜੇ ਮਹੀਨੇ ਇਨ੍ਹਾਂ ਦੀ ਤਬਦੀਲੀ ਹੋ ਜਾਂਦੀ। ਮਤਲਬ ਇਹ ਕਿ ਉਹ ਇਤਨੇ ਥਕ ਕੇ ਚੂਰ ਹੋ ਜਾਂਦੇ ਸਨ ਕਿ ਨਵੇਂ ਇਕ ਲਖ ਮਜ਼ਦੂਰ ਲਾਉਣੇ ਪੈਂਦੇ। ਫਿਰ ਵੀ ਇਹ ਮੀਨਾਰ ਵੀਹ ਵਰ੍ਹਿਆਂ ਵਿਚ ਜਾ ਕੇ ਮੁਕਿਆ ਸੀ। ਯੂਨਾਨੀ ਇਸ ਨੂੰ "ਸ਼ਿਉਪਸ਼" ਆਖਦੇ ਹਨ।

ਖੂਫੋ ਦਾ ਮੀਨਾਰ ਜਿਸ ਨੂੰ ਮਿਸਰੀ ਲੋਕ "ਖੂਫੋ ਦਾ ਹਰਮ" ਵੀ ਆਖਦੇ ਹਨ, ਤੇਰਾਂ ਏਕੜ ਧਰਤੀ ਉਪਰ ਫੈਲਿਆ ਹੋਇਆ ਹੈ। ਇਸ ਦੀ ਉਚਾਈ ਚਾਰ ਸੋ ਇਕਾਸੀ ਫੁਟ ਸੀ, ਪਰ ਅਜ ਛੀ ਹਜ਼ਾਰ

ਵਰ੍ਹਿਆਂ ਮਗਰੋਂ ਤੀਹ ਫੁਟ ਇਸ ਦੀ ਉਚਾਈ ਘਟ ਹੋ ਚੁਕੀ ਹੈ। ਦਸਿਆ ਜਾਂਦਾ ਹੈ ਕਿ ਸ਼ੁਰੂ ਵਿਚ ਇਸ ਦੇ ਉਪਰ ਚਮਕੀਲੇ ਅਤੇ ਕੂਲੇ ਪਥਰਾਂ ਦਾ ਗਿਲਾਫ਼ ਸੀ, ਪਰ ਅਜ ਉਹ ਲੱਥ ਚੁਕਾ ਹੈ। ਅਸਲ ਵਿਚ ਇਹ ਵਡੀਆਂ ਵਡੀਆਂ ਚਟਾਨਾਂ ਦਾ ਇਕ ਢੇਰ ਹੈ ਅਤੇ ਇਸ ਨੂੰ ਦੋ ਕਰੋੜ ਤੀਹ ਲਖ ਵਡੀਆਂ ਵਡੀਆਂ ਚਟਾਨਾਂ ਲਾਈਆਂ ਗਈਆਂ ਹਨ ਅਤੇ ਇਕ ਇਕੱਲੀ ਚਟਾਨ ਦਾ ਭਾਰ ਢਾਈ ਟਨ ਹੈ। ਅਕਲ ਦੰਗ ਹੁੰਦੀ ਹੈ ਕਿ ਢਾਈ ਢਾਈ ਟਨ ਦੇ ਦੋ ਕਰੋੜ ਤੀਹ ਲਖ ਪੱਥਰ ਚਾਰ ਸੌ ਇਕਾਸੀ ਫੁਟ ਦੀ ਉਚਾਈ ਉਪਰ ਕਿਸ ਜਾਦੂ ਭਰੀ ਤਾਕਤ ਨੇ ਪੁਚਾਏ ਹੋਣੇ ਹਨ ਜਦੋਂ ਕਿ ਇੰਜਨ ਅਤੇ ਬਿਜਲੀ ਦਾ ਜ਼ਮਾਨਾ ਨਾ ਸੀ।

ਖੂਫੋ, ਬਾਦਸ਼ਾਹ "ਸਿਨਜ਼ਫੂ" ਦਾ ਦਰਬਾਰੀ ਸੀ। ਇਨ੍ਹਾਂ ਹੀ ਦਿਨਾਂ ਵਿਚ ਇਕ ਮਿਸਰੀ ਤਰੀਮਤ ਦਾ 'ਸਿਨਜ਼ਫੂ" ਦੇ ਮਨ ਵਿਚ ਪਿਆਰ ਉਗਮਿਆ, ਪਰ ਨਾਲ ਹੀ ਉਹ ਖੂਫੋ ਨੂੰ ਵੀ ਚਾਹੁੰਦੀ ਸੀ। ਅਖੀਰ ਬਾਦਸ਼ਾਹ ਦੀ ਮੌਤ ਮਗਰੋਂ ਖੂਫੋ ਨੇ ਤਖਤ ਉਪਰ ਕਬਜ਼ਾ ਕਰ ਲਿਆ ਅਤੇ ਉਸੇ ਮਿਸਰੀ ਤਰੀਮਤ ਨਾਲ ਸ਼ਾਦੀ ਵੀ ਕਰ ਲਈ। ਤਖ਼ਤ ਉਪਰ ਬੈਠਦਿਆਂ ਹੀ ਮੁਲਕ ਦੀ ਸਾਰੀ ਦੌਲਤ, ਬੰਦਿਆਂ ਦੀ ਸਾਰੀ ਤਾਕਤ, ਉਸ ਵੇਲੇ ਦਾ ਸਾਰਾ ਹੁਨਰ, ਇਸ ਮਕਬਰੇ ਉਪਰ ਲਾ ਦਿਤਾ। ਮੀਨਾਰ ਦੇ ਅੰਦਰ ਕਈ ਕਮਰੇ ਹਨ, ਜਿਥੇ ਖੂਫੋ ਅਤੇ ਉਸ ਦੇ ਸ਼ਾਹੀ ਖਾਨਦਾਨ ਦੀਆਂ ਲਾਸ਼ਾਂ ਅਜੇ ਤਕ ਮੌਜੂਦ ਹਨ।

ਭਾਂਵੇਂ ਹੋਰ ਵੀ ਮੀਨਾਰ ਹਨ, ਪਰ ਖੂਫੋ ਦੇ ਜਾ-ਨਸ਼ੀਨ 'ਖਫਰਾਂ' ਅਤੇ ਖੂਫੋ ਦੇ ਸ਼ਹਿਜ਼ਾਦੇ 'ਮਿਨਕਾਰਾ' ਦੇ ਮੀਨਾਰ ਵੀ ਵੇਖਣ ਨਾਲ ਹੀ ਤਅੱਲਕ ਰਖਦੇ ਹਨ। 'ਖਫਰਾਂ' ਦਾ ਮੀਨਾਰ ਤਾਂ 'ਸੰਗ ਖਾਰਾ' ਦਾ ਬਣਿਆ ਹੋਇਆ ਅਤੇ ਇਸ ਦੀ ਬਣਤਰ ਵਿਚ ਕਾਫੀ ਸਾਦਗੀ ਵਰਤੀ ਗਈ ਹੈ ਅਤੇ ਮਿਨਕਾਰਾ ਦਾ ਮੀਨਾਰ ਇਸ ਨਾਲੋਂ ਵੀ ਘਟੀਆ ਹੈ। ਇਸ ਦੀ ਉਚਾਈ ਕੇਵਲ ਦੋ ਸੌ ਪੰਦਰ੍ਹਾਂ ਫੁਟ ਹੈ, ਜਿਥੇ ਖੂਫੋ ਦੀ ਚਾਰ ਸੌ ਇਕਾਸੀ ਫੁਟ ਅਤੇ ਖ਼ਫਰਾਂ ਦੀ ਚਾਰ ਸੌ ਪੰਜਾਹ ਫੁਟ ਹੈ।

ਜਦੋਂ ਮਿਨਕਾਰਾ ਦੀ ਸ਼ਹਿਜ਼ਾਦੀ ਮਰ ਗਈ ਤਾਂ ਬਾਦਸ਼ਾਹ ਮਿਨਕਾਰਾ ਨੇ ਇਕ ਸੋਨੇ ਜੜਤ ਪੰਘੂੜਾ ਤਿਆਰ ਕਰਵਾ ਕੇ ਸ਼ਹਿਜ਼ਾਦੀ ਦੀ ਲਾਸ਼ ਨੂੰ ਮਸਾਲੇ ਲਾ ਕੇ ਸ਼ਾਹੀ ਮਹਿਲ ਵਿਚ ਰਖਵਾ ਦਿਤਾ, ਜਿਸ

ਦੇ ਸਾਮ੍ਹਣੇ ਹਰ ਵੇਲੇ ਖੁਸ਼ਬੂਦਾਰ ਧੂਪ ਧੁਖਦੀ ਰਹਿੰਦੀ ਅਤੇ ਵਰ੍ਹੇ ਵਿਚ ਇਕ ਵਾਰੀ ਲਾਸ਼ ਨੂੰ ਮਹਿਲ ਤੋਂ ਬਾਹਰ ਕੱਢ ਕੇ ਸੂਰਜ ਭਗਵਾਨ ਦੇ ਦਰਸ਼ਨ ਕਰਾਏ ਜਾਂਦੇ।

ਮਿਸਰ ਵਿਚ ਆਬਾਦੀ ਬੜੀ ਟਾਵੀਂ ਟਾਵੀਂ ਹੈ । ਦਰਿਆ ਨੀਲ ਦਾ ਕਿਨਾਰਾ ਵਾਕਈ ਸਰਸਬਜ਼ ਹੈ। ਸਿਕੰਦਰੀਆ, ਹਿਲਫਾ, ਅਸਮਾਲੀਆ, ਗਾਜ਼ਾ, ਜਾਫ਼ਾ, ਪੋਰਟ ਸਈਦ, ਸਵੇਜ਼ ਅਤੇ ਕਾਹਿਰਾ ਬੜੇ ਪੁਰਾਣੇ ਅਤੇ ਰੌਣਕੀ ਸ਼ਹਿਰ ਹਨ ।

ਓਦੋਂ ਰਸਾਲਿਆਂ ਪਾਸ ਘੋੜੇ ਸਨ, ਅੱਜ ਉਹੀ ਰਸਾਲੇ ਟੈਂਕਾਂ ਵਾਲੇ, ਮੋਟਰ ਮਸ਼ੀਨਾਂ ਵਾਲੇ, ਜਾਂ ਲਾਰੀਆਂ ਵਾਲੇ ( Mechenic Cavalary ) ਬਣ ਚੁਕੇ ਹਨ। ਮਿਸਰ ਦੀਆਂ ਮੈਦਾਨੀ ਲੜਾਈਆਂ ਵਿਚ ਕਈ ਕਈ ਮੀਲ ਵਧਣਾ, ਜਾਂ ਪਿਛਲੇ ਪਾਸੇ ਹਟ ਜਾਣਾ ਮਾਮੂਲੀ ਗੱਲਾਂ ਸਨ। ਹਰ ਰੋਜ਼ ਸ਼ਾਮ ਨੂੰ ਸਹਿਰਾਈ ਅਨ੍ਹੇਰੀਆਂ ਚਲਦੀਆਂ ਅਤੇ ਸਿਖ ਫੌਜੀ ਸਿਪਾਹੀਆਂ ਨੂੰ ਜਟਾਧਾਰੀ ਭਬੂਤੀ ਵਾਲੇ ਸਾਧੂ ਦੇ ਰੂਪ ਵਿਚ ਬਦਲ ਰਖਦੀਆਂ। ਮਿਸਰ ਵਿਚ ਮੈਂ ਕਈ ਵਾਰੀ ਸੋਚਿਆ ਕਰਦਾ ਕਿ ਬਹੁਤ ਸਾਰੇ ਰਿਵਾਜ ਦੇਸ ਦੇ ਪੌਣ ਪਾਣੀ ਅਨੁਸਾਰ ਹੀ ਹੁੰਦੇ ਹਨ। ਮੀਲਾਂ ਤਕ ਸਹਿਰਾ ਹੋਣ ਕਰ ਕੇ ਹੀ ਇਨ੍ਹਾਂ ਮੁਰਦਿਆਂ ਨੂੰ ਕਬਰ ਵਿਚ ਦਬਣ ਦਾ ਫੈਸਲਾ ਕੀਤਾ ਹੋਣਾ ਹੈ। ਅਜ ਦੇ ਮਿਸਰੀ ਗਲ ਵਿਚ ਇਕੋ ਲੰਬਾ ਕਾਲੇ ਰੰਗ ਦਾ ਝੱਗਾ ਪਾਉਂਦੇ ਹਨ। ਸ਼ਕਲ ਅਤੇ ਅਕਲ ਦੇ ਵੀ ਕੋਈ ਐਡੇ ਚੰਗੇ ਨਹੀਂ, ਅਜੇ ਤਕ ਵੀ ਅਫ਼ਰੀਕਾ ਦੇ ਗ਼ੁਲਾਮ-ਜਿਨ੍ਹਾਂ ਦੇ ਮੱਥੇ ਉਪਰ ਦਾਗਿਆ ਹੋਇਆ ਪੇਸ਼ੇ ਜਿੰਨਾ ਨਿਸ਼ਾਨ ਹੁੰਦਾ ਸੀ-ਅਮਰੀਕਾ ਅਤੇ ਜਾਗੀਰਦਾਰਾਂ ਪਾਸ ਮੌਜੂਦ ਹਨ।

ਅਖ਼ੀਰ ਫੌਜੀ ਲੋੜਾਂ ਅਨੁਸਾਰ ਜਲਦੀ ਹੀ ਸਾਡੀ ਫੋਰਸ (Force) ਨੂੰ ਫਲਸਤੀਨ ਜਾਣਾ ਪੈ ਗਿਆ। ਘੋੜਿਆਂ ਦੀ ਮੌਜੂਦਗੀ ਦੇ ਕਾਰਨ ਸਾਰਾ ਹੀ ਸਫ਼ਰ ਪੈਦਲ ਕਰਨਾ ਪੈਂਦਾ। ਰੇਲ ਜਾਂ ਜਹਾਜ਼ ਦੇ ਸਫ਼ਰ ਨਾਲੋਂ ਪੈਦਲ ਫਰਨ ਵਿਚ ਵਧੀਕ ਸੈਰ, ਜੰਗਲ, ਪਹਾੜ, ਦਰਿਆ ਅਤੇ ਨਜ਼ਾਰੇ ਵੇਖਣ ਦਾ ਸਮਾਂ ਮਿਲਦਾ ਹੈ। ਪਿਛਲੀ ਲੜਾਈ ਵਿਚ ਟਰਕੀ ਸਾਡੇ ਖ਼ਿਲਾਫ਼ ਲੜ ਰਿਹਾ ਸੀ। ਇਸ ਲਈ ਟਰਕੀ ਦੇ ਕਈ ਸ਼ਹਿਰ ਵੀ ਵੇਖਣੇ ਪੈ ਗਏ। ਜਿਥੇ ਇਹ ਸਾਰਾ ਹੀ ਇਲਾਕਾ ਸਰਸਬਜ਼, ਆਬਾਦ, ਰੰਗੀਲਾ ਅਤੇ ਸੁੰਦਰਤਾ ਦਾ ਨਮੂਨਾ-ਹੈ, ਉਥੇ ਹੀ

ਸੰਗਤਰਾ, ਖਜੂਰ, ਤਰਬੂਜ਼, ਖਰਬੂਜ਼ੇ ਅਤੇ ਹੋਰ ਅਨੇਕਾਂ ਹੀ ਫਲਾਂ ਨਾਲ ਲਦੇ ਹੋਏ ਬਾਗ਼ ਮੌਜੂਦ ਸਨ। ਸੜਕਾਂ ਦੇ ਕਿਨਾਰੇ ਜਿਥੇਂ ਵੀ ਕੂਚ ਕਰਦਿਆਂ, ਅੱਧਾ ਘੰਟਾ ਆਰਾਮ ਲਈ ਖੜੇ ਹੁੰਦੇ, ਟੋਕਰਿਆਂ ਦੇ ਟੋਕਰੇ ਫਲ ਵਿਕ ਜਾਂਦੇ ਸਨ।

ਟਰਕੀ ਦੇ ਜਿਸ ਇਲਾਕੇ ਉਪਰ ਸਾਡੀ ਸਰਕਾਰ ਦਾ ਕਬਜ਼ਾ ਹੋ ਚੁਕਿਆ ਸੀ, ਉਨ੍ਹਾਂ ਸ਼ਹਿਰਾਂ ਨੂੰ ਬੇ-ਹਥਿਆਰ ਕਰਨਾ ਜ਼ਰੂਰੀ ਸੀ। ਮਹੀਨੇ ਪੰਦਰਾਂ ਦਿਨਾਂ ਦੀ ਮੁਹਲਤ ਦਿਤੀ ਗਈ ਕਿ ਹਰ ਉਹ ਆਦਮੀ ਜਿਸ ਦੇ ਪਾਸ ਕੋਈ ਵੀ ਹਥਿਆਰ ਮੌਜੂਦ ਹੈ, ਸਰਕਾਰੀ ਦਫਤਰ ਵਿਚ ਰਿਪੋਰਟ ਕਰੇ। ਅਨੇਕਾਂ ਬੰਦੂਕਾਂ, ਪਿਸਤੌਲ, ਤਲਵਾਰਾਂ, ਖੰਜਰ, ਡੈਗਰ ਦਿਨਾਂ ਵਿਚ ਹੀ ਇਕੱਠੇ ਹੋ ਗਏ, ਪਰ ਅਜੇ ਵੀ ਖ਼ਿਆਲ ਸੀ ਕਿ ਅਨੇਕਾਂ ਹੋਰ ਹਥਿਆਰ ਘਰਾਂ ਵਿਚ ਮੌਜੂਦ ਸਨ ਅਤੇ ਸਰਕਾਰ ਲਈ ਉਨ੍ਹਾਂ ਦਾ ਵੀ ਵਾਪਸ ਲੈਣਾ ਬੜਾ ਜ਼ਰੂਰੀ ਸੀ।

ਇਕ ਦਿਨ ਰਾਤ ਦੇ ਦੋ ਵਜੇ ਫੌਜ ਨੂੰ ਅਚਣਚੇਤ ਹੀ ਤਿਆਰੀ ਦਾ ਹੁਕਮ ਮਿਲ ਗਿਆ। ਜਿਸ ਸ਼ਹਿਰ ਦੇ ਨੇੜੇ ਸਾਡੀ ਫੌਜ ਨੇ ਉਤਾਰਾ ਕੀਤਾ ਹੋਇਆ ਸੀ, ਘੰਟੇ ਕੁ ਮਗਰੋਂ ਫੌਜ ਨੇ ਰਾਤ ਦੇ ਹਨੇਰੇ ਵਿਚ–ਜਦੋਂ ਸਾਰਾ ਸ਼ਹਿਰ ਸੁੱਤਾ ਪਿਆ ਸੀ–ਘੇਰਾ ਪਾ ਲਿਆ। ਸਾਰੀਆਂ ਪੋਸਟਾਂ ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਰੋਕ ਦਿਤੀਆਂ ਗਈਆਂ। ਸ਼ਹਿਰ ਵਿਚ ਆਉਣ ਅਤੇ ਸ਼ਹਿਰ ਤੋਂ ਬਾਹਰ ਜਾਣ ਵਾਲੇ ਹਰ ਬੰਦੇ ਦੀ ਤਲਾਸ਼ੀ ਲਈ ਜਾਂਦੀ। ਜ਼ਨਾਨੀਆਂ ਦੀ ਤਲਾਸ਼ੀ ਲਈ ਕੁਝ ਟਰਕੀ ਇਸਤ੍ਰੀਆਂ ਮੌਜੂਦ ਸਨ। ਅਖ਼ੀਰ ਮਹੱਲੇ ਵਾਰ ਮਕਾਨਾਂ ਦੇ ਅੰਦਰ ਦੀ ਵੀ ਤਲਾਸ਼ੀ ਸ਼ੁਰੂ ਹੋ ਗਈ। ਬਹੁਤੇ ਘਰਾਂ ਵਿਚੋਂ ਮਰਦ ਡਰ ਦੇ ਮਾਰੇ ਪਹਿਲਾਂ ਹੀ ਭਜ ਗਏ ਸਨ। ਪਿਛੇ ਮਾਸੂਮ ਬੱਚੇ, ਨੌਜਵਾਨ ਕੁੜੀਆਂ ਜਾਂ ਬੁਢੇ ਬੁਢੀਆਂ ਹੀ ਸਨ। ਇਸ ਤਲਾਸ਼ੀ ਵਿਚ ਕੀ ਕੁਝ ਹੋਇਆ-ਇਹ ਦੱਸਣ ਦੀ ਲੋੜ ਨਹੀਂ। ਇਹ ਤੁਸੀਂ ਹੀ ਖ਼ਿਆਲ ਕਰ ਲਵੋ ਕਿ ਜੋ ਕੁਝ ਤਲੰਗੇ ਕਰ ਸਕਦੇ ਹਨ, ਉਨ੍ਹਾਂ ਕੀਤਾ। ਭਾਵੇਂ ਸਰਕਾਰ ਵਲੋਂ ਬੜੀ ਸਖ਼ਤੀ ਨਾਲ ਹਦਾਇਤਾਂ ਸਨ ਕਿ ਸਿਵਾਏ ਹਥਿਆਰ ਲੈਣ ਦੇ ਕਿਸੇ ਨੂੰ ਤੰਗ ਜਾਂ ਬੇ-ਪਤ ਨਾ ਕੀਤਾ ਜਾਵੇ, ਪਰ ਇਕ ਦੂਜੇ ਪਾਸਿਓਂ ਬੋਲੀ ਨਾ ਸਮਝਣ ਦਾ ਸਿਪਾਹੀਆਂ ਨੇ ਬੜਾ ਲਾਭ ਪ੍ਰਾਪਤ ਕੀਤਾ।

ਸ਼ਹਿਰ ਦੀ ਤਲਾਸ਼ੀ ਤੋਂ ਵਖ, ਸ਼ਹਿਰ ਤੋਂ ਬਾਹਰ ਬੰਗਲੇ, ਕੋਠੀਆਂ ਅਤੇ ਵਖ ਵਖ ਮਕਾਨਾਂ ਦੀ ਤਲਾਸ਼ੀ ਵੀ ਕੀਤੀ ਗਈ। ਉਸ ਦਿਨ ਹੀ ਨਹੀਂ, ਬਲਕਿ ਸਿਪਾਹੀਆਂ ਲਈ ਇਹ ਸ਼ੁਗਲ ਉਤਨਾ ਚਿਰ ਬਣਿਆ ਰਿਹਾ, ਜਦੋਂ ਮਹੀਨਾ ਕੁ ਅਸੀਂ ਇਸੇ ਸ਼ਹਿਰ ਦੇ ਬਾਹਰਵਾਰ ਕੈਂਪ ਕੀਤੀ ਰਖਿਆ। ਜਦੋਂ ਵੀ ਕੋਈ ਸਾਊ ਮੁੰਡਾ-ਕੁੜੀ ਮਿਲ ਪੈਂਦੇ ਜਾਂ ਜਿਥੇ ਕਿਸੇ ਦਾ ਮਰਦ ਨਾ ਹੁੰਦਾ, ਉਥੇ ਹਰ ਇਕ ਨੂੰ ਸਿਰ ਤੋਂ ਪੈਰਾਂ ਤਕ ਚੰਗੀ ਤਰ੍ਹਾਂ ਟੁਹ ਟਾਹ ਕੇ ਵੇਖ ਚਾਖ ਲਿਆ ਜਾਂਦਾ। ਮੇਰੀ ਹਲੀਨਾ ਨਾਲ ਕਿਵੇਂ ਬੀਤੀ ?

# ਮੇਰੀ ਹਲੀਨਾ

ਜਿਤੇ ਹੋਏ ਦੇਸਾਂ ਵਿਚ ਕੀ ਕੁਝ ਵਧੀਕੀਆਂ ਹੁੰਦੀਆਂ ਹਨ—ਇਹ ਆਦਿ-ਅੰਤ ਥੀਂ ਇਤਿਹਾਸਕ ਕਹਾਣੀਆਂ ਹਨ। ਜਦੋਂ ਵੀ ਕੋਈ ਫ਼ੌਜ ਫ਼ਤਹ ਦਾ ਝੰਡਾ ਲੈਕੇ ਆਪਣੇ ਸਰ ਕੀਤੇ ਹੋਏ ਇਲਾਕੇ ਵਿਚ ਪੁਜਦੀ ਹੈ ਤਾਂ ਉਥੋਂ ਦੀ ਹਰ ਇਕ ਚੀਜ਼ ਦੀ ਉਹ ਮਾਲਕ ਗਿਣੀ ਜਾਂਦੀ ਹੈ। ਪੈਰਸ (ਫ਼ਰਾਂਸ) ਅਤੇ ਬਰਮਾਂ ਦੀਆਂ ਹਾਰਾਂ ਅਜ ਵੀ ਸੱਜਰੀਆਂ ਕਹਾਣੀਆਂ ਹਨ। ਜਿਨ੍ਹਾਂ ਸਜਣਾਂ ਨੂੰ ਉਜੜੇ ਪੁਜੜੇ ਬਰਮੀਆਂ ਜਾਂ ਬਰਮਾਂ ਵਿਚ ਵਸਦੇ ਕਾਰ ਵਿਹਾਰ ਕਰਦਿਆਂ ਪੰਜਾਬੀਆਂ ਨਾਲ—ਜਿਹੜੇ ਹੁਣ ਹਿੰਦੁਸਤਾਨ ਵਿਚ ਆ ਚੁਕੇ ਹਨ—ਗੱਲ ਬਾਤ ਕਰਨ ਦਾ ਮੌਕਾ ਲੱਭਾ ਹੈ ਜਾਂ ਉਨ੍ਹਾਂ ਦੀ ਜ਼ਬਾਨੀ ਉਨ੍ਹਾਂ ਦੇ ਸਫ਼ਰ ਤੇ ਤਕਲੀਫ਼ਾਂ ਦੇ ਦਰਦਨਾਕ ਹਾਲ ਸੁਣੇ ਹਨ, ਉਹ ਸਰ ਕੀਤੇ ਮੁਲਕਾਂ ਦੀ ਹਾਲਤ ਦਾ ਗਿਆਨ ਰਖਦੇ ਹਨ। ਜ਼ਮੀਨ, ਮਕਾਨ ਅਰ ਦੁਕਾਨ, ਧੀਆਂ, ਪੁਤਰ, ਇਸਤ੍ਰੀ, ਮਾਤਾ ਪਿਤਾ ਕਿਸੇ ਚੀਜ਼ ਦੀ ਵੀ ਰਾਖੀ ਇਹੋ ਜਹੇ ਭਿਆਨਕ ਸਮੇਂ ਨਹੀਂ ਕੀਤੀ ਜਾ ਸਕਦੀ। ਘੁਘ-ਭਰਪੂਰ ਵਸਦੇ ਘਰ ਖਾਲ-ਮਖਾਲੀ ਛਡ ਕੇ ਭੱਜਣ ਦੀ ਹੀ

ਕਰਨੀ ਪੈਂਦੀ ਹੈ ਅਤੇ ਜੇਤੂ ਸਿਪਾਹੀ ਇਨ੍ਹਾਂ ਘਰਾਂ ਅਤੇ ਘਰਾਂ ਦੇ ਸਾਮਾਨ ਨੂੰ ਕਿਵੇਂ ਵਰਤਦੇ ਹਨ ? ਇਹ ਅੱਖੀਂ ਵੇਖਿਆਂ ਹੀ ਪ੍ਰਵਾਨ ਹੋ ਸਕਦਾ ਹੈ—ਇਥੇ ਲਿਖਿਆਂ ਯਕੀਨ ਨਹੀਂ ਕਰਾ ਸਕਦਾ ।

ਅਸੀਂ ਓਦੋਂ ਟਰਕੀ ਦਾ ਇਲਾਕਾ ਫਤਹ ਕਰਨ ਮਗਰੋਂ ਇਕ ਸ਼ਹਿਰ ਦੀ ਤਲਾਸ਼ੀ ਲੈ ਚੁਕੇ ਸਾਂ । ਟਰਕੀ ਬੜਾ ਆਬਾਦ, ਸਰਸਬਜ਼ ਇਲਾਕਾ ਸੀ । ਜਿਥੇ ਸਾਡਾ ਕੈਂਪ ਸੀ, ਇਹ ਇਕ ਫੌਜੀ ਛਾਵਣੀ ਸੀ ਅਤੇ ਹੁਣ ਅਸੀਂ ਫੌਜੀ ਬੈਰਕਾਂ ਵਿਚ ਰਿਹਾ ਕਰਦੇ ਸਾਂ । ਅੱਧ ਕੁ ਮੀਲ ਦੀ ਵਿਥ ਉਪਰ ਦਰਿਆ ਵਗਦਾ ਸੀ । ਹਰ ਰੋਜ਼ ਸ਼ਾਮ ਨੂੰ ਸਿਪਾਹੀ ਜਾਂ ਤਾਂ ਦਰਿਆ ਦੀ ਸੈਰ ਨੂੰ ਨਿਕਲ ਜਾਂਦੇ, ਜਾਂ ਸ਼ਹਿਰ ਵਿਚ ਜਾਕੇ ਚੱਕਰ ਲਾਉਂਦੇ । ਭਾਵੇਂ ਚੋਖੀ ਦੁਨੀਆ ਨੱਸ ਭੱਜ ਗਈ ਸੀ; ਪਰ ਫਿਰ ਵੀ ਬੜੀ ਰੌਣਕ ਸੀ । ਇਥੇ ਐਸ਼-ਪ੍ਰਸਤ ਸੁੰਦਰ ਰੰਗੀਲੇ ਨੌਜਵਾਨ ਬਾਗਾਂ ਵਿਚ ਲੌਢੇ ਪਹਿਰ ਥੀਂ ਆਨੰਦ ਲੈਣ ਲਗ ਜਾਂਦੇ ਸਨ । ਸੌਂਫੀ ਸ਼ਰਾਬ (ਕੱਚੀ ਲੱਸੀ ਵਾਂਗ) ਆਮ ਵਿਕਦੀ । ਖੁਲ੍ਹੇ ਬਾਗਾਂ ਵਿਚ ਥੋੜੀ ਥੋੜੀ ਵਿਥ ਉਪਰ ਦਰੱਖਤਾਂ ਦੀ ਛਾਵੇਂ ਦਰੱਖਤਾਂ ਨਾਲ ਹੀ ਬੀੜੇ ਹੋਏ ਮੇਜ਼, ਕੁਰਸੀਆਂ, ਬੈਂਚ ਪਏ ਸਨ । ਸਾਮ੍ਹਣੇ ਸਟੇਜ ਸੀ, ਜਿਥੇ ਵਾਇਲਨ ਵਜਾਕੇ ਕੁੜੀਆਂ ਆਪਣੇ ਮਨੋਹਰ ਗੀਤ ਗਾਉਂਦੀਆਂ ਸਨ । ਜਦੋਂ ਇਕ ਗਰੁਪ ਦੀ ਵਾਰੀ ਮੁਕ ਜਾਂਦੀ ਤਾਂ ਉਹ ਤਿੰਨੇ ਕੁੜੀਆਂ ਦਾ ਜਥਾ ਆਪੋ ਆਪਣੇ ਸਾਜ਼ਾਂ ਸਮੇਤ ਬਾਗ਼ ਵਿਚ ਫਿਰਨ ਲਗ ਜਾਂਦਾ, ਨਾਲੇ ਪੰਗਤੀਆਂ ਗਾਈਆਂ ਜਾਂਦੀਆਂ ਤੇ ਨਾਲ ਹੀ ਵਾਇਲਨ ਵੱਜਦਾ ਰਹਿੰਦਾ । ਇਹ ਜਲਸਾ ਢਾਈ ਤਿੰਨ ਵਜੇ ਥੀਂ ਲੈ ਕੇ ਰਾਤ ਦੇ ਗਿਆਰਾਂ ਬਾਰਾਂ ਵਜੇ ਤਕ ਲੱਗਾ ਰਹਿੰਦਾ । ਫ਼ਰਕ ਕੇਵਲ ਇਤਨਾ ਸੀ, ਜਿਹੜਾ ਪੈੱਗ ਬਾਜ਼ਾਰ ਵਿਚ ਸੌਂਫੀ ਦਾ ਕੇਵਲ ਦੋ ਆਨੇ ਨੂੰ ਮਿਲਦਾ, ਇਥੇ ਉਸੇ ਦਾ ਮੁਲ ਕੁੜੀਆਂ ਦੀ ਸੁੰਦਰਤਾ ਅਤੇ ਗੀਤਾਂ ਦੀ ਰੰਗੀਨੀ ਵਿਚ ਛੀ ਆਨੇ ਦੇਣਾ ਪੈਂਦਾ ਸੀ—ਪਰ ਲੋਕੀਂ ਪੀਂਦੇ ਇਥੇ ਹੀ ਆ ਕੇ ।

ਅਜ ਕੁਝ ਵਧੀਕ ਚਿਠੀਆਂ ਲਿਖਣ ਕਰਕੇ ਮੈਨੂੰ ਸਾਥੀਆਂ ਨਾਲੋਂ ਵੱਖਰਿਆਂ ਸ਼ਹਿਰ ਜਾਣਾ ਪਿਆ । ਰੋਜ਼ ਵਾਂਗੂ ਅੱਜ ਵੀ ਮੈਂ ਉਸੇ ਕੋਠੀ ਪਾਸੋਂ ਲੰਘ ਰਿਹਾ ਸਾਂ । ਅੰਗੂਰਾਂ ਦੇ ਗੁਛੇ ਬਾਹਰੋਂ ਉਸੇ ਤਰ੍ਹਾਂ ਬਰਾਂਡੇ ਦੀਆਂ ਕੰਧਾਂ ਨਾਲ ਲਟਕਦੇ ਦਿਸ ਰਹੇ ਸਨ । ਬਾਹਰਲਾ

ਫਾਟਕ ਸ਼ਰਾਬੀ ਦੀ ਅੱਖ ਵਾਂਗ ਅੱਧ-ਖੁਲ੍ਹਾ ਸੀ। ਮੈਂ ਅਤੇ ਮੇਰੇ ਸਾਥੀ ਕਈ ਵਾਰੀ ਇਸ ਕੋਠੀ ਦੀ ਤਲਾਸ਼ੀ ਲੈ ਚੁਕੇ ਸਾਂ। ਮਕਾਨ ਦੇ ਅੰਦਰ ਟੁਟੀਆਂ ਭੱਜੀਆਂ ਚੀਜ਼ਾਂ, ਖੁਲ੍ਹੇ ਸੰਦੂਕ, ਪਾਟੇ ਹੋਏ ਪਰਦੇ, ਕੌਚ ਅਤੇ ਚੀਨੀ ਦੇ ਨਿਕੰਮੇ ਭਾਂਡੇ ਹਮੇਸ਼ਾਂ ਵਾਂਗ ਅੱਜ ਵੀ ਖਿਲਰੇ ਪਏ ਸਨ। ਇਸ ਘਰ ਦੀਆਂ ਕਈ ਚੀਜ਼ਾਂ ਲੋੜ ਅਨੁਸਾਰ ਸਿਪਾਹੀਆਂ ਦੇ ਹਿਸੇ ਆਈਆਂ ਸਨ। ਚਿਠੀਆਂ ਲਿਖਣ ਵਾਲਾ ਪੈਡ ਮੈਂ ਕਿਤਨਾ ਚਿਰ ਵਰਤਦਾ ਰਿਹਾ। ਅਨਪੜ੍ਹ ਸਿਪਾਹੀਆਂ ਦੀਆਂ ਚਿੱਠੀਆਂ ਮੈਂ ਹੀ ਲਿਖਿਆ ਕਰਦਾ। ਮਾਤਾ ਪਿਤਾ ਦੇ ਖਤ, ਭਰਾਵਾਂ ਦੀਆਂ ਵੰਡਾਂ ਦੇ ਖਤ, ਸ਼ਰੀਕਾਂ ਦੀਆਂ ਵਧੀਕੀਆਂ ਤੇ ਮੁਕਦਮਿਆਂ ਦੇ ਖਤ, ਪਤੀ ਪਤਨੀ ਦੇ ਵਿਛੋੜੇ ਦੀਆਂ ਦਰਦਨਾਕ ਕਹਾਣੀਆਂ, ਜਦੋਂ ਵੀ ਹਫ਼ਤੇ ਦਸਵੇਂ ਦਿਨ ਡਾਕ ਅਉਂਦੀ, ਮੈਂ ਪੜ੍ਹਦਾ ਅਤੇ ਉਨ੍ਹਾਂ ਦੇ ਉਤਰ ਵੀ ਲਿਖਦਾ ਸਾਂ। ਹਰ ਇਕ ਖਤ ਵਿਚ ਇਕ ਵਖਰੀ ਕਹਾਣੀ ਦਾ ਪਲਾਟ ਮੌਜੂਦ ਸੀ। ਅਜ ਕੁਝ ਵਧੀਕ ਚਿੱਠੀਆਂ ਹੋਣ ਕਰਕੇ ਮੈਂ ਚਿਰਾਕਾ ਹੀ ਸਾਰਿਆਂ ਥੀਂ ਵੱਖ ਕੈਂਪ ਵਿਚੋਂ ਤੁਰਿਆ ਸਾਂ। ਜਿਸ ਕੋਠੀ ਨੂੰ ਅਸੀਂ ਕਈ ਵਾਰੀ ਹੂੰਝਾ ਫੇਰ ਗਏ ਸਾਂ, ਅਜ ਉਸ ਵਿਚੋਂ ਬੋਲ ਚਾਲ ਦੀ ਆਵਾਜ਼ ਆ ਰਹੀ ਸੀ। ਮੈਂ ਸੋਚਿਆ, ਸ਼ਇਦ ਮਾਲਕ ਮੁੜ ਆਏ ਹਨ। ਹਰ ਇਕ ਚੀਜ਼ ਨਵੀਂ ਬਣਾਉਣਗੇ। ਮੰਜੇ, ਮੇਜ਼, ਬਿਸਤਰੇ, ਭਾਂਡੇ, ਖਿੜਕੀਆਂ, ਦਰੀਆਂ, ਗਲੀਚੇ, ਕੁਰਸੀਆਂ, ਕੀ ਕੁਝ ਖ਼ਰੀਦਣਗੇ। ਪਿਛਲੀ ਬਾਰੀ ਵਿਚੋਂ ਉਚਾ ਹੋਕੇ ਵੇਖਿਆ, ਦੂਰ ਤਕ ਦਰਵਾਜ਼ੇ ਉਸੇ ਤਰ੍ਹਾਂ ਖੁਲ੍ਹੇ ਪਏ ਸਨ। ਹੁਣ ਮੈਂ ਫਾਟਕ ਪਾਸ ਪੁਜ ਕੇ ਖੜੋ ਗਿਆ। ਮੈਨੂੰ ਪੂਰਾ ਵਿਸ਼ਵਾਸ਼ ਸੀ ਮਕਾਨ ਬਿਲਕੁਲ ਖ਼ਾਲੀ ਹੈ। ਪਰ ਕੰਨ ਆਖਦੇ ਸਨ, ਕੋਈ ਅੰਦਰ ਜ਼ਰੂਰ ਮੌਜੂਦ ਹੈ। ਆਵਾਜ਼ ਹੁਣ ਵੀ ਆ ਰਹੀ ਸੀ। ਮੈਂ ਫਾਟਕ ਵਿਚ ਲੰਘਦਿਆਂ ਚੌਫੱਟ ਖੁਲ੍ਹੇ ਹੋਏ ਹਾਲ ਕਮਰੇ ਵਿਚ ਨਜ਼ਰ ਮਾਰੀ। ਨਾਲ ਦੇ ਖ਼ਾਲੀ ਕਮਰੇ ਵੀ ਵੇਖੇ ਤੇ ਹੁਣ ਮੈਂ ਉਪਰ ਜਾ ਰਿਹਾ ਸੀ—ਜਿਧਰੋਂ ਅਜੇ ਵੀ ਆਖਿਆ ਜਾ ਰਿਹਾ ਸੀ:—

"ਐਕਸਕਿਊਜ਼ ਮੀ..........।"

ਇਕ ਨੌਜਵਾਨ ਕੁੜੀ ਦੇ ਸਿਪਾਹੀਆਂ ਨੇ ਘੇਰੀ ਹੋਈ ਸੀ। ਇਹ ਇਕ ਬਿੱਲੀ ਅਤੇ ਚੂਹੇ ਦਾ ਤਮਾਸ਼ਾ ਸੀ। ਜਿਵੇਂ ਬਿੱਲੀ ਆਪਣੇ

ਸ਼ਿਕਾਰ ਕੀਤੇ ਚੂਹੇ ਨੂੰ ਆਪਣੀ ਖ਼ੁਰਾਕ ਬਣਾਉਣ ਥੀਂ ਪਹਿਲਾਂ ਕਦੇ ਪੰਜਿਆਂ ਵਿਚ ਫੜਦੀ ਹੈ ਤੇ ਕਦੇ ਛਡ ਦਿੰਦੀ ਹੈ, ਅਤੇ ਜਦੋਂ ਵਿਚਾਰਾ ਚੂਹਾ, ਜਿਸ ਨੂੰ ਬਿੱਲੀ ਦੀਆਂ ਦੰਦੀਆਂ ਨੇ ਟੁਰਨ ਫਿਰਨ ਜੋਗਾ ਨਹੀਂ ਛਡਿਆ ਹੁੰਦਾ, ਦੋ ਚਾਰ ਕਦਮ ਟੁਰਨ ਦੀ ਹਿੰਮਤ ਕਰਦਾ ਹੈ ਤਾਂ ਬਿੱਲੀ ਇਕ ਉਛਾਲਾ ਦੇਕੇ ਫਿਰ ਫੜ ਲੈਂਦੀ ਹੈ, ਇਸੇ ਤਰ੍ਹਾਂ ਇਹ ਦੋਵੇਂ ਸਿਪਾਹੀ "ਹਲੀਨਾ" ਦੇ ਨੌਜਵਾਨ ਸਰੀਰ ਨਾਲ ਖੇਡ ਰਹੇ ਸਨ ਅਤੇ ਉਸਦੇ ਮੂੰਹ ਵਿਚੋਂ ਜ਼ਬਰਦਸਤੀ ਟੁਟੀ ਫੁਟੀ ਅੰਗਰੇਜ਼ੀ ਵਿਚ– "ਬਹਾਦਰ, ਫਾਦਰ, ਐਕਸਕਿਊਜ਼ ਮੀ" ਆਦਿਕ ਸ਼ਬਦ ਨਿਕਲ ਰਹੇ ਸਨ ।

ਹਲੀਨਾ ਨੌਜਵਾਨ ਸੁੰਦਰ ਕੁੜੀ ਸੀ । ਭਾਵੇਂ ਰੰਗ ਬਹੁਤ ਚਿੱਟਾ ਨਹੀਂ ਸੀ ਤੇ ਮੈਂ ਚਿਟੇ ਰੰਗ ਨੂੰ ਪਸੰਦ ਵੀ ਨਹੀਂ ਸਾਂ ਕਰਦਾ–ਪਰ ਚਿਹਰੇ ਦੀ ਬਨਾਵਟ, ਮੱਥਾ, ਸਿਰ ਦੇ ਲੰਮੇ ਅਣਵਾਹੇ ਕਾਲੇ ਸਿਆਹ ਵਾਲ, ਗ਼ਮਗੀਨ ਲੱਬੀਆਂ ਹੋਈਆਂ ਕਬੂਤਰੀ ਅੱਖਾਂ, ਮੁਰਝਾਇਆ ਚਿਹਰਾ, ਖ਼ੁਸ਼ਕ ਪਤਲੀਆਂ ਬੁਲ੍ਹੀਆਂ, ਹਲਕੇ ਬਦਾਮੀ ਰੰਗ ਦੀ ਜਾਕਟ ਤੇ ਨੀਲਾ ਰੇਸ਼ਮੀ ਗੌਨ, ਪੈਰਾਂ ਵਿਚ ਕੀਮਤੀ ਗੁਰਗਾਬੀ ਅਜੇ ਵੀ ਸੁੰਦਰਤਾ ਦੀਆਂ ਨਿਸ਼ਾਨੀਆਂ ਸਨ; ਪਰ ਹੱਥ, ਪੈਰ, ਮੂੰਹ, ਲੱਤਾਂ ਅਤੇ ਕਪੜਿਆਂ ਥੀਂ ਸਾਫ਼ ਪ੍ਰਗਟ ਸੀ ਕਿ ਉਸ ਵਿਚਾਰੀ ਨੂੰ ਕਿਤਨੇ ਦਿਨਾਂ ਥੀਂ ਪਾਣੀ ਨਹੀਂ ਮਿਲ ਸਕਿਆ । ਇਸ ਉਜਾੜ ਘਰ ਵਿਚ ਉਹ ਕੀ ਖਾ ਕੇ ਗੁਜ਼ਾਰਾ ਕਰਦੀ ਰਹੀ, ਇਹ ਰੱਬ ਨੂੰ ਹੀ ਪਤਾ ਹੈ, ਅਤੇ ਕਿਵੇਂ ਇਤਨੇ ਦਿਨ ਲੁਕੀ ਰਹੀ, ਮਾਪਿਆਂ ਥੀਂ ਕਿਉਂ ਵਿਛੜੀ– ਇਹ ਹਲੀਨਾ ਦੀ ਵਖਰੀ ਕਹਾਣੀ ਹੈ ।

ਮੈਨੂੰ ਵੇਖਦਿਆਂ ਦੋਵੇਂ ਸਿਪਾਹੀ ਬੋਲ ਪਏ:–

"ਆਓ ਜੀ ! ਹੁਣ ਇਹ ਕਾਬੂ ਆਵੇਗੀ ।"

ਪਰ ਮੇਰੇ ਦੋਵੇਂ ਹੱਥ ਆਪਣੇ ਆਪ ਮੇਰੇ ਕੰਨਾਂ ਨੂੰ ਪੁਜ ਚੁਕੇ ਸਨ ਤੇ ਦਿਲ ਕੰਨ ਨੂੰ ਹੱਥ ਲਾਕੇ ਤੋਬਾ ਕਰ ਰਿਹਾ ਸੀ । ਹਲੀਨਾ ਮੈਨੂੰ ਵੇਖ ਹੋਰ ਵੀ ਘਾਬਰਦੀ ਜਾ ਰਹੀ ਸੀ । ਉਹ ਸੋਚ ਰਹੀ ਹੋਣੀ ਹੈ ਕਿ ਹੁਣ ਬਚਣ ਦਾ ਕੋਈ ਹੀਲਾ ਨਹੀਂ । ਜਦੋਂ ਕਿਸੇ ਦੁਖ ਦੀ ਹੱਦ ਹੋ ਜਾਏ ਤਾਂ ਇਨਸਾਨ ਦੀਆਂ ਦਿਮਾਗ਼ੀ ਸ਼ਕਤੀਆਂ ਮੁਕ ਕੇ ਉਸ ਨੂੰ ਬੇਹੋਸ਼ੀ ਦੀ ਹਾਲਤ ਵਿਚ ਪੁਚਾ ਦਿੰਦੀਆਂ ਹਨ । ਮੇਰੇ ਕੰਨਾਂ ਥੀਂ ਹੱਥ

ਹੇਠਾਂ ਆਏ ਤਾਂ ਮੈਂ ਉਂਗਲ ਦੀ ਸੈਨਤ ਨਾਲ ਉਨ੍ਹਾਂ ਨੂੰ ਮਨ੍ਹਾ ਕੀਤਾ। ਇਹ ਕਿਸੇ ਦੂਜੀ ਫੌਜ ਦੇ ਸਿਪਾਹੀ ਸਨ। ਸ਼ਾਇਦ ਮੇਰੀ ਫੌਜ ਦੇ ਹੁੰਦੇ ਤਾਂ ਰੋਕ ਵੀ ਨਾ ਸਕਦਾ ਅਤੇ ਜੇ ਰੋਕਦਾ ਵੀ ਤਾਂ ਮੇਰੀ ਮੰਨਣੀ ਕਿਸੇ ਨਹੀਂ ਸੀ। ਸਾਥੀਆਂ ਨਾਲ ਵਧੀਕ ਖੁਲ੍ਹਾਂ ਹੁੰਦੀਆਂ ਹਨ, ਪਰ ਦੂਜਿਆਂ ਦੇ ਸਾਮ੍ਹਣੇ ਅਜ ਮੈਂ ਦੇਵਤਾ ਸਾਬਤ ਹੋ ਰਿਹਾ ਸਾਂ। ਹਲੀਨਾ ਉਠ ਖੜੋਤੀ ਅਤੇ ਮੇਰੇ ਸਾਮ੍ਹਣੇ ਆਕੇ ਦੋਵੇਂ ਗੋਡੇ ਧਰਤੀ ਉਪਰ ਟੇਕ ਆਪਣੇ ਦੋਵੇਂ ਨਾਜ਼ਕ ਹਥ ਜੋੜ ਦਿਤੇ। ਉਹੀ ਮੁਹਾਰਨੀ ਜਾਰੀ ਸੀ:–

"ਐਕਸਕਿਊਜ਼ ਮੀ–ਬਰਾਦਰ–ਫ਼ਾਦਰ।"

ਮਿਟੀ ਲਿਬੜੇ ਮੁਖੜੇ ਉਪਰ ਗਰਮ ਗਰਮ ਅਥਰੂਆਂ ਨੇ ਦੋ ਲੰਮੀਆਂ ਅਤੇ ਡੂੰਘੀਆਂ ਲਾਇਨਾਂ ਬਣਾ ਦਿਤੀਆਂ ਸਨ। ਅਥਰੂਆਂ ਦੇ ਇਹ ਦੋਵੇਂ ਦਰਿਆ ਬਰਫ਼ ਵਰਗੇ ਚਿਟੇ ਚਿਹਰੇ ਥੀਂ ਵਗ ਵਗ ਕੇ ਉਸ ਦੀ ਹਿਕ ਉਪਰ ਡਿਗ ਰਹੇ ਸਨ। ਉਸ ਨੇ ਕਈ ਵਾਰੀ ਸਿਰ ਧਰਤੀ ਉਪਰ ਟੇਕਿਆ, ਹਥ ਜੋੜੇ ਤੇ ਹਰ ਵਾਰੀ ਬਰਾਦਰ, ਫ਼ਾਦਰ, ਆਖੀ ਗਈ–ਐਕਸਕਿਊਜ਼ ਮੀ।"

ਮੈਂ ਸਿਪਾਹੀਆਂ ਨੂੰ ਆਖਿਆ:–

"ਚਲੋ ਸ਼ਹਿਰ! ਇਸ ਵਿਚਾਰੀ ਨੂੰ ਕਿਉਂ ਤੰਗ ਕਰਦੇ ਹੋ?" ਸ਼ਹਿਰ ਇਹੋ ਜਹੀਆਂ ਕਈ.........।"

"ਤੰਗ–ਸਰਦਾਰ ਜੀ! ਤੁਸੀਂ ਤਾਂ ਸਿਖ ਹੋ!" ਤੁਹਾਨੂੰ ਨਹੀਂ ਪਤਾ ਸਰਹੱਦੀਆਂ ਨੇ ਸਾਡੇ ਦੇਸ ਦੀਆਂ ਇਸਤ੍ਰੀਆਂ ਨਾਲ ਕੀ ਕੁਝ ਕੀਤਾ?"

"ਹਾਂ, ਹਾਂ, ਮੈਨੂੰ ਯਾਦ ਹੈ, ਜ਼ਰੂਰ ਯਾਦ ਹੈ, ਪਰ ਸਿਖਾਂ ਨੇ ਤਾਂ ਉਨ੍ਹਾਂ ਇਸਤ੍ਰੀਆਂ ਦੀ ਵੀ ਰਾਖੀ ਹੀ ਕੀਤੀ ਸੀ। ਸਰਹੱਦੀਆਂ ਪਾਸੋਂ ਛੁਡਾ ਕੇ ਇੱਜ਼ਤ ਬਚਾਈ।"

"ਚੰਗਾ, ਫਿਰ ਤੁਸੀਂ ਚਲੋ, ਅਸਾਂ ਤੇ ਇਹ ਸ਼ਿਕਾਰ ਨਹੀਂ ਛਡਣਾ।"

"ਚੰਗਾ ਜਿਵੇਂ ਤੁਹਾਡੀ ਮਰਜ਼ੀ; ਪਰ ਤੁਸੀਂ ਇਉਂ ਸੋਚ ਲਵੋ, ਸਾਡੇ ਪਿੰਡ ਫੌਜ ਜਾ ਪੁਜੇ, ਪਿੰਡ ਉਜੜ ਜਾਵੇ, ਦੌਲਤ, ਘਰ ਲੁਟੇ ਜਾਣ, ਮੇਰੀ ਕੋਈ ਅਜ਼ੀਜ ਰਿਸ਼ਤੇਦਾਰ ਲੜਕੀ ਇਸੇ ਤਰ੍ਹਾਂ ਪਿਛੇ ਰਹਿ ਜਾਵੇ ਤੇ ਪੈ ਜਾਵੇ ਗ਼ੈਰਾਂ ਦੇ ਹੱਥ, ਦਸੋ ਮੈਨੂੰ ਜਾਂ ਤੁਹਾਨੂੰ ਕਿਤਨਾ

ਕੁ ਦਰਦ ਪੁਜੇਗਾ ? ਕਸੂਰ ਬਾਦਸ਼ਾਹੀਆਂ ਦਾ ਹੈ ਨਾ ਕਿ ਇਸ ਵਿਚਾਰੀ ਅਬਲਾ ਦਾ ?"

ਹਲੀਨਾ ਸਮਝ ਰਹੀ ਸੀ, ਮੈਂ ਉਸ ਦੇ ਹੱਕ ਵਿਚ ਆਖ ਰਿਹਾ ਹਾਂ। ਹੁਣ ਉਸ ਨੂੰ ਕੁਝ ਸੁਰਤ ਵੀ ਆ ਰਹੀ ਸੀ। ਉਸ ਦੀ ਇਹ ਤਰਸ ਯੋਗ ਹਾਲਤ ਵੇਖਕੇ ਮੇਰੀਆਂ ਅੱਖਾਂ ਵਿਚ ਵੀ ਹੌਲੀ ਹੌਲੀ ਅਥਰੂ ਉਤਰ ਰਹੇ ਸਨ; ਪਰ ਸਿਪਾਹੀਆਂ ਨੇ ਦੋ-ਟੁਕ ਜਵਾਬ ਦਿਤਾ:–

"ਸਾਨੂੰ ਨਸੀਹਤਾਂ ਦੀ ਲੋੜ ਨਹੀਂ। ਅਸੀਂ ਤਾਂ ਇਸ ਨੂੰ......"

ਹਲੀਨਾ ਅਜੇ ਵੀ ਬਰਾਦਰ, ਫ਼ਾਦਰ, ਐਕਸਕਿਊਜ਼ ਮੀ, ਆਖ ਰਹੀ ਸੀ। ਮੈਂ ਬੇ-ਆਸ ਹੋਕੇ ਹਲੀਨਾ ਵਲ ਮੂੰਹ ਕਰਕੇ ਆਖਿਆ:–

"ਨੋ ਬਰਾਦਰ, ਨੋ ਫ਼ਾਦਰ, ਦੇ ਆਰ ਹਸਬੈਂਡ।"

ਪਰ ਉਹ ਕੂਕ ਪਈ:–

"ਨੋ ਮੇਰੀਡ, ਨੋ ਹਸਬੈਂਡ, ਐਕਸਕਿਊਜ਼ ਮੀ, ਫ਼ਾਦਰ, ਬਰਾਦਰ!"

ਹਲੀਨਾ ਹੁਣ ਮੇਰੀਆਂ ਲੱਤਾਂ ਨੂੰ ਚਿਮੜ ਗਈ। ਜਿਹੜੇ ਅਥਰੂ ਕੁਝ ਆਸਰਾ ਤੇ ਤਰਸ ਲੈਕੇ ਥੋੜੇ ਚਿਰ ਲਈ ਬੰਦ ਹੋ ਚੁਕੇ ਸਨ, ਉਨ੍ਹਾਂ ਫਿਰ ਫੁਹਾਰ ਲਾ ਦਿਤੀ। ਮੈਂ ਮਹਿਸੂਸ ਕਰ ਰਿਹਾ ਸਾਂ ਹਲੀਨਾ ਦੇ ਗਰਮ ਗਰਮ ਅਥਰੂ ਮੇਰੀ ਪਤਲੂਣ ਉਪਰ ਡਿਗ ਕੇ ਬੂਟਾਂ ਨੂੰ ਚੀਰਦੇ ਹੋਏ ਪੈਰਾਂ ਵਿਚ ਗਰਮ ਗਰਮ ਸਲਾਖਾਂ ਵਾਂਗ ਸੁਰਾਖ ਕਟ ਰਹੇ ਸਨ। ਜ਼ਬਰਦਸਤੀ ਮੇਰਾ ਖੱਬਾ ਹੱਥ ਉਸ ਦੇ ਸਿਰ ਉਪਰ ਟਿਕ ਗਿਆ। ਮੇਰੀਆਂ ਮੋਟੀਆਂ ਮੋਟੀਆਂ ਉਂਗਲਾਂ ਉਸ ਦੇ ਅਣ-ਵਾਹੇ ਮਿੱਟੀ ਵਿਚ ਰੁਲੇ ਖੁਲ੍ਹੇ ਵਾਲਾਂ ਦੇ ਅੰਦਰ ਫਿਰਨ ਲੱਗੀਆਂ। ਹੁਣ ਮੇਰੀਆਂ ਅੱਖਾਂ ਵਿਚੋਂ ਵੀ ਟਪ ਟਪ ਕਰਕੇ ਅਥਰੂ ਡਿਗ ਚੁਕੇ ਸਨ। ਮੈਂ ਸਮਝ ਰਿਹਾ ਸਾਂ ਕਿ ਦੋ ਹਿਕੜੀਆਂ ਦੇ ਅੱਥਰੂਆਂ ਨੇ ਹੁਣ ਸਿਪਾਹੀਆਂ ਨੂੰ ਵੀ ਕੁਝ ਨਾ ਕੁਝ ਨਰਮ ਕਰ ਹੀ ਦਿਤਾ ਸੀ।

ਉਹ ਆਖਣ ਲਗੇ:–

"ਜੇ ਅਸੀਂ ਇਹਨੂੰ ਛਡ ਦੇਈਏ ਤਾਂ ਇਹ ਕਿਧਰ ਜਾਊ ?"

ਮੈਂ ਉਸ ਪਾਸੋਂ ਪੁਛਿਆ:–ਮੈਂ ਸਮਝ ਰਿਹਾ ਸਾਂ ਹੁਣ ਕੰਮ ਬਣ ਜਾਵੇਗਾ ?"

"ਯੂਅਰ ਨੇਮ ?"

"ਹਲੀਨਾ।"

"ਯੂਅਰ ਹੋਮ ?"

"ਦਿਸ।"

"ਯੂਅਰ ਫ਼ਾਦਰ, ਬਰਾਦਰ ?"

"ਡੋਂਟ ਨੋ।"

ਹਲੀਨਾ ਉਠ ਖਲੋਤੀ। ਉਸ ਨੂੰ ਵੀ ਆਸ ਬਝ ਗਈ ਕਿ ਮੈਂ ਮੈਂ ਹੁਣ ਛਡ ਦਿਤੀ ਜਾਵਾਂਗੀ। ਸੂਰਜ ਦੁਰਾਡੇ ਉਫ਼ਕ ਵਿਚ ਕਿਸੇ ਦੂਜੀ ਦੁਨੀਆਂ ਨੂੰ ਜਾ ਰਿਹਾ ਸੀ। ਕੋਠੀਆਂ ਦੇ ਵਸਨੀਕ ਭਾਵੇਂ ਉਜੜ ਪੁਜੜ ਕੇ ਦਰ ਬਦਰ ਧਕੇ ਖਾਣ ਲਈ ਚਲੇ ਗਏ ਸਨ; ਪਰ ਬਾਗ਼ ਦੇ ਵਸਨੀਕ ਪੰਖੇਰੂ ਰੈਨ ਬਸੇਰਾ ਕਰਨ ਲਈ ਦਰਖਤਾਂ ਦੇ ਪਤਿਆਂ ਵਿਚ ਆਪੋ ਆਪਣੀ ਥਾਂ ਲਭਣ ਲਈ ਚੀਕ ਚਿਹਾੜਾ ਪਾਰਹੇ ਸਨ। ਸੂਰਜ ਦੀ ਸੁਰਖੀ ਹੌਲੀ ਹੌਲੀ ਰਾਤ ਦੇ ਅਨ੍ਹੇਰੇ ਵਿਚ ਗਾਇਬ ਹੋ ਰਹੀ ਸੀ।

ਮੈਂ ਹਲੀਨਾ ਦੇ ਦੋਵੇਂ ਜੁੜੇ ਹੋਏ ਹੱਥ ਫੜ ਕੇ ਉਸ ਨੂੰ ਉਪਰ ਉਠਾਇਆ। ਉਹ ਸਿੱਧੀ ਖੜੋ ਗਈ। ਮੋਤੀ ਧੂੜ ਮਿੱਟੀ ਵਿਚ ਭੀ ਲਿਸ਼ਕਾਰੇ ਮਾਰਦਾ ਹੈ, ਇਸੇ ਤਰ੍ਹਾਂ ਉਹ ਸਤਵੰਤੀ ਆਪਣੇ ਆਪ ਨੂੰ ਬਚਾ ਕੇ ਚਮਕ ਉੱਠੀ। ਭੁਖੀ ਤਿਹਾਈ ਤੇ ਮਿਟੀ ਵਿਚ ਰੁਲੀ ਹੋਈ ਦਾ ਵੀ ਚਿਹਰਾ ਖਿੜ ਪਿਆ। ਹੋਠਾਂ ਉਪਰ ਮੁਸਕਣੀ ਆਈ। ਮੁਰਝਾਈਆਂ ਗਲ੍ਹਾਂ ਸੁਰਖ ਹੋ ਗਈਆਂ। ਭਾਵੇਂ ਮੈਂ ਸਮਝਦਾ ਸਾਂ ਮੇਰੇ ਸਾਥੀ ਸਿਪਾਹੀਆਂ ਨੇ ਉਸ ਨੂੰ ਛੱਡ ਦਿਤਾ ਹੈ; ਪਰ ਫਿਰ ਵੀ ਮੈਂ ਪੁਛਿਆ:-

"ਕਿਉਂ ਜੀ ! ਯਿਹ ਚਲੀ ਜਾਏ।"

"ਹਾਂ, ਜਾ ਸਕਤੀ ਹੈ, ਹਮ ਤੋ ਨਾ ਛੋੜਤੇ, ਲੇਕਿਨ ਆਪ ਕੀ ਮਰਜ਼ੀ।"

ਮੈਂ ਹਲੀਨਾ ਵਲ ਵੇਖ ਕੇ ਆਖਿਆ:-

"ਗੋ !"

ਉਸ ਨੇ ਦੋਵੇਂ ਮਿੱਟੀ ਲਿਬੜੇ ਹੱਥ ਮੂੰਹ ਉਪਰ ਫੇਰੇ, ਅੱਥਰੂਆਂ ਦੀਆਂ ਧਾਰੀਆਂ ਸਾਰੇ ਚਿਹਰੇ ਉਪਰ ਖਿਲਰ ਗਈਆਂ। ਦੋਹਾਂ ਗੋਡਿਆਂ ਥੀਂ ਮਿੱਟੀ ਝਾੜੀ, ਸਿਰ ਦੇ ਖਲੇਰੇ ਵਾਲ ਮੁਖੜੇ ਥੀਂ ਪਿਛੇ ਕੀਤੇ ਅਤੇ ਜਿਸ ਸ਼ਾਨਦਾਰ ਭਰਪੂਰ ਕੋਠੀ ਨੂੰ ਸਜਿਆ ਸਜਾਇਆ ਛੱਡ ਕੇ ਉਸ

ਦੇ ਮਾਪੇ ਅੱਜ ਥੀਂ ਹਫ਼ਤਾ ਪਹਿਲਾਂ ਤਿਆਗ ਗਏ ਸਨ, ਉਸੇ ਕੋਠੀ ਨੂੰ ਆਪਣੀਆਂ ਅੱਖਾਂ ਨਾਲ ਉਜੜਿਆ ਵੇਖ ਹਲੀਨਾ ਵੀ ਖੁਲ੍ਹੇ ਫਾਟਕ ਵਿਚੋਂ ਬਾਹਰ ਨਿਕਲ ਗਈ। ਅਸੀਂ ਵੀ ਤਿੰਨੇ ਆਪਣੇ ਕੈਂਪ ਨੂੰ ਮੁੜ ਪਏ, ਕਿਉਂ ਜੁ ਸ਼ਹਿਰ ਦੀ ਸੈਰ ਦਾ ਵੇਲਾ ਮੁਕ ਢੁਕਿਆ ਸੀ। ਜਿਥੇ ਮੇਰੇ ਹਿਰਦੇ ਵਿਚ ਖੁਸ਼ੀ ਦੀਆਂ ਲਹਿਰਾਂ ਠਾਠਾਂ ਮਾਰਦੀਆਂ ਸਨ: ਉਥੇ ਉਹ ਦੋਵੇਂ ਸਿਪਾਹੀ ਨਿਰਾਸ ਸਨ:-

"ਸਰਦਾਰ ਜੀ! ਤੁਮ ਨੇ ਸੁਸਰੀ ਕੋ ਛੁੜਾ ਦੀਆ, ਅਬ ਜਾਇਗੀ ਕਹਾਂ, ਕਹੀਂ ਔਰ ਜਾ ਫੰਸੇਗੀ।"

"ਆਪ ਕੀ ਮਿਹਰਬਾਨੀ, ਉਸ ਕੀ ਕਿਸਮਤ।"

ਹਲੀਨਾ ਦੂਰ ਜਾ ਢੁਕੀ ਸੀ, ਉਹ ਸਬੁਗਤਗੀਨ ਦੀ ਹਰਨੀ ਵਾਂਗ ਕਈ ਵਾਰੀ ਪਿਛੇ ਮੁੜ ਮੁੜ ਕੇ ਵੀ ਵੇਖ ਲੈਂਦੀ ਸੀ। ਦੂਜੀ ਵਾਰੀ ਕਿਵੇਂ ਅਤੇ ਕਿਥੇ ਮਿਲੀ--'ਯਸੂ' ਦੀ ਕਹਾਣੀ ਵਿਚ ਪੜ੍ਹੋ।

# ਯਸੂ ਦੀ ਜਨਮ ਭੂਮੀ

ਝੀਲ ਮੁਰਦਾਰ ਦੇ ਪਾਣੀ ਵਿਚ ਕੋਈ ਇਹੋ ਜਹੀ ਤਾਕਤ ਹੈ ਕਿ ਇਹ ਕਿਸੇ ਚੀਜ਼ ਨੂੰ ਹੇਠਾਂ ਨਹੀਂ ਜਾਣ ਦਿੰਦੀ—ਨਾ ਹੀ ਇਸ ਵਿਚ ਕੋਈ ਜਾਨਦਾਰ ਚੀਜ਼ ਜੀਉਂਦੀ ਰਹਿ ਸਕਦੀ ਹੈ। ਝੀਲ ਦੇ ਇਰਦੇ ਗਿਰਦੇ ਦੀ ਸਾਰੀ ਧਰਤੀ ਚਿੱਟੀ ਸੁਫ਼ੇਦ ਬਿਲਕੁਲ ਹੀ ਕਲਰੀ ਹੈ। ਦਿਨੇ ਇਸ ਫ਼ਾਇਰਿੰਗ ਲਾਇਨ ਦੀ ਰਾਖੀ ਦੋ ਚਾਰ ਪੋਸਟਾਂ ਰਾਹੀਂ ਹੁੰਦੀ ਸੀ; ਪਰ ਰਾਤ ਨੂੰ ਇਹ ਇਲਾਕਾ ਗਸ਼ਤ ਕਰਨ ਲਈ ਸਵਾਰੀ ਫੌਜ ਦੇ ਹਵਾਲੇ ਕਰ ਦਿਤਾ ਜਾਂਦਾ। ਇਸ ਇਲਾਕੇ ਵਿਚ "ਬਦੂ" ਲੋਕ ਬੜੇ ਸਨ। ਉਪਰ ਤਿਕੋਨਾ ਰੰਗ ਬਰੰਗਾ ਰੁਮਾਲ ਅਤੇ ਉਸ ਦੇ ਉਪਰ ਉਨ ਦਾ ਕਾਲਾ ਡੂਢ ਗਜ਼ ਰੱਸਾ, ਜਿਹੜਾ ਰੁਮਾਲ ਨੂੰ ਹਿੱਲਣ ਨਹੀਂ ਸੀ ਦਿੰਦਾ। ਪਿੱਠ ਪਿਛੇ ਬੰਦੂਕ, ਹੇਠਾਂ ਘੋੜਾ ਤੇ ਗਲ ਵਿਚ ਕਾਰਤੂਸਾਂ ਵਾਲੀ ਪੇਟੀ, ਇਹ ਚਵ੍ਹੀਂ ਪਾਸੀਂ ਹਰਲ ਹਰਲ ਕਰਦੇ ਫਿਰਦੇ ਸਨ। ਇਨ੍ਹਾਂ ਦੀ ਦੇਸੀ ਅਤੇ ਫੌਜੀ ਵਰਦੀ ਵਿਚ ਬੜਾ ਘਟ ਫ਼ਰਕ ਹੈ, ਕੇਵਲ ਇਤਨਾ ਕਿ ਉਹ ਭਾਂਤ ਭਾਂਤ ਦੇ ਕਪੜੇ ਦੀ ਥਾਂ ਇਕੋ ਹੀ ਕਪੜੇ ਦੀ ਹੈ।

ਯਸੂ ਦੀਆਂ ਅੱਖਾਂ ਵਿਚ, ਹੱਥਾਂ ਦੀਆਂ ਉਂਗਲਾਂ ਵਿਚ, ਯਸੂ ਦੀ ਜ਼ਬਾਨ ਵਿਚ, ਯਸੂ ਦੇ ਕਦਮਾਂ ਵਿਚ ਬੜੀ ਤਾਕਤ ਸੀ। ਯਸੂ ਰੱਬ ਦਾ ਪੁਤਰ ਸੀ। ਇਕ ਟੋਕਰੀ ਵਿਚ ਦੋ ਚਾਰ ਰੋਟੀਆਂ ਰਖ ਕੇ ਸੈਂਕੜੇ ਬੰਦਿਆਂ ਵਿਚ ਯਸੂ ਨੇ ਵੰਡੀਆਂ ਸਨ। "ਬੇਤੁਲ ਮੁਕੱਦਸ" (ਯੋਰੂਸ਼ਲਮ) ਤੋਂ ਹੇਠਾਂ ਇਕ ਥਾਂ ਯਸੂ ਨੇ ਪੂਰੇ ਚਾਲ੍ਹੀ ਦਿਨ ਭੁਖੇ ਤਿਹਾਏ ਰੱਬ ਦੀ ਭਗਤੀ ਕੀਤੀ। ਇਸ ਥਾਂ ਨੂੰ 'ਦੋਜ਼ਖ' ਆਖਿਆ ਜਾਂਦਾ ਹੈ। ਸਾਡੇ ਪੜੱਾ ਕਰਨ ਸਮੇਂ ਵੀ ਇਹ ਦੋਜ਼ਖ਼ ਹੀ ਸੀ।

ਬਿਸਤਰਿਆਂ ਵਿਚ ਭੀ ਰਾਤ ਨੂੰ ਸੁੱਤਿਆਂ ਸੱਪ ਅਤੇ ਠੂਹੇਂ ਮੌਜੂਦ ਸਨ; ਪਰ ਕਲਰੀ ਧਰਤੀ ਹੋਣ ਕਰਕੇ ਇਨ੍ਹਾਂ ਵਿਚੋਂ ਜ਼ਹਿਰ ਉੱਕਾ ਹੀ ਮਰ ਚੁਕਿਆ ਸੀ। ਥੋੜੀ ਹੀ ਵਿੱਥ ਉਪਰ ਇਕ ਪਹਾੜੀ ਦੀ ਉਚੀ ਚਟਾਨ ਉਪਰ ਯਸੂ ਦੀ ਮੁਤਬੱਰਕ ਥਾਂ ਹੈ, ਜਿਥੇ ਚਾਲ੍ਹੀ ਦਿਨਾਂ ਦੀ ਤਪੱਸਿਆ ਮਗਰੋਂ ਰੱਬੀ ਜਲਵਾ ਯਸੂ ਨੂੰ ਨਜ਼ਰੀਂ ਆਇਆ ਸੀ। ਜਦੋਂ ਅਸੀਂ ਇਥੇ ਪੁਜੇ ਇਹ ਦੁਪਹਿਰ ਦਾ ਖਾਣਾ ਖਾਣ ਲਗੇ ਸਨ। ਪੁਰਾਣੇ ਤਾਰੀਖੀ ਮਿੱਟੀ ਦੇ ਬਰਤਨਾਂ ਵਿਚ ਸਾਨੂੰ ਵੀ ਰੋਟੀ ਅਤੇ ਦਹੀਂ ਆਲੂ ਖਾਣ ਲਈਂ ਦਿਤਾ ਗਿਆ। ਕਿਤਨਾ ਸੁਵਾਦ ਸੀ ਯਸੂ ਦੇ ਇਸ ਪ੍ਰਸ਼ਾਦੇ ਵਿਚ। ਇਕ ਵਡੀ ਤਖ਼ਤੀ ਉਪਰ ਇਸ ਥਾਂ ਦੇ ਪ੍ਰਗਟ ਹੋਣ ਦੀ ਸਾਰੀ ਸਾਖੀ ਬੜੇ ਦਰਦਨਾਕ ਸ਼ਬਦਾਂ ਵਿਚ ਲਿਖੀ ਹੋਈ ਹੈ। ਇਸ ਪਹਾੜੀ ਉਪਰ ਜਾਣ ਵਾਲੇ ਵੀ ਆਪਣੀ ਵਲੋਂ ਚਾਰ ਸਤਰਾਂ, ਦਿਨ, ਤਾਰੀਖ, ਇਕ ਰਜਿਸਟਰ ਉਪਰ ਲਿਖ ਆਉਂਦੇ ਹਨ। ਸਾਡਾ ਕੈਪਟਨ "ਬ੍ਰਿਡ ਫੋਰਡ" ਇਸ ਦੁਖਦਾਈ ਤਪੱਸਿਆ ਵਾਲੀ ਥਾਂ ਨੂੰ ਵੇਖ ਬੜਾ ਚਿਰ ਢਾਹੀਂ ਮਾਰ ਕੇ ਬੱਚਿਆਂ ਵਾਂਗ ਰੋਂਦਾ ਰਿਹਾ—ਜਿਵੇਂ ਮੇਤੇ ਅੱਥਰੂ ਵੀ ਕਿਰੇ ਸਨ ਸਰਹਿੰਦ ਜਾਕੇ, ਉਸ ਥਾਂ ਨੂੰ ਵੇਖ, ਜਿਥੇ ਮਾਸੂਮ ਬਚਿਆਂ ਨੂੰ ਜੀਉਂਦਾ ਕੰਧਾਂ ਵਿਚ ਚਿਣ ਦਿਤਾ ਗਿਆ ਸੀ।

ਇਥੋਂ ਕੂਚ ਕਰਨ ਮਗਰੋਂ ਕਦਮ-ਬ-ਕਦਮ ਚੜ੍ਹਾਈ ਹੀ ਹੈ ਅਤੇ ਜਿਉਂ ਜਿਉਂ ਚੜ੍ਹਾਈ ਚੜ੍ਹਦੇ ਚਲੀਏ, ਗਰਮੀ, ਤਪਸ਼ ਅਤੇ ਦੋਜ਼ਖ ਦਾ ਪੌਣ ਪਾਣੀ ਮੁਕ ਮੁਕਾਕੇ ਸਰਸਬਜ਼, ਸੁਹਾਵਣੇ ਅਤੇ ਠੰਢਕ ਪੁਚਾਵਣ ਵਾਲੇ ਯੋਰੂਸ਼ਲਮ ਵਿਚ ਪੁਜਦੇ ਜਾਈਦਾ ਹੈ। ਜਿਵੇਂ ਰਾਵਲਪਿੰਡੀ ਥੀਂ ਮਰੀ ਰੋਡ ਉਪਰ ਗਿਆਂ ਕਸ਼ਮੀਰ ਦੀ ਆਸ ਲਗ ਜਾਂਦੀ ਹੈ, ਇਸੇ ਤਰ੍ਹਾਂ ਅਸੀਂ ਵੀ ਠੰਢਕ ਵਲ ਨੂੰ ਜਾ ਰਹੇ ਸਾਂ। ਦੋਜ਼ਖ਼ ਵਿਚੋਂ ਨਿਕਲ ਕੇ ਇਹ ਸਫ਼ਰ ਅਸਾਂ ਦੋ ਵਾਰੀ ਕੀਤਾ। ਇਕ ਵਾਰੀ ਝੀਲ ਮੁਰਦਾਰ ਉਪਰ ਡਿਊਟੀ ਦੇਣ ਜਾਂਦਿਆਂ ਅਤੇ ਦੂਜੀ ਵਾਰੀ ਇਸ ਫਰੰਟ ਲਾਇਨ ਨੂੰ ਦੂਜੀ ਫੌਜ ਦੇ ਹਵਾਲੇ ਕਰਕੇ ਆਰਾਮ ਲੈਣ ਲਈ ਪਿਛੇ ਆਉਂਦਿਆਂ। ਪੰਜ ਕੁ ਵਜੇ ਸ਼ਾਮ ਨੂੰ ਅਸੀਂ 'ਬੇਤੁਲਮੁਕੱਦਸ' ਪੁਜੇ। ਮੀਂਹ ਪੈ ਰਿਹਾ ਸੀ। ਜਿਥੇ ਵੀ ਖੜੋਂਦੇ, ਸੜਕ ਦੇ ਕਿਨਾਰੇ ਸੰਗਤਰੇ ਵੇਚਣ ਵਾਲਿਆਂ ਦੀਆਂ ਭੀੜਾਂ ਜੁੜ ਪੈਂਦੀਆਂ। ਅਖੀਰ ਇਥੋਂ ਵੀ ਕੂਚ ਕਰਕੇ 'ਮਰਯਮ' ਦੇ ਸਹੁਰੇ ਪਿੰਡ, ਜਿਥੋਂ ਦਾ ਯੂਸਫ਼ ਸੀ, 'ਬੈ ਤੁਲ ਹਲਮ'

ਆਣ ਕੈਂਪ ਕੀਤਾ। 'ਬੈਤੁਲ ਮੁਕੱਦਸ' ਚੰਗਾ ਤਕੜਾ ਇਤਿਹਾਸਕ ਸ਼ਹਿਰ ਹੈ ਤੇ ਤਿੰਨ ਚਾਰ ਮੀਲ ਦੀ ਵਿਥ ਉਪਰ ਪਹਾੜੀ ਉਪਰੋਂ ਹੇਠਾਂ ਉਤਰ ਕੇ 'ਬੈਤੁਲ ਹਲਮ' ਯਸੂ ਦਾ ਨਾਨਕਾ ਪਿੰਡ ਮਾਮੂਲੀ ਜਹੀ ਵਸਤੀ ਹੈ। ਯੂਰੋਸ਼ਲਮ ਜਾਂ ਬੈਤੁਲ ਮੁਕੱਦਸ ਵਿਚ ਵੇਖਣ ਲਈ ਕਈ ਇਮਾਰਤਾਂ ਅਤੇ ਇਤਿਹਾਸਕ ਯਾਦਗਾਰਾਂ ਹਨ, ਪਰ ਯੂਸਫ਼ ਦੇ ਪਿੰਡ ਸਿਰਫ਼ ਮਰਯਮ ਦੇ ਸਹੁਰੇ ਘਰ ਦੇ ਸਿਵਾਇ ਹੋਰ ਕੋਈ ਥਾਂ ਵੇਖਣ ਵਾਲੀ ਨਹੀਂ। ਮਰਯਮ ਅਤੇ ਯੂਸਫ਼ ਇਨ੍ਹਾਂ ਦੋ ਪਿੰਡਾਂ ਦੇ ਵਿਚਕਾਰ ਆਕੇ ਆਪੋ ਆਪਣੇ ਵੱਜੜ ਚਾਰਿਆ ਕਰਦੇ ਸਨ। ਸ਼ਾਇਦ ਉਦੋਂ ਮਰਯਮ ਯੂਸਫ਼ ਨਾਲ ਮੰਗੀ ਹੋਈ ਨਹੀਂ ਸੀ। ਅਖੀਰ ਮੰਗੀ ਭੀ ਗਈ ਅਤੇ ਸ਼ਾਦੀ ਤੋਂ ਪਹਿਲਾਂ ਹੀ ਮਰਯਮ ਹਾਮਲਾ ਭੀ ਹੋ ਗਈ। ਇਸ ਜ਼ਮਾਨੇ ਦੇ ਪਾਤਸ਼ਾਹ ਨੂੰ ਕੰਸ ਵਾਂਗ ਨਜੂਮੀਆਂ ਨੇ ਆਖਿਆ ਸੀ ਕਿ ਕ੍ਰਿਸ਼ਨ ਵਾਂਗ ਇਕ ਰੱਬ ਦਾ ਪੁਤਰ ਪੈਦਾ ਹੋਵੇਗਾ, ਜਿਹੜਾ ਨਵਾਂ ਮਜ਼ਬ ਚਲਾ ਕੇ ਯਹੂਦਾ ਦੀ ਸਲਤਨਤ ਦਾ ਖ਼ਾਤਮਾ ਕਰ ਦਏਗਾ। ਬਾਦਸ਼ਾਹ ਨੇ ਹੁਕਮ ਦੇ ਦਿਤਾ ਕਿ ਜਿਹੜਾ ਵੀ ਬੱਚਾ ਪੈਦਾ ਹੋਵੇ ਮਾਰ ਦਿਤਾ ਜਾਵੇ, ਪਰ ਜਦੋਂ ਮਰਯਮ ਨੇ ਬੱਚਾ ਜਣਿਆ ਤਾਂ ਉਸ ਨਿਕੇ ਮਾਸੂਮ ਯਸੂ ਨੂੰ ਜਾਨਵਰਾਂ ਦੇ ਚਾਰੇ ਹੇਠਾਂ ਖੁਰਲੀ ਵਿਚ ਲੁਕਾ ਦਿਤਾ ਗਿਆ ਅਤੇ ਅਖੀਰ ਜਿਵੇਂ ਕ੍ਰਿਸ਼ਨ ਨੂੰ ਜਮਨਾ ਤੋਂ ਪਾਰ ਗਵਾਲਿਆਂ ਪਾਸ ਘਲ ਦਿਤਾ ਗਿਆ ਸੀ, ਇਸੇ ਤਰ੍ਹਾਂ ਯਸੂ ਨੂੰ ਪਰਲੇ ਪਿੰਡ ਪਾਲਣ ਪੋਸਣ ਲਈ ਭੇਜ ਦਿਤਾ ਗਿਆ। ਜੇ ਮਰਯਮ ਵਿਆਹੀ ਹੋਈ ਹੁੰਦੀ ਤਾਂ ਯਸੂ ਨੂੰ ਵੀ ਬਾਕੀ ਬਚਿਆਂ ਵਾਂਗ ਜ਼ਰੂਰ ਮਾਰ ਦਿਤਾ ਜਾਂਦਾ। ਅਖ਼ੀਰ ਫ਼ਾਖ਼ਤਾ (ਘੁਗੀ) ਦੀ ਸ਼ਕਲ ਵਿਚ ਰੱਬੀ ਨੂਰ ਯੂਸਫ਼ ਉਪਰ ਨਾਜ਼ਲ ਹੋਇਆ ਅਤੇ ਸੁਫਨੇ ਵਿਚ ਸਾਰੀ ਸਾਖੀ ਸੁਣਾਈ ਗਈ।

ਕੈਂਪ ਵਿਚੋਂ ਸੈਰ ਲਈ ਅਸੀਂ ਯਸੂ ਦੀ ਜਨਮਭੂਮੀ ਵਿਚ ਜਾ ਪੁਜੇ। ਫਿਰ ਵੀ ਪਹਾੜੀ ਦੀ ਸੜਕ ਚੜ੍ਹਦਿਆਂ ਸ਼ਹਿਰ ਦੇ ਉਰਲੇ ਪਾਸੇ ਹੀ ਵਡੇ ਬਜ਼ਾਰ ਤੋਂ ਲੰਘਕੇ ਚੌਂਕ ਵਿਚ ਦਸ ਪੰਦਰਾਂ ਬੜੀਆਂ ਹੀ ਸ਼ਾਨਦਾਰ ਦੁਕਾਨਾਂ ਹਨ ਅਤੇ ਇਨ੍ਹਾਂ ਸਾਰੀਆਂ ਦੁਕਾਨਾਂ ਉਪਰ ਮਾਲਾਂ, ਯਸੂ ਦੇ ਵਨ-ਸਵੰਨੇ ਲਾਕਟ, ਗਲ ਵਿਚ ਪਾਉਣ ਵਾਲੇ ਸਲੀਬ, ਮਰਯਮ ਅਤੇ ਯਸੂ ਦੀਆਂ ਇਤਿਹਾਸਕ ਤਸਵੀਰਾਂ, ਅੰਜੀਲ ਅਤੇ ਈਸਾਈ ਮਜ਼ਬ

ਦੀਆਂ ਦੂਜੀਆਂ ਕਿਤਾਬਾਂ—ਜਿਵੇਂ ਹਰਦਵਾਰ, ਹਰ ਕੀ ਪੌੜੀ ਥੀਂ ਬਾਹਰ ਗੰਗਾ ਜਲ ਪਾਉਣ ਲਈ ਟੀਨ ਦੀਆਂ ਕੁਪੀਆਂ, ਮਾਲਾ, ਖੜਾਵਾਂ, ਚਿਮਟੇ ਤੇ ਹੋਰ ਚੀਜ਼ਾਂ ਵਿਕਦੀਆਂ ਹਨ—ਇਨ੍ਹਾਂ ਦੁਕਾਨਾਂ ਦਾ ਵੀ ਇਹੋ ਹੀ ਹਾਲ ਸੀ ਅਤੇ ਨਾਲ ਸਾਰੇ ਤੀਰਥਾਂ ਵਾਂਗੂ ਪੰਜ ਰੁਪਏ ਮੁਲ ਕਰਕੇ ਅਖੀਰ ਪੰਜ ਆਨੇ ਨੂੰ ਵੇਚ ਲੈਂਦੇ ਸਨ। ਜੇ ਤਾਂ ਯਾਤਰੂ ਮਜ਼੍ਹਬੀ ਖਿਆਲਾਂ ਦਾ ਚੁਪੀਤਾ ਹੈ ਤਾਂ ਪਹਿਲੇ ਤੌਰ ਹੀ ਪੂਰਾ ਮੁਲ ਤਾਰ ਗਿਆ, ਨਹੀਂ ਤਾਂ ਜਿਥੇ ਡਿਗਿਆ ਡੋਗ ਲਿਆ। ਚੌਂਕ ਵਿਚੋਂ ਪਾਰ ਹੋਕੇ ਸਾਹਮਣੇ ਵੀਹ ਪੰਝੀ ਫੁਟ ਉਚਾ ਦਰਵਾਜ਼ਾ ਹੈ। ਦਰਵਾਜ਼ੇ ਉਪਰ ਨਜ਼ਰ ਪੈਂਦਿਆਂ ਹੀ ਇਸ ਮੁਕੱਦਸ ਥਾਂ ਦੀ ਅਜ਼ਮਤ ਦਿਲ ਉਪਰ ਆਣ ਪੈਂਦੀ ਹੈ। ਦਰਵਾਜ਼ਾ ਮੂੰਹ ਤੋਂ ਬੋਲ ਕੇ ਆਖ ਰਿਹਾ ਹੈ ਕਿ ਇਸ ਨੂੰ ਕਈ ਵਾਰ ਅੱਗ ਲਾ ਕੇ ਸਾੜਨ ਦੀ ਕੋਸ਼ਿਸ਼ ਕੀਤੀ ਗਈ ਹੈ। ਸੜੇ ਹੋਏ ਦਰਵਾਜ਼ੇ ਨੂੰ ਨਵੇਂ ਸਿਰਿਓਂ ਮੁਰੰਮਤ ਨਹੀਂ ਕੀਤਾ ਗਿਆ, ਸਗੋਂ ਗੈਰ ਈਸਾਈਆਂ ਦੇ ਜ਼ੁਲਮਾਂ ਨੂੰ ਕਾਇਮ ਰਖਣ ਲਈ ਵਧ ਤੋਂ ਵਧ ਸੜੇ ਹੋਏ ਹਿਸੇ ਅਜ ਤਕ ਕਾਇਮ ਰਖੇ ਗਏ ਹਨ। ਦਰਵਾਜ਼ੇ ਤੋਂ ਅੰਦਰ ਵਿਹੜੇ ਵਿਚ ਉਹ ਲੰਮੀ ਖੁਰਲੀ ਮੌਜੂਦ ਹੈ ਜਿਥੇ ਕਵਾਰੀ ਮਰਯਮ ਨੇ ਆਪਣੇ ਬਚੇ ਨੂੰ ਸਮੇਂ ਦੇ ਹਾਕਮਾਂ ਤੋਂ ਡਰਦਿਆਂ ਲੁਕਾ ਦਿਤਾ ਸੀ। ਵਿਹੜੇ ਵਿਚੋਂ ਲੰਘਕੇ ਸਾਹਮਣੇ ਇਕ ਗਿਰਜਾ ਹੈ, ਜਿਸ ਦੀਆਂ ਤਿੰਨ ਲੰਮੀਆਂ ਬਾਹੀਆਂ ਹਨ, ਜਿਨ੍ਹਾਂ ਵਿਚ ਕੁਰਸੀਆਂ ਮੌਜੂਦ ਹਨ। ਕਰਾਸ ਵਾਲੀ ਥਾਂ ਉਪਰ ਪਾਦਰੀ ਲਈ ਡੈਸ (ਪਲੇਟ ਫ਼ਾਰਮ) ਬਣਿਆ ਹੋਇਆ ਹੈ। ਪਾਦਰੀ ਡੈਸ ਉਪਰ ਖੜਾ ਹੋਕੇ ਤਿੰਨੇ ਪਾਸੇ ਪ੍ਰਾਰਥਨਾ ਕਰਵਾ ਸਕਦਾ ਹੈ। ਹਰ ਇਕ ਕੁਰਸੀ ਦੀ ਪਿਠ ਉਪਰ ਡੈਸਕ ਵਾਂਗੂ ਅੰਜੀਲ ਰਖਣ ਦੀ ਥਾਂ ਮੌਜੂਦ ਹੈ। ਗਿਰਜੇ ਦੀਆਂ ਧੁਆਖੀਆਂ ਹੋਈਆਂ ਕੰਧਾਂ ਅਤੇ ਸੜੀ ਹੋਈ ਛੱਤ ਗੈਰ ਈਸਾਈਆਂ ਦੇ ਜ਼ੁਲਮ ਦੀ ਪ੍ਰਤੱਖ ਨਿਸ਼ਾਨੀਆਂ ਹਨ। ਗਿਰਜੇ ਤੋਂ ਬਾਹਰ ਨਿਕਲਕੇ ਸਾਨੂੰ ਯਸੂ ਦੀ ਜਨਮ ਭੂਮੀ ਵਿਚ ਲਿਜਾਇਆ ਗਿਆ। ਇਹ ਮੁਤਬੱਰਕ ਨਿੱਕੀ ਕੋਠੜੀ ਜਨਮ ਅਸਥਾਨ ਨਨਕਾਣਾ ਸਾਹਿਬ ਜਿਤਨੀ ਹੀ ਹੈ—ਜਿਥੇ ਮਾਤਾ ਮਰਯਮ ਦੇ ਪੇਟ ਵਿਚੋਂ ਯਸੂ ਨੇ ਸੰਸਾਰ ਵਿਚ ਜਨਮ ਲਿਆ। ਇਸ ਥਾਂ ਦਾ ਫਰਸ਼ ਪਿੱਤਲ ਮਿਲੇ ਸੋਨੇ ਨਾਲ ਮੜ੍ਹਿਆ ਹੋਇਆ ਹੈ। ਪ੍ਰਸੂਤਾ ਦੇ

ਜਨਮ ਵਾਲੀ ਥਾਂ ਸੂਰਜ ਅਤੇ ਸੂਰਜ ਦੀਆਂ ਕਿਰਨਾਂ ਧਰਤੀ ਉਪਰ ਸੁਨਹਿਰੀ ਨਕਸ਼ਾਂ ਵਿਚ ਬਣੀਆਂ ਹੋਈਆਂ ਹਨ। ਸਾਹਮਣੇ ਵਡੇ ਕਮਰੇ ਵਿਚ ਤਕਰੀਬਨ ਸਾਰੇ ਹੀ ਈਸਾਈ ਪਾਤਸ਼ਾਹੀਆਂ ਦੇ ਤੁਹਫੇ ਮੌਜੂਦ ਹਨ, ਜਿਨ੍ਹਾਂ ਉਪਰ ਪੁਰਾਣੇ ਬਾਦਸ਼ਾਹਾਂ, ਮਲਕਾਂ, ਸ਼ਹਿਜ਼ਾਦੇ, ਸ਼ਹਿਜ਼ਾਦੀਆਂ ਅਤੇ ਅਮੀਰਾਂ ਵਜ਼ੀਰਾਂ ਦੇ ਨਾਂਵ ਉਕਰੇ ਹੋਏ ਹਨ। ਅਗੇ ਚਲਕੇ ਇਕ ਕੋਠੜੀ ਮੌਜੂਦ ਹੈ, ਜਿਸ ਦੇ ਭਿਤਾਂ ਵਿਚ ਬੰਦੂਕ ਦੀਆਂ ਗੋਲੀਆਂ ਦੇ ਨਿਸ਼ਾਨ ਮੌਜੂਦ ਹਨ। ਮਜ਼੍ਹਬੀ ਸ਼ੈਦਾਈਆਂ ਨੇ ਅੰਜੀਲ ਲਿਖਦੇ ਸ਼ਾਗਿਰਦ ਨੂੰ ਇਸ ਕੋਠੜੀ ਦੇ ਅੰਦਰ ਗੋਲੀਆਂ ਮਾਰਕੇ ਹਲਾਕ ਕੀਤਾ ਸੀ। ਨਾਲ ਹੀ ਇਕ ਅੰਨ੍ਹਾ ਖੂਹ ਵੀ ਹੈ, ਜਿਸ ਵਿਚ ਦਸਿਆ ਜਾਂਦਾ ਹੈ ਕਿ ਉਸ ਸਮੇਂ ਦਾ ਬਾਦਸ਼ਾਹ ਜੀਉਂਦੇ ਮਾਸੂਮ ਬੱਚਿਆਂ ਨੂੰ ਸਿਟਵਾ ਦਿੰਦਾ ਸੀ।

ਯਸੂ ਨੂੰ ਫਾਂਸੀ ਦੇਣ ਦੀ ਥਾਂ ਵੀ ਇਸੇ ਵਡੇ ਵੇਹੜੇ ਵਿਚ ਹੈ। ਫਾਂਸੀ ਚਾੜ੍ਹਨ ਤੋਂ ਪਹਿਲਾਂ ਮਸੀਹ ਨੂੰ ਇਕ ਸਲੀਬ ਉਪਰ ਹੱਥਾਂ ਪੈਰਾਂ ਵਿਚ ਮੇਖਾਂ ਠੋਕ ਕੇ ਟੰਗ ਦਿਤਾ ਗਿਆ ਸੀ ਅਤੇ ਉਸਦੇ ਸਿਰ ਉਪਰ ਬਾਰੀਕ ਮੇਖਾਂ ਦਾ ਤਾਜ ਪਵਾਇਆ ਜਾਂਦਾ। ਅਖੀਰ ਨੂੰ ਇਸੇ ਥਾਂ ਉਪਰ ਫ਼ਾਂਸੀ ਚਾੜ੍ਹਿਆ ਗਿਆ। ਮਜਾਵਰਾਂ ਨੇ ਸਾਨੂੰ ਦਸਿਆ ਸੀ ਇਹ ਪੈਰਾਂ ਦੇ ਨਿਸ਼ਾਨ ਹਜ਼ਰਤ ਮਸੀਹ ਦੇ ਹਨ—ਬਾਬੇ ਨਾਨਕ ਦੇ ਪੰਜੇ ਵਾਂਗ ਅਜੇ ਵੀ ਉਹ ਧਰਤੀ ਵਿਚ ਮੌਜੂਦ ਸਨ। ਇਹ ਗਿਣਤੀ ਵਿਚ ਦਸ ਬਾਰਾਂ ਹਨ। ਮਤਲਬ ਕੀ ਜਦੋਂ ਹਜ਼ਰਤ ਟੁਰ ਕੇ ਚਟਾਨ ਉਪਰ ਗਏ, ਚਟਾਨ ਦਾ ਪੱਥਰ ਮੋਮ ਹੁੰਦਾ ਗਿਆ ਤੇ ਹਰ ਕਦਮ ਮੋਮ ਹੋਏ ਪੱਥਰ ਵਿਚ ਖੁਭਦਾ ਗਿਆ। ਮੌਤ ਮਗਰੋਂ ਜਦੋਂ ਲਾਸ਼ ਹੇਠਾਂ ਲਟਕ ਗਈ ਤਾਂ ਮਸੀਹ ਹਮੇਸ਼ ਲਈ ਗ਼ਾਇਬ ਹੋ ਚੁਕਾ ਸੀ। ਸਾਨੂੰ ਮਸੀਹ ਦੀ ਕੋਈ ਕਬਰ ਜਾਂ ਮੁਕਬਰਾ ਨਹੀਂ ਵਿਖਾਇਆ ਗਿਆ। ਮਜਾਵਰ ਦਸਦੇ ਸਨ ਕਿ ਉਨ੍ਹਾਂ ਦੀ ਕਬਰ ਹੈ ਹੀ ਨਹੀਂ। ਉਹ ਫਾਂਸੀ ਮਗਰੋਂ ਸਰੀਰ ਸਮੇਤ ਅਕਾਸ਼ ਉਪਰ ਚਲੇ ਗਏ—ਮੇਰੇ ਬਾਬੇ ਨਾਨਕ ਵਾਂਗ ਸਚਿਖੰਡ ਦੇ ਬਬਾਨ ਵਿਚ ਚੜ੍ਹਕੇ। ਇਹ ਥਾਂ ਹਜ਼ਾਰਾਂ ਵਰ੍ਹੇ ਗ਼ੈਰ ਈਸਾਈਆਂ ਦੇ ਕਬਜ਼ੇ ਵਿਚ ਰਹੀ ਹੈ। ਈਸਾਈਆਂ ਨੇ ਇਸ ਨੂੰ ਜਿਤਣ ਲਈ ਚਾਲੀ ਪਜਤਾਲੀ ਸਲੀਬੀ ਲੜਾਈਆਂ ਲੜੀਆਂ ਹਨ ਅਤੇ ਇਕ ਵਾਰੀ ਫਰਾਂਸ ਦੇ ਪਾਦਰੀਆਂ ਨੇ ਹਜ਼ਾਰਾਂ

ਮਾਸੂਮ ਬੱਚਿਆਂ ਦੀ ਫੌਜ ਨਾਲ ਇਸ ਨੂੰ ਜਿਤਣ ਦਾ ਉਪਰਾਲਾ ਕੀਤਾ। ਸੈਂਕੜੇ ਬਚੇ ਸਫਰ, ਠੰਢਕ ਨਾਲ ਭੁਖੇ ਤਿਹਾਏ ਮਾਰਸੇਲਜ਼ ਤਕ ਪੁਜਦਿਆਂ ਹੀ ਮਰ ਗਏ ਤੇ ਬਾਕੀ ਰਹਿੰਦੇ ਬਰਦੇਫਰੋਸ਼ਾਂ, ਡਾਕੂਆਂ ਦੇ ਟੋਲਿਆਂ ਨੇ ਗੈਰ ਮੁਲਕਾਂ ਵਿਚ ਵੇਚਕੇ ਸਾਰੀ ਉਮਰ ਲਈ ਗ਼ੁਲਾਮ ਬਣਾ ਦਿਤੇ; ਪਰ ਅਜ ਇਹ ਥਾਂ ਈਸਾਈ ਸਲਤਨਤ ਵਿਚ ਸ਼ਾਮਲ ਹੈ। ਜਿਥੇ ਕਿਸੇ ਜ਼ਮਾਨੇ ਈਸਾਈਆਂ ਨੂੰ ਇਸ ਪਾਸੇ ਮੂੰਹ ਕਰਨ ਦੀ ਆਗਿਆ ਨਹੀਂ ਸੀ, ਉਥੇ ਅਜ ਹਰ ਇਕ ਈਸਾਈ ਯਸੂ ਦੀ ਜਨਮ ਭੂਮੀ ਵਿਚ ਸੀਸ ਨਿਵਾਕੇ ਆਪਣੀ ਆਤਮਾ ਠੰਢੀ ਅਤੇ ਮਿਠੀ ਬਣਾ ਸਕਦਾ ਹੈ।

ਇਸ ਅਦਿਭੁਤ ਥਾਂ ਤੋਂ ਵਖ ਸ਼ਹਿਰ ਦੇ ਦੂਜੇ ਬੰਨੇ ਇਕ ਇਤਿਹਾਸਕ ਮਸਜਿਦ ਹੈ। ਇਸ ਦੇ ਲੰਬੇ ਚੌੜੇ ਫਰਸ਼, ਛਤਾਂ ਥਮ, ਅਤੇ ਵਾਅਜ਼ ਕਰਨ ਵਾਲਿਆਂ ਦੇ ਬੈਠਣ ਲਈ ਇਮਾਮ, ਸਾਰਾ ਕੁਝ ਹੀ ਸੁਰਖ ਘਾੜਵੇਂ ਪੱਥਰ ਦਾ ਹੈ। ਜਿਥੇ ਪੱਥਰ ਨੂੰ ਘੜ ਕੇ ਕਾਰੀਗਰੀ ਦੀ ਹਦ ਮੁਕਾਈ ਗਈ ਹੈ, ਉਥੇ ਹੀ ਇਸ ਦੀਆਂ ਛਤਾਂ ਦੇ ਨਕਸ਼-ਨਿਗਾਰ ਵੀ ਵੇਖਣ ਨਾਲ ਤਅੱਲਕ ਰਖਦੇ ਹਨ। ਜਿਥੇ ਯਸੂ ਦੀ ਜਨਮ ਭੂਮੀ ਬੂਟਾਂ ਸਮੇਤ ਵੇਖੀ ਸੀ, ਉਥੇ ਮਸਜਿਦ ਦੀ ਯਾਤਰਾ ਬੂਟ ਉਤਾਰ ਕੇ ਨੰਗੇ ਪੈਰੀਂ ਕਰਨੀ ਪਈ। ਬੂਟ ਬਗਲ ਵਿਚ ਮਾਰੀ "ਹਜ਼ਰਤ ਹਿੰਦੀ" ਨੇ ਸਾਰੀ ਮਦਜਿਦ ਬੜੇ ਉਤਸ਼ਾਹ ਨਾਲ ਵੇਖੀ।

ਅਸੀਂ ਬੈਤੁਲ ਹਲਮ ਦੇ ਬਾਹਰਵਾਰ ਦੋ ਕੁ ਮਹੀਨੇ ਰਹੇ ਸਾਂ। ਪਹਾੜੀ ਦੀ ਢਲਵਾਨ ਦੇ ਨਾਲ ਸਾਡਾ ਕੈਂਪ ਸੀ। ਹੈਡ ਕਵਾਰਟਰ ਦੀਆਂ ਛੋਲਦਾਰੀਆਂ ਸੜਕ ਥੀਂ ਪਰਲੇ ਪਾਸੇ ਰਤਾ ਵਿਥ ਉਪਰ ਸਨ, ਕਾਰਡ, ਲਫਾਫੇ, ਤਸਵੀਰਾਂ, ਸਿਮਰਨੇ, ਸਲੀਬ ਲਾਕਟ ਅਤੇ ਖਾਣ ਦੀਆਂ ਚੀਜ਼ਾਂ ਵੇਚਣ ਲਈ ਆਰਮੀਨੀ ਅਤੇ ਯਹੂਦਣ ਕੁੜੀਆਂ ਇਥੇ ਵੀ ਆਣ ਪੁਜਦੀਆਂ ਸਨ। ਹਫਤੇ ਵਿਚ ਇਕ ਅਧੀ ਵਾਰੀ ਖਾਨਾ-ਬਦੋਸ਼ ਕੁੜੀਆਂ ਦਾ ਸੰਗੀਤੀ ਜਥਾ ਵੀ ਰੌਣਕ ਆਣ ਲਾਉਂਦਾ। ਹੁਣ ਇਨ੍ਹਾਂ ਨੇ ਹਿੰਦੁਸਤਾਨੀ ਕਵਾਲੀ ਵੀ ਸਿਖ ਲਈ ਸੀ। ਹਿੰਦੁਸਤਾਨੀ ਗ਼ਜ਼ਲਾਂ ਟਰਕੀ ਤੇ ਨਸਰਾਨੀ ਜ਼ਬਾਨ ਵਿਚੋਂ ਨਿਕਲੀਆਂ ਇਕ ਵਖਰਾ ਹੀ ਸਵਾਦ ਦਿੰਦੀਆਂ ਸਨ। ਸੁੰਦਰਤਾ, ਨਖ਼ਰੇ, ਗੀਤ, ਜਵਾਨੀ, ਹਾਸੇ ਅਤੇ ਮਸਖਰੀਆਂ ਮੁਲ ਵਿਕਦੇ ਸਨ। ਇਹ ਖਾਨਾਬਦੋਸ਼ ਕੁੜੀਆਂ ਜਦੋਂ ਵੀ ਆਉਂਦੀਆਂ ਕੈਂਪ ਵਿਚੋਂ ਪੰਜ ਦਸ ਰੁਪਏ ਘੰਟੇ ਦੋ ਘੰਟੇ ਵਿਚ

ਆਨਾ ਦਵਾਨੀ ਕਰਕੇ ਲੈ ਜਾਂਦੀਆਂ।

ਇਕ ਸ਼ਾਮ ਨੂੰ ਅਸੀਂ ਸੈਰ ਕਰਦਿਆਂ ਬਾਗ਼ਾਂ ਵਲ ਨੂੰ ਚਲੇ ਗਏ। ਬਾਹਰਵਾਰ ਈਸਾਈ ਲੜਕੀਆਂ ਦਾ ਸਕੂਲ ਸੀ। ਸ਼ਾਮ ਦੇ ਚਾਰ ਵਜੇ ਛੁਟੀ ਦਾ ਘੰਟਾ ਖੜਕਿਆ। ਮਾਸੂਮ ਸੁੰਦਰ ਜਵਾਨੀਆਂ ਦੋ ਦੋ ਚਾਰ ਚਾਰ ਦੀਆਂ ਟੋਲੀਆਂ ਵਿਚ ਹਸਦੀਆਂ ਮਟਕਦੀਆਂ ਘਰਾਂ ਨੂੰ ਜਾ ਰਹੀਆਂ ਸਨ। ਸੜਕ ਦੇ ਪਾਰਲੇ ਪਾਸੇ ਇਕ ਹਬਸ਼ੀ ਗ਼ੁਲਾਮ— ਜਿਸ ਦੇ ਮਥੇ ਉਪਰ ਗ਼ੁਲਾਮੀ ਦਾ ਨਿਸ਼ਾਨ ਸੀ, ਛੇਤੀ ਛੇਤੀ ਆ ਕੇ ਬੋਲਿਆ:

"ਹਨਾ, ਹਿੰਦੀ!"

ਅਸੀਂ ਖਲੋ ਗਏ ਅਤੇ ਅਜੇ ਕੋਈ ਉਤਰ ਦੇਣਾ ਹੀ ਚਾਹੁੰਦੇ ਸਾਂ ਕਿ ਤਿੰਨ ਨੌਜਵਾਨ ਕੁੜੀਆਂ ਵੀ ਸਾਡੇ ਪਾਸ ਆਣ ਪੁਜੀਆਂ ਅਤੇ ਉਨ੍ਹਾਂ ਵਿਚੋਂ ਸਾਰਿਆਂ ਥੀਂ ਵਡੀ ਨੇ ਸਾਡੇ ਤਿੰਨਾਂ ਵਿਚੋਂ ਮੇਰੇ ਦੋਵੇਂ ਹਥ ਪਿਆਰ ਦੀ ਘੁਟਣੀ ਨਾਲ ਫੜ ਲਏ ਅਤੇ ਇਹ ਆਖਦੀ ਹੋਈ ਆਪਣੇ ਘਰ ਵਲ ਧੂਹ ਲੈ ਚਲੀ:

"ਹਨਾ, ਗੁਦ ਹਿੰਦੀ।"

"ਯੂ ਫਾਦਰ—ਆਦਾਨਾ ਸਿਤੀ।"

"ਬੈਦ ਸੋਲਜਰ।"

"ਯੂ. ਗੁਦ ਫਾਦਰ—ਆਦਾਨਾ ਸਿਤੀ।"

ਮੈਨੂੰ "ਆਦਾਨਾ" ਟਰਕੀ ਦੇ ਸ਼ਹਿਰ ਦੀ ਹਲੀਨਾ ਵਾਲੀ ਸਾਰੀ ਕਹਾਣੀ ਯਾਦ ਆ ਗਈ। ਕਿਤਨਾ ਪਿਆਰ ਹੈ ਸਚਾਈ ਵਿਚ—ਉਹ ਮੇਰੇ ਨਾਲ ਚਿਮੜਦੀ ਜਾ ਰਹੀ ਸੀ। ਅਸੀਂ ਉਨ੍ਹਾਂ ਦੇ ਸ਼ਾਨਦਾਰ ਕਮਰੇ ਵਿਚ ਜਾ ਪੁਜੇ। ਰਿਹਾਇਸ਼ ਤੇ ਪੋਸ਼ਾਕ ਥੀਂ ਪਤਾ ਲਗਦਾ ਸੀ ਕਿ ਇਹ ਚੰਗੇ ਅਮੀਰ ਹਨ। ਪੈਰਾਂ ਵਿਚ ਕੀਮਤੀ ਈਰਾਨ ਦਾ ਗ਼ਲੀਚਾ ਵਿਛਿਆ ਸੀ। ਕਮਰੇ ਦੀ ਸਜ ਧਜ ਨਵੀਂ ਤਹਿਜ਼ੀਬ ਵਾਂਗ ਸੀ। ਸਾਰੇ ਘਰ ਦਾ ਪਹਿਰਾਵਾ ਅੰਗਰੇਜ਼ਾਂ ਵਾਂਗ ਸੀ। ਚਾਹ ਦਾ ਸਾਮਾਨ ਮੇਜ਼ ਉਪਰ ਤਿਆਰ ਸੀ। ਸਾਰਾ ਟਬਰ ਚਾਹ ਲਈ ਮੇਜ਼ ਦੇ ਗਿਰਦ ਹੋਣਾ ਹੀ ਚਾਹੁੰਦਾ ਸੀ ਕਿ ਹਲੀਨਾ ਨੇ ਸੜਕ ਉਪਰੋਂ ਲੰਘਦਿਆਂ ਮੈਨੂੰ ਪਛਾਣ ਲਿਆ। ਅਸੀਂ ਤਿੰਨੇ ਹੀ ਕਾਊਚ ਉਪਰ ਜਾ ਬੈਠੇ। ਹਲੀਨਾ ਦੇ ਦਿਲੋਂ ਅਜੇ ਵੀ ਪਿਆਰ ਦੀ ਮਸਤੀ ਦੂਰ ਨਹੀਂ

ਸੀ ਹੋਈ। ਉਹ ਆਪਣੀ ਕੁਰਸੀ ਤੋਂ ਉਠੀ ਅਤੇ ਮੇਰੇ ਪੱਟਾਂ ਉਤੇ ਮਾਸੂਮ ਧੀਆਂ ਵਾਂਗ "ਹਨਾ ਹਿੰਦੀ ਯੂ ਗੁਦ ਫ਼ਾਦਰ" ਆਖਦੀ ਹੋਈ ਆਣ ਬੈਠੀ। ਕਦੇ ਮੇਰੇ ਮੂੰਹ ਵਲ ਵੇਖਦੀ, ਕਦੇ ਗਲ ਵਿਚ ਪਏ ਮੇਰੇ ਪਿਸਤੌਲ ਨਾਲ ਖੇਡਦੀ—ਕਿਤਨਾ ਭਰੋਸਾ ਹੈ ਯਕੀਨ ਵਿਚ।

ਉਸ ਦੇ ਪਿਓ ਨੇ ਚਾਹਿਆ ਕਿ ਉਹ ਇਕ ਚਿੱਠੀ ਮੇਰੇ ਅਫ਼ਸਰਾਂ ਨੂੰ ਲਿਖੇ ਕਿ ਮੈਂ ਉਸ ਦੀ ਲੜਕੀ ਦੀ ਇਮਦਾਦ ਕੀਤੀ ਹੈ; ਪਰ ਮੈਂ ਰੋਕ ਦਿਤਾ। ਮੈਨੂੰ ਦੁਸ਼ਮਣ ਦੀ ਮਦਦ ਦਾ ਕੋਈ ਹੱਕ ਨਹੀਂ ਸੀ। ਫਿਰ ਮੈਂ ਅੱਜ ਤੋਂ ਚਾਰ ਮਹੀਨੇ ਪਹਿਲਾਂ ਇਸ ਹਾਦਸੇ ਦੀ ਰਪੋਰਟ ਆਪਣੇ ਅਫ਼ਸਰਾਂ ਨੂੰ ਨਹੀਂ ਸੀ ਕੀਤੀ।

ਮੇਰੇ ਦੋਵੇਂ ਸਾਥੀ ਝੂਠ ਦੀਆਂ ਕਈ ਪੌੜੀਆਂ ਪੜ੍ਹ ਰਹੇ ਸਨ। ਦੋਹਾਂ ਦੇ ਹਿਰਦਿਆਂ ਵਿਚ ਵਖੋ-ਵਖਰੀਆਂ ਕਹਾਣੀਆਂ ਘੜੀਆਂ ਜਾ ਚੁਕੀਆਂ ਸਨ, ਪਰ ਚਾਹ ਮੁਕਣ ਥੀਂ ਮਗਰੋਂ ਜਦੋਂ ਦੁਰਾਡੇ ਸੜਕ ਤਕ ਉਹ ਸਾਨੂੰ ਛਡ ਕੇ ਗਏ ਅਤੇ ਫਿਰ ਵੀ ਆਉਣ ਦਾ ਇਕਰਾਰ ਕਿਆ ਤਾਂ ਮੈਂ ਆਪਣੇ ਕੈਂਪ ਬੈਤੁਲ ਹਲਮ ਨੂੰ ਆਉਂਦਿਆਂ ਸਾਰੀ ਕਹਾਣੀ ਸਾਥੀਆਂ ਨੂੰ ਸੁਣਾਈ। ਵਿਛੜਦਿਆਂ ਹਲੀਨਾ ਨੇ ਇਕ ਵਾਰੀ ਫਿਰ ਆਖਿਆ, ਮੇਰਾ ਖਿਆਲ ਹੈ ਉਸ ਡਰਾਵਣੀ ਘਟਨਾ ਨੂੰ ਯਾਦ ਕਰਕੇ ਇਹ ਜ਼ਬਰਦਸਤੀ ਉਸ ਦੇ ਮੂੰਹ ਥੀਂ ਨਿਕਲ ਜਾਂਦਾ ਸੀ:-

"ਹਨਾ, ਯੂ. ਗੁਦ ਹਿੰਦੀ। ਗੁਦ ਫਾਦਰ।"

ਤੁਰਦਿਆਂ ਵਾਰੀ ਮੈਂ ਉਸ ਦੇ ਦੋਵੇਂ ਹੱਥ ਬੜੇ ਪਿਆਰ ਨਾਲ ਘੁਟਦਿਆਂ ਆਖਿਆ :—

ਯੂ. ਹਲੀਨਾ ! ਗੁਡ ਡਾਟਰ, ਗੁਡ ਗਰਲ, ਇੰਤਲੀਜਾਂ।"

"ਆਈ. ਨੋ. ਯੂ. ਗੁਦ ਫ਼ਾਦਰ।"

"ਯੈਸ। ਗਾਡ ਗੁਡ ਫ਼ਾਦਰ। ਗਾਡ ਯੂਅਰ ਹੈਲਪ।" ਟੁਟੀ ਫੁਟੀ ਅੰਗਰੇਜ਼ੀ ਵਿਚ ਪ੍ਰਗਟ ਕੀਤਾ। ਤੂੰ ਚੰਗਾ ਪਿਉ ਹੈਂ। ਮੇਰੀ ਇਮਦਾਦ ਕੀਤੀ ਅਤੇ ਮੈਂ ਸਮਝਾਣ ਦੀ ਕੋਸ਼ਸ਼ ਕੀਤੀ ਤੂੰ ਚੰਗੀ ਧੀ ਹੈਂ। ਸੁਸ਼ੀਲ ਕੁੜੀ ਹੈਂ। ਤੇਰੀ ਮਦਦ ਮੈਂ ਨਹੀਂ—ਰਬ ਨੇ ਕੀਤੀ। ਫੌਜੀਆਂ ਦਾ ਵੀ ਸਾਧਾਂ ਵਾਂਗ ਕੋਈ ਟਿਕਾਣਾ ਨਹੀਂ ਹੁੰਦਾ। ਤੀਜੇ ਚੌਥੇ ਦਿਨ ਹੀ ਸਾਡਾ ਉਥੋਂ ਕੂਚ ਹੋ ਗਿਆ—ਮੈਨੂੰ ਹਲੀਨਾ ਹੁਣ ਵੀ ਚੇਤੇ ਆਉਂਦੀ ਹੈ।

# ਤਲੇ ਹੋਏ ਆਲੂ

ਲੜਾਈ ਦਾ ਤੀਜਾ ਸਾਲ ਸੀ, ੧੯੧੭ ਦੇ ਸ਼ੁਰੂ ਦੀ ਗਲ ਹੈ ਲੜਾਈ ਦੀ ਸਕੀਮ ਅਨੁਸਾਰ ਫਾਇਰੰਗ ਲਾਇਨ ਥੀਂ ਦੂਰ-ਪਿਛੇ, ਇਕ ਮਜ਼ਬੂਤ ਫਰੰਟ ਲਾਇਨ ਬਚਾਓ ਲਈ ਤਿਆਰ ਹੋਣ ਲਗ ਪਈ। ਹੈਵੀ-ਗਨਾਂ ਲਈ ਰੇਲਵੇ ਲਾਇਨਾਂ ਤਿਆਰ ਹੋਈਆਂ, ਮਸ਼ੀਨ-ਗਨਾਂ ਲਈ ਉਚੇ ਦਮਦਮੇ ਬਣਾਏ ਗਏ। ਹਾਰਸ ਆਟਿਲਰੀਆਂ ਲਈ ਡੂੰਘੇ ਮੋਰਚੇ ਬਣੇ ਅਤੇ ਪਲਟਨਾਂ ਲਈ ਲੰਬੀਆਂ ਖਾਈਆਂ—ਜਿਨ੍ਹਾਂ ਦੇ ਅੰਦਰ ਹੀ ਕਿਚਨ, ਆਰਾਮ ਕਮਰੇ, ਜਾਲੀਦਾਰ ਸਫ਼ਰੀ ਮੰਜੀਆਂ, ਐਮੋਨੇਸ਼ਨ ਦੇ ਸਟਾਕ ਆਦਿਕ ਸਾਰੀਆਂ ਥਾਂਵਾਂ ਤਿਆਰ ਹੋਈਆਂ। ਕਈ ਥਾਂਈਂ ਅਬਜ਼ਵਰ ਪੋਸਟਾਂ ਅਤੇ ਡੂੰਘੀਆਂ ਖਾਈਆਂ ਜ਼ਮੀਨਦੋਜ਼ ਤਿਆਰ ਹੋਈਆਂ। ਸ਼ਾਇਦ ਇਹੋ ਹੀ ਲੜਾਈ ਦੇ ਮਗਰੋਂ ਫਰਾਂਸ ਵਿਚ ਲੋਹੇ ਕੰਕਰੀਟ ਅਤੇ ਸੀਮਿੰਟ ਵਾਲੀ ਲਾਇਨ ਬਣੀ ਹੋਵੇ, ਜਿਸ ਦੇ ਹੇਠਾਂ ਹੀ ਰੇਲਵੇ ਲਾਇਨ ਵੀ ਮੌਜੂਦ ਸੀ ਤੇ ਜਿਸ ਦੇ ਅੰਦਰ ਹੀ ਫ਼ੌਜੀ ਛਾਵਣੀਆਂ ਸਨ। ਫਰਾਂਸ ਅਤੇ ਜਰਮਨੀ ਦੇ ਨਾਲ ਮਿਲਵੀਂ ਸਰਹੱਦ ਉਪਰ ਲੜਾਈ ਥੀਂ ਪਹਿਲਾਂ, ਯਾਰ੍ਹਾਂ ਵਡੇ ਕਿਲ੍ਹੇ ਸਨ। ੧੯੧੪ ਦੀ ਲੜਾਈ ਸਮੇਂ ਜਰਮਨਾਂ ਨੇ ਇਨ੍ਹਾਂ ਕਿਲ੍ਹਿਆਂ ਵਾਲੀ ਸਰਹਦ ਥੀਂ ਫ਼ਰਾਂਸ ਉਪਰ ਹਮਲਾ ਨਹੀਂ ਸੀ ਕੀਤਾ, ਬਲਕਿ ਇਸਦੇ ਉਲਟ ਬਿਲਜੀਅਮ ਦੀ ਬਾਦਸ਼ਾਹੀ ਵਿਚੋਂ ਲੰਘ ਕੇ ਆਇਆ ਸੀ। ਕੈਸਰ ਦਾ ਖਿਆਲ ਸੀ ਕਿ ਉਹ ਬੜੀ ਜਲਦੀ ਦਿਨਾਂ ਵਿਚ ਹੀ ਬਿਲਜੀਅਮ ਵਿਚੋਂ ਲੰਘ ਕੇ ਬੰਦਰਗਾਹ ਉਪਰ ਜਾ ਪੁਜੇਗਾ ਅਤੇ ਇਸ ਤਰ੍ਹਾਂ ਫਰਾਂਸ ਨੂੰ ਇੰਗਲੈਂਡ ਵਿਚੋਂ ਆਵਣ ਵਾਲੀ ਮਦਦ ਰੋਕ ਦਿਤੀ ਜਾਵੇਗੀ। ਈਪਰੇ ਬੰਦਰ ਥੀਂ ਹੂਦਯਾਰ ਇੰਗਲਿਸਤਾਨ ਕੇਵਲ ਸਤਾਈ ਮੀਲ ਦਸਿਆ ਜਾਂਦਾ ਹੈ। ਕਿਨਾਰੇ ਥੀਂ ਇੰਗਲੈਂਡ ਦੀ ਰੌਸ਼ਨੀ ਅਤੇ ਦਿਨੇ ਕਦੀ ਕਦੀ ਮਕਾਨ ਵੀ ਦਿਸ ਪੈਂਦੇ ਹਨ, ਪਰ

ਕੈਸਰ ਜਮਮਨੀ ਦੇ ਇਹ ਖਿਆਲ, ਖਿਆਲ ਹੀ ਰਹੇ--।"

ਇਸ ਫਾਇਰੰਗ ਲਾਇਨ ਦੀ ਉਚੇਚੀ ਤਿਆਰੀ ਵਿਚ ਮਿਲਟਰੀ ਦੇ ਹਰ ਇਕ ਡੀਪਾਰਮਿੰਟ ਨੇ ਹਿਸਾ ਲਿਆ ਸੀ। ਬੇਰਿਗਡੀਅਰ, ਜਰਨੈਲ, ਕਰਨੈਲ ਥੀਂ ਲੇ ਕੇ ਇਕ ਸਿਪਾਹੀ ਤਕ, ਸਾਰੇ ਕੰਮ ਵਿਚ ਲਗੇ ਹੋਏ ਸਨ। ਹਿੰਦੁਸਤਾਨੀ ਫੌਜ ਥੀਂ ਵੱਖ, ਆਸਟਰੇਲੀਅਨ, ਕਨੇਡੀਅਨ, ਬ੍ਰਿਟਿਸ਼ ਸਭੋ ਰਲ ਮਿਲ ਕੇ ਇਸ ਨੂੰ ਸਿਰੇ ਚਾੜ੍ਹ ਰਹੇ ਸਨ। ਸਖਤ ਸਰਦੀਆਂ ਸਨ ਅਤੇ ਸਾਨੂੰ ਕੰਮ ਕਰਨ ਲਈ ਦਿਨ ਚੜ੍ਹੇ ਉਥੇ ਪੁਜਣਾ ਪੈਂਦਾ। ਰਾਤ ਨੂੰ ਹੀ ਉਬਲੇ ਹੋਏ ਲਾਲ ਸੁਰਖ ਚਾਹ ਦੇ ਪਾਣੀ ਵਿਚ ਆਪਣੇ ਹਿਸੇ ਦੀ ਰਮ ਮਿਲਾਕੇ ਕੁਪੀ ਭਰ ਲਈ ਜਾਂਦੀ। ਦਿਨ ਚੜ੍ਹਦੇ ਹੀ ਸੜਕ ਦੇ ਕਿਨਾਰੇ ਪ੍ਰੇਡ ਹੋਣੀ ਤੇ ਹਰ ਇਕ ਸਿਪਾਹੀ ਨੂੰ ਭੁੰਨਿਆ ਹੋਇਆ ਸੁਕਾ ਮਾਸ ਜਾਂ ਕੜਾਹ ਪ੍ਰਸ਼ਾਦ ਸਮੇਤ ਚਾਰ ਚਾਰ ਰੋਟੀਆਂ ਦੇ ਮਿਲ ਜਾਂਦਾ। ਰਾਤ ਨੂੰ ਕੈਂਪ ਵਿਚ ਆਕੇ ਪੂਰੀ ਹਾਜ਼ਰੀ ਮਿਲਦੀ। ਸੜਕ ਥੀਂ ਇਕ ਛਕੜਿਆਂ ਵਾਲੀ ਰੇਲ ਗਡੀ ਸਾਨੂੰ ਫਾਇਰੰਗ ਲਾਇਨ ਤਿਆਰ ਹੋਣ ਵਾਲੀ ਥਾਂ ਲਿਜਾਇਆ ਕਰਦੀ। ਇਸੇ ਟ੍ਰੇਨ ਉਪਰ, ਕੰਡਿਆਲੀ ਤਾਰਾਂ ਦੇ ਬੰਡਲ, ਬੇਲਚੇ, ਛਰਵੇ, ਲਕੜ ਦੇ ਬਾਲੇ, ਸਲੀਪਰ ਅਤੇ ਹੋਰ ਜ਼ਰੂਰੀ ਸਾਮਾਨ ਮੌਜੂਦ ਹੁੰਦਾ ਸੀ। ਇਨ੍ਹਾਂ ਹੀ ਛਕੜਿਆਂ ਵਿਚ ਜਰਨੈਲ ਕਰਨੈਲ ਅਤੇ ਅਸਾਂ ਦੇ ਨਾਲ ਵਾਲੇ ਅਫ਼ੀਸਰ ਸਵਾਰ ਹੁੰਦੇ ਸਨ, ਕੰਮ ਕਰਾਉਣ ਵਾਲਾ R.E. ਦਾ ਅਮਲਾ ਵੀ ਇਸੇ ਗੱਡੀ ਵਿਚ ਜਾਂਦਾ।

*  *  *  *

ਭਾਵੇਂ ਇਹ ਥਾਂ ਆਬਾਦੀ ਥੀਂ ਕਾਫ਼ੀ ਦੂਰ ਅਤੇ ਫਾਇਰੰਗ ਲਾਇਨ ਥੀਂ ਬੜੀ ਪਿਛੇ ਸੀ, ਪਰ ਫਿਰ ਵੀ ਹਰ ਰੋਜ਼ "ਹੈਵੀ-ਗਨਾਂ" ਦੇ ਫਾਇਰ ਅਤੇ ਹਵਾਈ ਜਹਾਜ਼ਾਂ ਦੇ ਬੰਬਾਂ ਦੀ ਖੇਡ ਨਿਤ ਖੇਡੀ ਜਾਂਦੀ। ਜਦੋਂ ਫਾਇਰੰਗ ਸ਼ੁਰੂ ਹੁੰਦਾ "ਲੁਕੀ ਛਿਪੀ ਘਿਉ ਦੀ ਕੁਪੀ ਕੋਈ ਐਧਰ ਕੋਈ ਓਧਰ" ਮੁੰਡਿਆਂ ਦੀ ਖੇਡ ਵਾਂਗੂੰ ਸਾਰੇ ਹੀ ਨਿਵਾਣਾਂ ਵਿਚ ਲੰਮਲੇਟ ਹੋ ਜਾਂਦੇ ਅਤੇ ਫਾਇਰੰਗ ਮੁਕਣ ਮਗਰੋਂ ਵਿਸਲ ਹੁੰਦਿਆਂ ਹੀ ਫਿਰ ਛਰਵਾ, ਬੇਲਚਾ, ਗੈਂਤੀ ਸ਼ੁਰੂ ਹੋ ਜਾਂਦੀ। "ਜਿਨ ਕੀ ਚੀਰੀ ਦਰਗਹਿ ਫਾਟੀ" ਉਹ ਆਪਣੀ ਲਿਖਤ ਅਨੁਸਾਰ ਧਰਮਰਾਜ ਦੇ ਚਰਨਾਂ ਵਿਚ ਹਿਸਾਬ ਮੁਕਾਣ ਲਈ ਜਾ ਪੁਜਦੇ ਅਤੇ

ਕਰਮਾਂ ਅਨੁਸਾਰ ਘੋੜੇ, ਗਧੇ, ਬਕਰੇ, ਬੈਲ, ਮੱਛਰ, ਮੱਖੀ ਦੀਆਂ ਜੂਨਾਂ ਵਿਚ ਚਲੇ ਜਾਂਦੇ। ਬੰਦੇ ਦੀ ਜੂਨ ਤਾਂ ਸਾਡੇ ਵਿਚੋਂ ਕਿਸੇ ਨੂੰ ਕੀ ਮਿਲਣੀ ਹੋਈ--ਹਾਂ ਜੇ ਮਰਨ ਵੇਲੇ ਦੇ ਖਿਆਲਾਂ ਅਨੁਸਾਰ ਕਿਸੇ ਜੂਨੀ ਵਿਚ ਪੈਣਾ ਮੁਮਕਿਨ ਹੋ ਸਕਦਾ ਹੈ। ਜਿਵੇਂ ਬਾਬੇ ਦੀ ਬਾਣੀ ਆਖਦੀ ਹੈ: "ਅੰਤ ਕਾਲ ਜੋ ਲਛਮੀ ਸਿਮਰੇ, ਐਸੀ ਚਿੰਤਾ ਮੈਂ ਜੋ ਮਰੇ" ਭਈ ਉਹ ਸਰਪ ਬਣੂ--ਕਈਆਂ ਨੂੰ ਜ਼ਹਿਰ ਦੇ ਡੰਗ ਮਾਰਨ ਲਈ। ਜੇਹੜਾ ਬਚੇ ਸਿਮਰੇ ਉਹ ਸੂਰਨੀ ਜਾਂ ਸੂਰ ਬਣੇਗਾ ਅਤੇ ਜੇਹੜਾ ਇਸਤ੍ਰੀ ਸਿਮਰੇ ਉਹ ਵੇਸਵਾ ਬਣੇਗੀ--ਕਿਸੇ ਸ਼ਹਿਰ ਦੀ ਘੁਘ ਵਸੋਂ ਵਿਚ ਚੁਬਾਰੇ ਦੀ ਉਪਰਲੀ ਖਿੜਕੀ ਵਿਚ ਬੈਠ ਕੇ ਕਈ ਨੌਜਵਾਨਾਂ ਦੀ ਜ਼ਿੰਦਗੀ ਬਰਬਾਦ ਕਰਨ ਲਈ। ਸੋ ਫਰਾਂਸ ਵਿਚ ਅਸੀਂ ਵੀ ਮਰਨ ਥੀਂ ਪਹਿਲਾਂ ਜੇ ਕਿਸੇ ਨੂੰ ਕੋਈ ਸੁਰਤ ਸੋਝੀ ਹੋਇਆ ਕਰਦੀ ਤਾਂ ਇਹੋ ਖਾਹਿਸ਼ ਹੁੰਦੀ "ਹੇ ਧਰਮ-ਰਾਜ ਜੀਉ! ਕਿਰਪਾ ਕਰਕੇ ਅਗਲੀ ਜੂਨ ਫ਼ਰਾਂਸ ਦੀ ਧਰਤੀ ਵਿਚ ਬਖ਼ਸ਼ੀਂ।" ਮੁੰਡਾ ਜਾਂ ਕੁੜੀ, ਘੋੜਾ, ਗਊ, ਸੂਰ, ਸਿਹਾ, ਮੁਰਗ਼ਾ ਜੋ ਵੀ ਬਣਾ ਫ਼ਰਾਂਸ ਵਿਚ ਹੀ ਬਣਾ। ਹੁਣ ਧਰਮ-ਰਾਜ ਜੀਉ ਕਿਰਪਾ ਕਰੋ! ਅਤੇ ਹਿੰਦੁਸਤਾਨ ਦੇ ਨਰਕ-ਕੁੰਡ ਵਿਚੋਂ ਕੱਢ ਕੇ ਫਰਾਂਸ ਦੇ ਸੁਰਗ ਆਸ਼ਰਮ ਵਿਚ ਥਾਂ ਬਖਸ਼ੋ, ਜਿਥੋਂ ਦੇ ਮੁੰਡੇ ਕੁੜੀਆਂ ਸ਼ਹਿਜ਼ਾਦੇ ਅਤੇ ਸ਼ਹਿਜ਼ਾਦੀਆਂ ਹਨ। ਜਿਥੋਂ ਦੇ ਮਰਦ-ਤ੍ਰੀਮਤਾਂ ਰਾਣੀਆਂ ਅਤੇ ਬਾਦਸ਼ਾਹ ਹਨ। ਜਿਥੇ ਜਾਨਵਰਾਂ ਦੀ ਵੀ ਰਾਖੀ ਹੁੰਦੀ ਹੈ। ਪੂਰੀ ਖੁਰਾਕ, ਪੂਰਾ ਆਰਾਮ, ਪੂਰਾ ਇਲਾਜ ਜਾਨਵਰਾਂ ਲਈ ਵੀ ਹੈ। ਸਾਰੇ ਫਰਾਂਸ ਵਿਚ ਅਸਾਂ ਕਦੇ ਵੀ ਕੋਈ ਮਰੀਅਲ ਟਟੂ, ਘੋੜਾ, ਪਸਲੀਆਂ ਨਿਕਲੀ ਗਊ, ਗਲੀਆਂ ਵਿਚ ਰੁਲਦਾ ਲਾ-ਵਾਰਸ ਕੁਤਾ ਨਹੀਂ ਵੇਖਿਆ। ਅਵਲ ਤਾਂ ਗਰਮ ਹੋਈ ਕੁਤੀ ਨੂੰ ਚਮੜੀ ਦੀ ਗੁਥੀ ਚਾੜ੍ਹ ਦਿਤੀ ਜਾਂਦੀ ਹੈ, ਪਰ ਜੇ ਚਾਰ ਪੰਜ ਕਤੂਰੇ ਜੰਮ ਵੀ ਪੈਣ ਤਾਂ ਲੋੜ ਅਨੁਸਾਰ ਇਕ ਜਾਂ ਦੋ ਪਾਲਣ ਲਈ ਰਖ ਕੇ ਬਾਕੀ ਉਸੇ ਦਿਨ ਠੰਡੇ ਪਾਣੀ ਦੀ ਬਾਲਟੀ ਵਿਚ ਧਰ ਦਿਤੇ ਗਏ, ਜਦੋਂ ਉਨ੍ਹਾਂ ਦੀ ਆਤਮਾ ਹਵਾ ਵਿਚ ਚਕਰ ਲਾਂਦੀ ਕਿਸੇ ਹੋਰ ਜੂਨ ਵਿਚ ਪੈਣ ਲਈ ਧਰਮ-ਰਾਜ ਪਾਸ ਪੁਜੀ, ਫਰਾਂਸ ਦੀਆਂ ਗਲੀਆਂ ਲਾਵਾਰਸ ਕੁਤਿਆਂ ਥੀਂ ਸਵੱਛ ਹੋ ਗਈਆਂ। ਸਾਡੇ ਹਿੰਦੁਸਤਾਨ ਦੇ ਬਾਜ਼ਾਰਾਂ ਤੇ ਗਲੀਆਂ ਵਿਚ ਸਿਰਪਾਟੇ, ਜ਼ਖਮੀ ਕੀੜੇ ਵਿਚ ਵਿਲੂ

ਵਿਲੂ ਕਰਦੇ, ਚਿਚੜਾਂ ਵਾਲੇ ਹਜ਼ਾਰਾਂ ਕੁੱਤੇ ਮੌਜੂਦ ਹਨ, ਜਿਨ੍ਹਾਂ ਦੇ ਸਰੀਰ ਦੀਆਂ ਭਿਣ ਭਿਣ ਕਰਦੀਆਂ ਮੱਖੀਆਂ ਸਾਡੀ ਖੁਰਾਕ ਉਪਰ ਬੈਠ ਕੇ ਹੈਜ਼ਾ, ਮੋਹਰਕਾ, ਤਾਪ, ਦਮਾ ਅਤੇ ਤਪਦਿਕ ਤਕ ਵਾਲੀਆਂ ਬੀਮਾਰੀਆਂ ਪੈਦਾ ਕਰਦੇ ਹਨ। ਸਾਡੇ ਦੇਸ਼ ਦੇ ਧਰਮੀਆਂ ਦੇ ਘਰਾਂ ਵਿਚ ਆਪਣੇ ਮਾਸੂਮ ਬਚੇ ਤਾਂ ਸਵੇਰ ਦੇ ਨਾਸ਼ਤੇ ਲਈ ਤਰਸਦੇ ਰਹਿਣ, ਪਰ ਅਸੀਂ ਕੁਤਿਆਂ ਨੂੰ ਰੋਟੀਆਂ ਤੇ ਕੀੜਿਆਂ ਦੀਆਂ ਖੁਡਾਂ ਉਪਰ ਚਾਵਲ ਤੇ ਆਟਾ ਪਾਣਾ ਮਹਾਤਮ ਖਿਆਲ ਕਰਦੇ ਹਾਂ। ਪਰ ਫਰਾਂਸ ਵਾਲੇ ਕਿਸੇ ਲਾਵਾਰਸ ਤਕਲੀਫ਼ ਦੇਣ ਵਾਲੇ ਜਾਨਵਰ ਜਾਂ ਘਟੀਆ ਨਸਲ ਦੇ ਹੈਵਾਨਾਂ ਨੂੰ ਜੀਂਵਦਾ ਨਹੀਂ ਰਹਿਣ ਦਿੰਦੇ।

ਪਰ ਜਦੋਂ ਮੌਤ ਅਚਣਚੇਤ ਹੀ ਆ ਜਾਵੇ ਅਤੇ ਕੁਝ ਵੀ ਸੋਚਣ ਨਾ ਦੇਵੇ, ਜਿਵੇਂ ਤੀਜੇ ਕੁ ਦਿਨ ਹੋਇਆ, ਜਰਮਨੀ ਦੇ ਹਵਾਈ ਜਹਾਜ਼ ਆਏ, ਸਾਰੇ ਲੁਕ-ਛਿਪ ਗਏ। ਜਹਾਜ਼ ਥੀਂ ਇਕ ਬੰਬ ਸਿਧਾ ਉਸ ਖਾਈ ਵਿਚ ਆਣ ਡਿਗਾ ਜਿਥੇ ਤਿੰਨ ਰਾਜਪੂਤ ਸਨ, ਜਿਸ ਦੇ ਐਨ ਉਪਰ ਬੰਬ ਡਿਗਾ ਉਸ ਵਿਚਾਰੇ ਦੀਆਂ ਲਤਾਂ ਕਿਸੇ ਦਰਖ਼ਤ ਉਪਰ, ਸਿਰ ਕਿਸੇ ਦਰਖ਼ਤ ਉਪਰ, ਧੜ ਕਿਧਰੇ, ਪੇਟ ਕਿਧਰੇ ਤੇ ਪੈਰ ਕਿਧਰੇ, ਵਿਚਾਰੇ ਦੀ ਬੋਟੀ ਮੀਲਾਂ ਵਿਚ ਵੰਡੀ ਗਈ। ਇਹ ਇਕ ਰਾਜਪੂਤ ਸੀ, ਵਿਚਾਰੇ ਦੀ ਕਬਰ ਵੀ ਕਿਸੇ ਨੇ ਇਕ ਥਾਂ ਨਾ ਬਣਾਈ ਜਿਥੇ ਜੇਹੜਾ ਹਿਸਾ ਸਰੀਰ ਦਾ ਡਿਗਾ, ਉਥੇ ਹੀ ਮਿਟੀ ਵਿਚ ਹਜ਼ਮ ਕਰਨ ਲਈ ਧਰਤੀ ਮਾਤਾ ਦੀ ਗੋਦ ਵਿਚ ਸਾਂਭ ਦਿਤਾ ਗਿਆ। ਬੂਟ ਦਾ ਇਕ ਪੈਰ ਕਿਤਨੇ ਦਿਨਾਂ ਤਕ ਦਰਖ਼ਤ ਦੀ ਟੀਸੀ ਉਪਰ ਟੰਗਿਆ ਹੋਇਆ ਉਸ ਦੀ ਅਚਰਜ ਮੌਤ ਦੀ ਯਾਦ ਕਰਾਉਂਦਾ ਰਿਹਾ। ਆਉਂਦੇ ਜਾਂਦੇ ਸਭੋ ਹਸਦੇ ਤੇ ਖਿਲੀਆਂ ਮਾਰਦੇ।

* * * *

ਦੁਪਹਿਰ ਦੀ ਛੁਟੀ ਵੇਲੇ ਦੋ ਢਾਈ ਘੰਟੇ ਖੂਬ ਮੌਜ ਬਣਦੀ, ਵੰਨ-ਸੁਵੰਨੀਆਂ ਰੋਟੀਆਂ ਖਾਧੀਆਂ ਜਾਂਦੀਆਂ, ਅਸਟ੍ਰੇਲੀਆ, ਕਨੇਡੀਅਨ ਅਤੇ ਅੰਗਰੇਜ਼ ਸਾਡੇ ਪਰਾਉਂਠੇ ਤੇ ਕੜਾਹ, ਬੜੀ ਪ੍ਰਸੰਨਤਾ ਨਾਲ ਛਕਦੇ। ਇਕ ਸਕਾਚ—ਸਕਾਟਲੈਂਡ ਦੇ ਰਹਿਣ ਵਾਲਾ ਮੇਜਰ (ਘਾਘਰਾ ਪਲਟਣ ਦਾ ਅਫਸਰ) ਪਰਾਉਂਠਿਆਂ ਦੀ ਸਿਫ਼ਤ ਸੁਣਕੇ ਆ ਗਿਆ, ਪਰਾਉਂਠਾ ਤੇ ਕੜਾਹ ਖਾ ਕੇ ਬੜਾ ਪ੍ਰਸੰਨ ਹੋਇਆ। ਅਖੀਰ ਸਾਹਮਣੇ ਬੈਠੇ

ਰਾਜਪੂਤ ਪਾਸੋਂ ਸੁਰਖ ਲੰਬੀ ਮਿਰਚ ਮੰਗ ਬੈਠਾ । ਇਹ ਸਾਬਤ ਮਿਰਚ ਭਾਜੀ ਵਿਚ ਉਬਲਕੇ ਬੜੀ ਨਰਮ ਹੋ ਚੁਕੀ ਸੀ। ਵਿਚਾਰੇ ਨੇ ਬੇ-ਸਮਝੀ ਵਿਚ ਰਾਜਪੂਤ ਵਾਂਗ ਹੀ ਮੂੰਹ ਵਿਚ ਚੱਬ ਲਈ। ਅਗਲੇ ਮਿੰਟ ਅੱਖਾਂ, ਨਕ, ਮੂੰਹ ਵਿਚੋਂ ਪਾਣੀ ਆ ਰਿਹਾ ਸੀ। ਅੰਦਰਲੀ ਬੁਰਕੀ ਅੰਦਰ, ਬਾਹਰਲੀ ਬਾਹਰ, ਕਿਤਨਾ ਚਿਰ ਬੜਾ ਬੇ-ਹਾਲ ਰਿਹਾ। ਪਾਣੀ ਦੀਆਂ ਕਰੂਲੀਆਂ ਨਾਲ ਕਿਤਨੇ ਚਿਰ ਮਗਰੋਂ ਵਿਚਾਰੇ ਨੂੰ ਆਰਾਮ ਆਇਆ। ਦੂਜੇ ਦਿਨ ਜਦੋਂ ਉਹ ਸਾਡੇ ਗੀਤ ਸੁਣਨ ਆਇਆ ਤਾਂ ਆਖਦਾ ਸੀ: -

"ਮੈਨੂੰ ਮਿਰਚ ਖਾਕੇ ਇਹ ਤਾਂ ਸਮਝ ਆ ਗਈ ਹੈ ਕਿ ਹਿੰਦੁਸ-ਤਾਨੀ ਇਸੇ ਲਈ, ਜੰਗ ਜੂ, ਬਹਾਦਰ, ਨਿਡਰ ਅਤੇ ਮੇਹਨਤੀ ਹਨ, ਉਹ ਇਹੋ ਜਹੀਆਂ ਜ਼ਹਿਰੀਲੀਆਂ ਚੀਜ਼ਾਂ ਹਜ਼ਮ ਕਰ ਲੈਂਦੇ ਹਨ। ਹਰ ਇਕ ਸੁਰਖ ਮਿਰਚ ਵਿਚ ਇਕ ਸ਼ਰਾਬ ਦੀ ਬੋਤਲ ਦਾ ਨਸ਼ਾ ਰਖਦੀ ਹੈ। ਜੇ ਤਿੰਨ ਚਾਰ ਮਿਰਚਾਂ ਕਿਸ ਜ਼ਹਿਰੀਲੇ ਸਪ ਨੂੰ ਵੀ ਖੁਵਾ ਦਿਤੀਆਂ ਜਾਣ ਤਾਂ ਉਹ ਵੀ ਜ਼ਰੂਰ ਮਰ ਜਾਵੇ। ਪਰ ਧੰਨ ਹਿੰਦੁਸਤਾਨੀ ਹਨ ਕਿ ਇਹ ਹਰ ਰੋਜ਼ ਖਾਕੇ ਫਿਰ ਜੀਊਂਦੇ ਹਨ। ਜਰਮਨਾਂ ਨੂੰ ਤਾਂ ਕਚਿਆਂ ਚਬ ਜਾਣਗੇ।"

ਰੋਟੀ ਮਗਰੋਂ ਇਥੇ ਖੂਬ ਜਲਸਾ ਹੁੰਦਾ । ਮੂੰਹ ਵਾਲੇ ਵਾਜੇ "ਨਾਇਟੰਗਗੇਲ" ਬੰਸਰੀਆਂ, ਬੇਲਚੇ, ਚਾਹ ਵਾਲੇ ਡੂਡਣੇ, ਸਾਜ਼ਾਂ ਦਾ ਕੰਮ ਦਿੰਦੇ। ਪੋਠੋਹਾਰੀ ਮਾਹੀਏ, ਗਿਧੇ, ਬੋਲੀਆਂ, ਹੀਰ ਦੀਆਂ ਕਲੀਆਂ, ਰਾਜਪੂਤ, ਜਾਟ ਮਰਹਟਿਆਂ ਅਤੇ ਗੋਰਖਿਆਂ ਦੇ ਗੀਤ, ਹਿੰਦੁਸਤਾਨੀਆਂ ਦੀ ਕੁਵਾਲੀ ਅਤੇ ਗਜ਼ਲਾਂ, ਸਾਰਾ ਕੁਝ ਹੀ ਹੁੰਦਾ। ਸਚ ਜਾਣੋਂ ਸਾਰੀਆਂ ਔਕੜਾਂ ਅਤੇ ਮੁਸ਼ਕਲਾਂ ਵਿਚ ਵੀ ਜੰਗਲ ਦਾ ਮੰਗਲ ਬਣ ਜਾਂਦਾ।

ਸ਼ਾਮੀ ਇਸੇ ਛਕੜਿਆਂ ਵਾਲੀ ਟਰੇਨ ਵਿਚ ਕੈਂਪ ਨੂੰ ਵਾਪਸ ਮੁੜ ਆਉਂਦੇ ਸਾਂ, ਅਤੇ ਮੁੜਨ ਲਗਿਆਂ ਜਾਂ ਤਾਂ ਬਰਫ਼ ਪੈਣੀ ਸ਼ੁਰੂ ਹੋ ਜਾਂਦੀ ਜਾਂ ਫਿਰ ਮੀਂਹ ਦੀ ਫੁਹਾਰ ਲਗ ਜਾਂਦੀ। ਮੀਂਹ ਦੀਆਂ ਕਣੀਆਂ ਸਖਤ ਸਰਦੀ ਦੇ ਕਾਰਨ ਆਸਮਾਨ ਥੀਂ ਹੀ ਕੰਕਰੀਆਂ ਦੀ ਤਰ੍ਹਾਂ ਜਮੀਆਂ ਹੋਈਆਂ ਸਾਮ੍ਹਣੀ ਹਵਾ ਦੇ ਜ਼ੋਰ ਨਾਲ ਬੰਦੂਕ ਦੇ ਛਰੇ ਵਾਂਗ ਮੂੰਹ ਦੇ ਉਪਰ ਲਗਦੀਆਂ।

ਭਜੀ ਜਾਂਦੀ ਬਿਨਾਂ ਛਤ ਦੇ ਛਕੜਿਆਂ ਵਾਲੀ ਗਡੀ ਵਿਚ ਸਿਪਾਹੀਆਂ ਦੀਆਂ ਸ਼ਰਤਾਂ ਲਗਦੀਆਂ:-

"ਕੇਹੜਾ ਮਾਈ ਦਾ ਲਾਲ ਕਣੀਆਂ ਵਾਲੇ ਪਾਸੇ, ਪੰਜ ਮਿੰਟ ਮੂੰਹ ਕਰਕੇ ਖੜੋ ਸਕਦਾ ਹੈ।" ਵਾਰੋ ਵਾਰੀ ਕਈ ਨਿਤਰਦੇ। ਕੋਈ ਮਿੰਟ, ਕੋਈ ਦੋ ਮਿੰਟ, ਕੋਈ ਹਾਰਦਾ, ਕੋਈ ਜਿਤਦਾ, ਅੱਖਾਂ ਵਿਚੋਂ ਪਾਣੀ ਵਗਦਾ, ਨਕ, ਗਲ੍ਹਾਂ, ਮੂੰਹ ਲਾਲ ਸੁਰਖ ਹੋ ਜਾਂਦੇ।

ਜਿਨ੍ਹਾਂ ਝੌਂਪੜੀਆਂ ਵਿਚ ਅਸੀਂ ਰਹਿੰਦੇ ਸਾਂ ਇਹ ਲਕੜ ਦੀਆਂ ਬਣੀਆਂ ਹੋਈਆਂ ਸਨ, ਹੇਠਾਂ ਫਰਸ਼ ਵੀ ਲਕੜ ਦਾ ਸੀ, ਕੰਧਾਂ ਵੀ ਲਕੜ ਦੀਆਂ ਅਤੇ ਛਤਾ ਟੀਨ ਦੀਆਂ ਹੱਟਾਂ ਥੀਂ ਲੈ ਕਰ, ਲੰਗਰ, ਗੁਸਲਖ਼ਾਨਾ, ਟਟੀਆਂ ਤੇ ਸੜਕ ਦੇ ਸਟੋਰ ਰੂਮ ਤਕ, ਲਕੜ ਦੇ ਹੀ ਫੁਟ ਪਾਥ ਸਨ। ਬਾਕੀ ਚੌਹੀਂ ਤਰਫ ਚਿਕੜ ਅਤੇ ਗਾਰਾ ਸੀ। ਇਨਾਂ ਹੀ ਫੁਟ-ਪਾਥ ਉਪਰੋਂ ਲੰਘਦਿਆਂ, ਸਾਹਮਣੇ ਥੀਂ ਆਉਣ ਵਾਲਾ ਇਕ ਪਾਸੇ ਹੋਕੇ ਖੜੋਂਦਾ ਤਾਂ ਦੂਜਾ ਲੰਘਦਾ। ਗਲ ਕੀ ਇਕੋ ਆਦਮੀ ਦੇ ਤੁਰਨ ਦੀ ਥਾਂ ਸੀ--ਜਿਵੇਂ ਨਹਿਰ ਸਵੇਜ਼ ਵਿਚ ਸਾਹਮਣੇ ਵਾਲੇ ਜਹਾਜ਼ ਨੂੰ ਕੰਢੇ ਨਾਲ ਹਿਕ ਲਾਕੇ ਖੜੋਣਾ ਪੈਂਦਾ ਸੀ।

ਸਾਹਮਣੀਆਂ ਬੈਰਕਾਂ ਵਿਚ ਗੋਰਾ ਰੈਜਮਿੰਟ ਸੀ ਅਤੇ ਉਰਲੇ ਪਾਸੇ ਸਾਡਾ ਰਸਾਲਾ, ਇਕ ਸਵੇਰ ਨੂੰ ਖੂਬ ਰੌਣਕ ਬਣੀ, ਦੋ ਕੈਨਵਸ ਦੀਆਂ ਬਾਲਟੀਆਂ ਪਾਣੀ ਨਾਲ ਭਰਕੇ ਅਗਲੇ ਸੁਕਾਵਡਰਨ ਦਾ ਸਿਪਾਹੀ ਇਸੇ ਫੁਟ-ਪਾਥ ਉਪਰ ਤੁਰਿਆ ਆ ਰਿਹਾ ਸੀ ਤੇ ਉਸੇ ਹੀ ਰਾਹ ਵਿਚ ਗੋਰਾ ਸਾਰਜੰਟ ਖੜੋਤਾ ਆਪਣੀ ਕੰਪਨੀ ਨੂੰ ਵਿਸਲ ਦੇ ਰਿਹਾ ਸੀ। ਸਿਪਾਹੀ ਖਾਲਟੀਆਂ ਚੁਕੀ ਇਕ ਮਿੰਟ ਵੇਖਦਾ ਰਿਹਾ ਕਿ ਸਾਰਜੰਟ ਰਾਹ ਵਿਚੋਂ ਇਕ ਪਾਸੇ ਹੋ ਜਾਏ। ਪਰ ਉਹ ਚਿਟੇ ਰੰਗ ਕਾਰਨ ਇਉਂ ਨਹੀਂ ਸੀ ਕਰਨਾ ਚਾਹੁੰਦਾ। ਸਿਖ ਸਿਪਾਹੀ ਨੇ ਸੈਨਤ ਨਾਲ ਸਮਝਾਇਆ। ਪਰ ਸਾਰਜੰਟ ਦੀ ਖਾਹਿਸ਼ ਸੀ ਕਿ ਇਹ ਕਾਲਾ ਆਦਮੀ ਚਿਕੜ ਵਿਚੋਂ ਵੀ ਤਾਂ ਲੰਘ ਸਕਦਾ ਹੈ। ਪਰ ਸਿਪਾਹੀ ਵੀ ਉਥੋਂ ਹੀ ਗੁਜ਼ਰਨਾ ਚਾਹੁੰਦਾ ਸੀ, ਸੋ ਦੋਹਾਂ ਦੀ ਟਕਰ ਹੋ ਗਈ। ਸਾਰਜੰਟ ਦੇ ਇਕੋ ਧਕੇ ਨਾਲ ਸਿਪਾਹੀ ਦਾ ਪੈਰ ਫਿਸਲ ਗਿਆ ਅਤੇ ਉਹ ਮੂਹਦੇ ਮੂੰਹ ਚਿਕੜ ਵਿਚ ਲੰਮ-ਸਲੰਮਾ ਜਾ ਡਿਗਾ ਅਤੇ ਡਿਗ-ਦਿਆਂ ਹੀ ਜ਼ਖਮੀ ਸ਼ੇਰ ਵਾਂਗੂ ਭਬਕ ਮਾਰਕੇ ਸਾਰਜੰਟ ਉਪਰ ਜਾ

ਟੁਟਾ, ਬਸ ਅਖ ਦੇ ਫੇਰ ਵਿਚ ਉਸੇ ਹੀ ਹਾਲਤ ਮੂੰਹ ਦੇ ਮੂੰਹ ਸਾਰਜੰਟ ਹੋਰੀਂ ਵੀ ਆਪਣੀ ਮਿਸਲ ਸਮੇਤ ਚਿਕੜ ਵਿਚ ਲੇਥੂ ਪੇਥੂ ਹੋ ਚੁਕੇ ਸਨ, ਫੁਟ ਪਾਥ ਦੇ ਸਜੇ ਪਾਸੇ ਵਿਚ ਇਕ ਹਿੰਦੀ ਸਿਪਾਹੀ ਦੇ ਡਿਗਣ ਦਾ ਪੂਰਾ ਨਿਸ਼ਾਨ ਲਾਸ਼ ਵਾਂਗੂ ਮੌਜੂਦ ਸੀ ਤੇ ਖਬੇ ਪਾਸੇ ਗੋਰੇ ਸਾਰਜੰਟ ਦੀ ਚਿਕੜ ਵਿਚ ਨਕਸ਼-ਬੰਦੀ ਹੋਈ ਪਈ ਸੀ। ਦੋਹਾਂ ਨੇ-- ਸਾਰਜੰਟ ਨੇ ਆਪਣੀ ਟੋਪੀ ਅਤੇ ਸਿਪਾਹੀ ਨੇ ਆਪਣੇ ਡੋਲ ਚੁਕੇ ਅਤੇ ਦੋਵੇਂ ਚੁਪ ਚਾਪ ਆਪੋ ਆਪਣੇ ਹਟਾਂ ਨੂੰ ਤੁਰ ਗਏ। ਮਾਮਲਾ ਬੜਾ ਹੀ ਖ਼ਤਰਨਾਕ ਸੀ । ਕੁਝ ਚਿਰ ਦੋਹਾਂ ਪਾਸਿਆਂ ਵਲੋਂ ਤਕੜੇ ਫਸਾਦ ਦੀ ਆਸ ਰਖੀ ਗਈ। ਪਰ ਸਾਰਜੰਟ ਨੂੰ ਆਪਣੀ ਗ਼ਲਤੀ ਦੀ ਸਮਝ ਆ ਚੁਕੀ ਸੀ। ਫਿਰ ਅਸੀਂ ਜਿਤਨਾ ਚਿਰ ਰਹੇ ਕੋਈ ਗਲ ਨਾ ਹੋਈ। ਬਲਿਕ ਸਾਰਜੰਟ ਨੇ ਇਸ ਮਾਮਲੇ ਦੀ ਰੀਪੋਟ ਵੀ ਅਫ-ਸਰਾਂ ਤਕ ਨਾ ਕੀਤੀ। ਉਹ ਜਾਣਦਾ ਸੀ ਕਿ ਫੁਟ-ਪਾਥ ਥੀਂ ਲੰਘਣ ਦਾ ਹੱਕ ਹਰ ਇਕ ਨੂੰ ਹੈ।

* * * * *

ਉਸ ਦਿਨ ਜਦੋਂ ਸਾਡੇ ਗਰੰਥੀ ਸਾਹਿਬ ਇਥੇ ਸਾਨੂੰ ਮਿਲਣ ਆਏ, ਬੜਾ ਹੀ ਅਨੰਦ ਬਣਿਆ, ਅੱਧ ਕੁ ਮੀਲ ਦੀ ਵਿਥ ਉਪਰ ਇਕ ਟੁਟੀ ਫੁਟੀ ਆਬਾਦੀ ਸੀ। ਜਿਥੇ ਪੰਜ ਛੀ ਕੁੜੀਆਂ ਤੇ ਉਹਨਾਂ ਦੇ ਮਾਪੇ ਰਹਿੰਦੇ ਸਨ। ਉਹ ਦਸਦੇ ਸਨ ਕਿ ਉਹ ਕਿਸੇ ਹੋਰ ਪਿੰਡ ਉਜੜਕੇ ਇਥੇ ਆਏ ਹਨ। ਅਤੇ ਫੌਜਾਂ ਦੇ ਉਤਾਰੇ ਕਾਰਨ ਉਨ੍ਹਾਂ ਆਪਣੀ ਪੇਟ-ਪੂਜਾ ਲਈ ਇਥੇ ਹੀ ਸ਼ਰਾਬ ਅਤੇ ਰੋਟੀ ਦੀ ਦੁਕਾਨ ਖੋਲ੍ਹ ਲਈ। ਛੁਟੀ ਵਾਲੇ ਦਿਨ ਜਾਂ ਪਿਛੇ ਰਹਿਣ ਵਾਲੇ ਸਿਪਾਹੀ ਇਥੋਂ ਸ਼ਰਾਬ, ਰੋਟੀ, ਕਾਫੀ, ਫਰਾਈ ਕੀਤੇ ਆਲੂ ਆਦਿਕ ਚੀਜ਼ਾਂ ਖਰੀਦ ਲੈਂਦੇ ਸਨ। ਇਹ ਕੁੜੀਆਂ ਵੀ ਫੌਜੀਆਂ ਨਾਲ ਚੰਗੀਆਂ ਖੁਲ੍ਹਾ-ਡੁਲ੍ਹਾ ਵਰਤਦੀਆਂ ਸਨ। ਦਿਨ ਦੀ ਥਕਾਵਟ ਦੂਰ ਕਰਨ ਲਈ ਅਤੇ ਕਈ ਅਖਾਂ ਸੇਕਣ ਲਈ ਲਗ ਭਗ ਸਾਰੇ ਹੀ ਇਥੇ ਪੁਜਦੇ।

ਅਸਾਂ ਵੀ ਅਜ ਮਾਨ ਯੋਗ ਗਰੰਥੀ ਸਾਹਿਬ ਜੀ ਦੀ ਖਾਤਰ-ਦਾਰੀ ਕਰਨੀ ਸੀ। ਖਬਰੇ ਚੋਰੀ ਉਹ ਪੀ ਲੈਂਦੇ ਹੋਣ, ਪਰ ਸਾਹਮਣੇ ਉਨ੍ਹਾਂ ਹਮੇਸ਼ਾਂ ਹੀ ਇਨਕਾਰ ਕੀਤਾ ਹੈ।

ਲੰਗਰ ਦੀਆਂ ਮਾਮੂਲੀ ਰੋਟੀਆਂ ਥੀਂ ਵਧੀਕ ਇਸੇ ਹੋਟਲ ਵਿਚ

ਉਨ੍ਹਾਂ ਦੀ ਸੇਵਾ ਹੋ ਸਕਦੀ ਸੀ। ਮਖਣ, ਰੋਟੀ, ਸੀਤ, ਪਨੀਰ ਅਤੇ ਤਲੇ ਹੋਏ ਆਲੂਆਂ ਦੀਆਂ ਪਲੇਟਾਂ ਇਕ ਸਾਧਾਰਨ ਜਹੇ ਮੇਜ਼ ਉਪਰ ਸਜਾਈਆਂ ਗਈਆਂ, ਬਾਕੀਆਂ ਤਾਂ ਸ਼ਰਾਬ ਵੀ ਪੀਤੀ ਅਤੇ ਹੋਰ ਵੀ ਚੀਜ਼ਾਂ ਖਾਧੀਆਂ, ਪਰ ਮਾਨ ਯੋਗ ਗਰੰਥੀ ਜੀ ਨੇ ਕੇਵਲ ਆਲੂਆਂ ਨੂੰ ਹੀ ਭਾਗ ਲਾਏ। ਉਨ੍ਹਾਂ ਨੇ ਆਲੂ ਪਹਿਲੀ ਵਾਰੀ ਅਜ ਹੀ-ਫਰਾਈ ਕੀਤੇ ਆਲੂ ਖਾਧੇ ਸਨ। ਬੜੀਆਂ ਸਿਫਤਾਂ ਕੀਤੀਆਂ। ਜਦੋਂ ਬਿਲ ਤਾਰ ਕੇ ਅਸੀਂ ਤੁਰਨ ਲਗੇ ਤਾਂ ਇਕ ਨੌਜਵਾਨ ਕੁੜੀ ਪਾਸੋਂ ਗਰੰਥੀ ਜੀ ਨੇ ਆਲੂ ਤਿਆਰ ਕਰਨ ਦੀ ਮਰਯਾਦਾ ਪੁਛੀ, ਅਸਾਂ ਮੁਟਿਆਰ ਨੂੰ ਦਸਿਆ ਕਿ ਇਹ ਸਾਡੇ ਧਾਰਮਕ ਆਗੂ ਹਨ। "ਮਿਸਯੂ ਕਿਉਰੇ" ਨੌਜੁਵਾਨ ਸੁੰਦਰੀ ਵੀ ਉਨ੍ਹਾਂ ਨੂੰ ਮਾਨ ਯੋਗ ਗਰੰਥੀ ਖ਼ਿਆਲ ਕਰਦੀ ਹੋਈ ਨਮਸਕਾਰ ਕਰਕੇ ਭਜਦੀ ਗਈ ਅਤੇ ਜਲਦੀ ਹੀ ਫਰਾਈ ਪਾਨ, ਆਲੂ, ਛੁਰੀ ਅਤੇ ਗਰੀਸ ਵਾਲਾ ਬਰਤਨ ਚੁਕ ਲਿਆਈ। ਇਕ ਮੋਟੇ ਆਲੂ ਦੀ ਛਿਲ ਸਾਡੇ ਸਾਹਮਣੇ ਲਾਹੀ, ਉਸ ਨੂੰ ਤੌਲੀਏ ਨਾਲ ਸੁਕਾ ਦਿਤਾ, ਫਿਰ ਆਲੂ ਦੀਆਂ ਬਾਰੀਕ ਫਾੜੀਆਂ ਕੀਤੀਆਂ, ਡਬੇ ਵਿਚੋਂ ਗਰੀਸ ਦੇ ਤਿੰਨ ਚਾਰ ਚਿਮਚੇ ਫਰਾਈ ਪਾਨ ਵਿਚ ਪਾਕੇ ਅੰਗੀਠੀ ਉਪਰ ਚਾੜ੍ਹ ਦਿਤਾ। ਅਜੇ ਘਿਉ ਗਰਮ ਹੀ ਹੋ ਰਿਹਾ ਸੀ ਕਿ ਡਬੇ ਵਾਲੀ ਤਸਵੀਰ ਉਪਰ ਗਰੰਥੀ ਜੀ ਦੀ ਨਜ਼ਰ ਜਾ ਪਈ। ਲੰਬੇ ਕੰਨਾਂ ਤੇ ਮੋਟੇ ਸਿੰਘਾਂ ਵਾਲੇ ਕਿਸੇ ਬੈਲ ਦੀ ਗਰਦਨ ਦਿਸ ਰਹੀ ਸੀ। ਸਾਡੇ ਪੁਛਣ ਉਪਰ ਕੁੜੀ ਨੇ ਡੱਬਾ ਚੁਕਕੇ ਆਖਿਆ :-

"ਮਮਸ਼ੋਜ਼-ਵਾਸ਼, ਸ਼ਿਵਲ-" ਮਤਲਬ ਇਹ ਕਿ ਗਊ ਬੈਲ ਆਦਿ ਦੀ ਚਰਬੀ ਹੈ। ਨਾਲ ਹੀ ਉਸ ਤਸਵੀਰ ਵਲ ਸੈਨਤ ਕਰਕੇ ਦਸ ਰਹੀ ਸੀ ਕਿ ਬੜੀ ਤਾਕਤਵਰ ਚੀਜ਼ ਹੈ। ਰਿਸ਼ਟ-ਪੁਸ਼ਟ ਕਰਦੀ ਹੈ, ਅਸੀਂ ਮਹੀਨੇ ਥੀਂ ਹਰ ਰੋਜ਼ ਇਹੋ ਹੀ ਤਲੇ ਹੋਏ ਆਲੂ ਚੁਵਾਨੀ ਪਲੇਟ ਦੇ ਹਿਸਾਬ ਖਾ ਰਹੇ ਸਾਂ। ਪਰ ਗਰੰਥੀ ਜੀ ਨੇ ਹੋੜਾ ਪਾ ਦਿਤਾ।

# ਅੱਧੀ ਰਾਤ ਦਾ ਸਾਥੀ

ਕੋਇਲੇ ਦੀ ਖਾਣ ਜੀਵਨ ਵਿਚ ਇਕ ਵਾਰੀ ਵੇਖਣ ਵਾਲੀ ਅਦਭੁਤ ਥਾਂ ਹੈ। ਸੈਂਕੜੇ ਮੀਲ ਧਰਤੀ ਦੇ ਹੇਠਾਂ ਬਿਜਲੀ, ਰੌਸ਼ਨੀ ਤੇ ਸਾਫ਼ ਸੁਥਰੀ ਪੌਣ ਪੁਚਾਣ ਥੀਂ ਵਖ ਅੰਦਰ ਹੀ ਬਿਜਲੀ ਦੇ ਇੰਜਨ ਤੇ ਕੋਇਲੇ ਦੀਆਂ ਹਜ਼ਾਰਾਂ ਗਡੀਆਂ ਚਲਦੀਆਂ ਹਨ, ਅੰਦਰ ਹੀ ਰੇਲਵੇ ਸਟੇਸ਼ਨ ਹਨ, ਅੰਦਰ ਹੀ ਦਫ਼ਤਰ ਹਨ, ਸੈਂਕੜੇ ਮੀਲਾਂ ਤਕ ਅੰਦਰੋ ਅੰਦਰ ਧਰਤੀ ਖੋਖਲੀ ਹੋ ਚੁਕੀ ਹੈ। ਇਕ ਮਜ਼ਦੂਰ ਹਜ਼ਾਰਾਂ ਮਣ ਕੋਇਲਾ ਆਪਣੀ ਨਿਕੀ ਜਿਹੀ ਗੈਂਤੀ ਨਾਲ ਪੁਟੀ ਜਾ ਰਿਹਾ ਹੈ, ਇਸ ਨੂੰ "ਕਾਨ-ਕੁਨ" ਹੀ ਆਖਿਆ ਜਾਂਦਾ ਹੈ। ਸਿਆਹ ਕਾਲੇ ਹਥ, ਕਾਲਾ ਮੁਖੜਾ ਅਤੇ ਕਾਲੇ ਹੀ ਕਪੜੇ, ਸਿਰ ਦੀ ਟੋਪੀ ਨਾਲ ਬਿਜਲੀ ਦਾ ਬਲਬ ਲਾਈ ਕੰਮ ਵਿਚ ਜੁਟਿਆ ਹੈ, ਕਦੇ ਇਸ ਵਿਚਾਰੇ ਨੂੰ ਲੇਟਣਾ ਪੈਂਦਾ ਹੈ, ਕਦੇ ਉਛਲ ਉਛਲ ਕੇ ਸਿਰ ਥੀਂ ਉਚੇਰੀ ਥਾਂ ਕੱਟਣੀ ਪੈਂਦੀ ਹੈ, ਕਦੇ ਗੋਡਿਆਂ ਭਾਰ। ਗਲ ਕੀ ਵਿਚਾਰੇ ਨੂੰ ਕਈ ਪੋਜ਼ੀਸ਼ਨਾਂ ਵਿਚ ਕੰਮ ਕਰਨਾ ਪੈਂਦਾ ਹੈ। ਇਸ ਕੰਮ ਉਪਰ ਆਮ। ਕਰਕੇ ਹਟੇ ਕਟੇ ਮਜ਼ਬੂਤ ਤੇ ਰਿਸ਼ਟ ਪੁਸ਼ਟ ਗਭਰੂ ਹੀ

ਲਾ ਤੇ ਜਾਂਦੇ ਹਨ। ਕੋਇਲੇ ਦੀ ਖਾਣ ਇਕ ਵੱਖਰਾ ਸੰਸਾਰ ਹੈ, ਜਿਸ ਪਾਸੇ ਜਿਤਨੀ ਦੂਰ ਤਕ ਕੋਇਲਾ ਨਿਕਲਦਾ ਜਾਂਦਾ ਹੈ, ਨਿਕੀ ਰੇਲਵੇ ਲਾਇਨ ਅਤੇ ਕੋਇਲਾ ਢੋਣ ਵਾਲੇ ਛਕੜੇ ਉਥੋਂ ਤਕ ਪੁਜਦੇ ਜਾਂਦੇ ਹਨ। ਭਰੀਆਂ ਹੋਈਆਂ ਗਡੀਆਂ ਵਡੇ ਸਟੇਸ਼ਨ ਉਪਰ ਪੁਜ ਕੇ ਖੂਹ ਦੇ ਡੋਲ ਵਾਂਗੂ ਲੋਹੇ ਦੇ ਰਸੇ ਨਾਲ ਬਾਹਰ ਖਿਚ ਲਈਆਂ ਜਾਂਦੀਆਂ ਅਤੇ ਸਾਮ੍ਹਣੇ ਖੜੋਤੀਆਂ ਰੇਲਵੇ ਵੈਗਨਾਂ ਵਿਚ ਮੂਧੀਆਂ ਕਰ ਦਿੰਦੇ। ਖਾਲੀ ਗਡੀਆਂ ਖੂਹ ਦੀਆਂ ਟਿੰਡਾਂ ਵਾਂਗ ਫਿਰ ਉਸੇ ਲੋਹੇ ਦੇ ਰਸੇ ਨਾਲ ਸੁਰੰਗ ਦੇ ਹੇਠਾਂ ਤੋਰ ਦਿਤੀਆਂ ਜਾਂਦੀਆਂ। ਸੁਰੰਗ ਦੇ ਅੰਦਰ ਵੀ ਕਈ ਥਾਂ, ਜਿਥੇ ਕੋਇਲਾ ਸਖ਼ਤ ਹੁੰਦਾ ਜਾਂ ਪੱਥਰ ਕੱਟਣਾ ਪੈਂਦਾ, ਉਥੇ ਵੀ ਇਨਸਾਨੀ ਹਥਾਂ ਦੀ ਥਾਂ ਬਿਜਲੀ ਹੀ ਕੰਮ ਕਰਦੀ। ਫਰਾਂਸ ਦੀ ਕੁੜੀ ਬੜੀ ਦਲੇਰ ਹੈ। ਖਾਣ ਦੇ ਅੰਦਰ ਵੀ ਦਫਤਰਾਂ ਦਾ ਕੰਮ ਕਰਨ ਵਾਲੀਆਂ, ਫ਼ਸਟ-ਏਡ ਵਾਲੀਆਂ ਨਰਸਾਂ, ਰੋਟੀ ਚਾਹ ਤੇ ਹਾਜ਼ਰੀ ਪੁਚਾਣ ਵਾਲੀਆਂ, ਖਾਣ ਦੇ ਅੰਦਰ ਹਜ਼ਾਰਾਂ ਮੀਲ ਨਿਧੜਕ ਹਿਕ ਕਢਕੇ ਜਾਣ ਵਾਲੀਆਂ ਫ਼ਰਾਂਸ ਦੀਆਂ ਕੁੜੀਆਂ ਹੀ ਹਨ।

* * * *

ਖਾਣ ਦੇ ਬਾਹਰ ਵਾਲੀ ਦੁਨੀਆਂ ਵੀ ਵੇਖਣ ਨਾਲ ਸਬੰਧ ਰਖਦੀ ਹੈ। ਮਜ਼ਦੂਰਾਂ ਦੀਆਂ ਬੈਰਕਾਂ, ਸੈਰਗਾਹਾਂ, ਖੁਲ੍ਹੇ ਮੌਸਮ ਵਿਚ ਇਸ਼ਨਾਨ ਲਈ ਪਾਨੀ ਦੇ ਲਬਾ ਲਬ ਭਰੇ ਹੋਏ ਟੈਂਕ ਤੇ ਸਿਆਲੇ ਵਿਚ ਇਸ਼ਨਾਨ ਲਈ ਸ਼ਾਹਾਨਾ ਗੁਸਲਖਾਨੇ, ਹੋਟਲ, ਸਿਨਮਾ, ਹਾਕੀ, ਫੁਟਬਾਲ, ਟੈਨਸ ਦੀਆਂ ਗਰਾਂਊਂਡਾਂ, ਡਾਕਖਾਨਾ, ਤਾਰ ਘਰ, ਬਾਜ਼ਾਰ, ਸਕੂਲ, ਸਾਰਾ ਕੁਝ ਵੇਖਣ ਨਾਲ ਸਬੰਧ ਰਖਦਾ ਹੈ। ਸ਼ਹਿਰਾਂ ਪਿੰਡਾਂ ਥੀਂ ਦੂਰ ਜੰਗਲ ਉਜਾੜ ਵਿਚ ਇਹ ਸਾਰੀਆਂ ਚੀਜ਼ਾਂ ਮੌਜੂਦ ਹਨ, ਇਸ ਸਾਰੀ ਦੁਨੀਆਂ ਨੂੰ ਚਲਾਣ ਲਈ ਇਕ ਵਡੇ ਇੰਜਨ ਦੇ ਸਿਰ ਬਾਜ਼ੀ ਹੈ ਜਿਹੜਾ ਸੈਂਕੜੇ ਮਣ ਕੋਇਲਾ ਖਾਈ ਜਾਂਦਾ ਹੈ, ਜਿਸ ਦੀਆਂ ਕਈ ਭਠੀਆਂ ਹਨ। ਇਹ ਇੰਜਨ ਸੈਂਕੜੇ ਟਨ ਕੋਇਲਾ ਸੁਆਹ ਕਰਕੇ ਆਪਣੀ ਸਾਰੀ ਖਟੀ ਨੂੰ ਬਿਜਲੀ ਦੀ ਸ਼ਕਲ ਵਿਚ ਤਬਦੀਲ ਕਰੀ ਜਾਂਦਾ ਹੈ। ਥੋੜੀ ਹੀ ਵਿਥ ਉਪਰ ਬਿਜਲੀ ਘਰ ਹੈ, ਜਿਥੇ ਕਰੋੜਾਂ ਅਰਬਾਂ ਮੀਟਰ ਬਿਜਲੀ, ਵਡੇ ਵਡੇ ਪਾਵਰ ਹਊਸਾਂ ਵਿਚ ਬੰਦ ਕੀਤੀ ਜਾ ਰਹੀ ਹੈ ਅਤੇ ਜੇਹੜੀ ਬਿਜਲੀ ਵਰਤਣ ਅਤੇ ਸੰਭਾਲਣ ਥੀਂ ਬਚ

ਰਵ੍ਹੇ, ਉਹ ਆਪਣੇ ਆਪ ਹੀ ਧਰਤੀ ਵਿਚ ਗ਼ਾਇਬ ਹੋ ਜਾਂਦੀ ਹੈ।

ਇਸ ਵਡੇ ਇੰਜਨ ਨੂੰ ਕਰੋੜਾਂ ਟਨ ਪਾਣੀ ਵੀ ਚਾਹੀਦਾ ਹੈ, ਸੈਂਕੜੇ ਮਣਾਂ ਪਾਣੀ ਵਡਾ ਇੰਜਨ ਮਿੰਟਾਂ ਵਿਚ ਗਰਮ ਕਰਕੇ ਇਕ ਪਾਸੇ ਵਲੋਂ ਕਢੀ ਜਾਂਦਾ ਹੈ ਤੇ ਦੂਜੇ ਬੰਨਿਓਂ ਆਪਣੇ ਆਪ ਠੰਡਾ ਪਾਣੀ ਇੰਜਨ ਵਿਚ ਪੈ ਰਿਹਾ ਹੈ। ਗਰਮ ਪਾਣੀ ਇਕ ਵਡੇ ਨਲ ਰਾਹੀਂ ਥੋੜੀ ਜਹੀ ਵਿਥ ਉਪਰ ਇਕ ਖੁਲ੍ਹੇ ਤਾਲਾਬ ਵਿਚ ਪੈ ਰਿਹਾ ਹੈ ਤੇ ਜਿਥੇ ਹਜ਼ਾਰਾਂ ਫੁਵਾਰਿਆਂ ਵਿਚੋਂ ਉਛਲ ਉਛਲ ਕੇ ਆਪਣੇ ਆਪ ਹਵਾ ਵਿਚ ਠੰਡਾ ਹੋ ਰਿਹਾ ਹੈ। ਇਹ ਸਾਰਾ ਕੰਮ ਬਿਨਾਂ ਕਿਸੇ ਰੋਕ ਟੋਕ ਦੇ ਇਕ ਥਾਂ ਤੋਂ ਦੂਜੀ ਥਾਂ ਆਪਣੇ ਆਪ ਹੁੰਦਾ ਹੈ। ਗਲ ਕੀ ਇਸ ਜੰਗਲ ਵਿਚ ਬਿਜਲੀ ਦੀ ਦੁਨੀਆਂ ਵਸਦੀ ਹੈ।

* * * *

ਅਸੀਂ ਇਥੇ ਇਸ਼ਨਾਨ ਕਰਨ ਗਏ ਸਾਂ, ਜਿਸ ਪਿੰਡ ਫੌਜ ਦਾ ਉਤਰਾ ਸੀ, ਉਥੋਂ ਕੋਈ ਦਸ ਬਾਰਾਂ ਮੀਲ ਉਪਰ ਇਹ ਖਾਣ ਸੀ, ਇਸ਼ਨਾਨ-ਗਾਹ ਵਿਚ ਅਨੇਕਾਂ ਵਖੋ ਵਖਰੇ ਗੁਸਲਖਾਨੇ ਸਨ, ਹਰ ਗੁਸਲਖਾਨੇ ਵਿਚ ਗਰਮ ਤੇ ਠੰਡੇ ਪਾਣੀ ਦੀਆਂ ਟੂਟੀਆਂ ਇਕ ਵਡੇ ਚੀਨੀ ਦੇ ਟਪ ਵਿਚ ਖੁਲ੍ਹਦੀਆਂ ਸਨ। ਇਹ ਚਿਟਾ ਦੁਧ ਟਪ ਜਦ ਪਾਣੀ ਨਾਲ ਅੱਧਾ ਕੁ ਭਰ ਲਿਆ ਜਾਂਦਾ ਤਾਂ ਨੰਗ-ਮਨੰਗਾ ਇਨਸਾਨ ਇਸ ਵਿਚ ਸੁਖੇਨਤਾ ਨਾਲ ਲੰਬਾ ਲੇਟ ਸਕਦਾ ਸੀ। ਥਕਿਆ ਟੁਟਿਆ ਮਜ਼ਦੂਰ ਇਸ ਨਿਘੇ ਪਾਣੀ ਵਿਚ ਲੇਟਕੇ ਤੇ ਨਰਮ ਤੌਲੀਏ ਨਾਲ ਸਰੀਰ ਨੂੰ ਮਲ ਮਲਕੇ ਸਾਰੇ ਹੀ ਸਰੀਰ ਦੀ ਟਕੋਰ ਕਰ ਲੈਂਦਾ ਸੀ, ਕੁਲ ਥਕਾਵਟ ਦੂਰ ਹੋ ਜਾਂਦੀ। ਖਾਣ ਵਿਚ ਕੰਮ ਕਰਨ ਵਾਲੇ ਕਪੜੇ ਦੂਜੇ ਦਿਨ ਰਖਕੇ ਨਵੇਂ ਬਸਤਰ ਪਾ ਇਹ ਰਾਂਝਾ ਬਾਹਰਲੇ ਕੈਫ਼ ਵਿਚ ਚਲਾ ਜਾਂਦਾ ਹੈ ਜਿਥੇ ਪਤਲੇ ਲਕ ਵਾਲੀਆਂ ਸੁੰਦਰੀਆਂ ਦੇ ਹਥੋਂ ਕਾਫ਼ੀ ਅਤੇ ਸ਼ਰਾਬ ਦਾ ਗਲਾਸ ਮਿਠੇ ਮਿਠੇ ਘੁਟਾਂ ਨਾਲ ਪੀਂਦਾ, ਨਾਲ ਹੀ ਹੋਟਲ ਦੀਆਂ ਸੁੰਦਰੀਆਂ ਦੀਆਂ ਪ੍ਰੀਤ ਕਹਾਣੀਆਂ ਸੁਣਦਾ। ਹਸਦੀ ਬੋਲਦੀ ਖਾਣ ਦੀ ਕਾਲੀ ਸਿਆਹ ਦੁਨੀਆਂ ਦੀਆਂ ਸਾਰੀਆਂ ਮੁਸ਼ਕਲਾਂ ਚਿਟੀ ਦੁਧ ਇੰਦਰ ਦੇ ਅਖਾੜੇ ਦੀ ਪਰੀ, ਫਰਾਂਸਣ ਸਹੇਲੀ ਦੀਆਂ ਨਾਜ਼ਕ ਬੁਲ੍ਹੀਆਂ ਅਤੇ ਮਸਤ ਚਮਕੀਆਂ ਅੱਖਾਂ ਵਿਚ ਬਦਲੀ ਜਾਂਦੀ। * * *

ਕਾਰਖਾਨੇ ਦੇ ਪ੍ਰਬੰਧਕਾਂ ਨੇ ਮਜ਼ਦੂਰ ਨੂੰ ਜੋ ਕੁਝ ਮਜ਼ਦੂਰੀ ਬਦਲੇ ਦਿਤਾ ਹੈ। ਸਾਰਾ ਕੁਝ ਹੀ ਫਿਰ ਕਿਸੇ ਨਾ ਕਿਸੇ ਦੂਜੀ ਸ਼ਕਲ ਵਿਚ ਮੋੜ ਲਿਆ ਹੈ। ਸਿਨਮਾ, ਹਸਪਤਾਲ, ਸਕੂਲ, ਖੇਡਣ ਗਰੌਂਡਾਂ, ਗੁਸਲਖਾਨਾ, ਨਾਚ ਘਰ, ਗਿਰਜਾ ਅਤੇ ਕਵਾਟਰ ਮਜ਼ਦੂਰ ਲਈ ਭਾਵੇਂ ਮੁਫ਼ਤ ਹੀ ਹਨ, ਪਰ ਮਜ਼ਦੂਰ ਆਪਣੀ ਤਨਖਾਹ ਨੂੰ ਪਹਿਲੇ ਦਿਨ ਹੀ ਨਕਦੀ ਦੀ ਸ਼ਕਲ ਵਿਚ ਨਹੀਂ ਲੈਂਦਾ, ਸਗੋਂ ਇਸ ਦੇ ਉਲਟ ਕਾਰਖਾਨੇ ਦੀਆਂ ਪਰਚੀਆਂ ਖ਼ਰੀਦ ਲੈਂਦਾ ਹੈ ਅਤੇ ਜਿਸ ਦੇ ਸਪੱਸ਼ਟ ਅਰਥ ਇਹੋ ਹਨ ਕਿ ਫਿਰ ਉਹ ਸਾਰੀਆਂ ਹੀ ਚੀਜ਼ਾਂ ਕਾਰਖਾਨੇ ਦੀਆਂ ਦੁਕਾਨਾਂ ਵਿਚੋਂ ਹੀ ਖ਼ਰੀਦ ਕਰਦਾ ਹੈ। ਸ਼ਹਿਰ ਜਾਣ ਲਈ ਭਾਵੇਂ ਟਰਾਮ ਵੀ ਆਂਵਦੀ ਹੈ, ਪਰ ਆਪਣੀਆਂ ਪ੍ਰੀਤ ਪੀਂਘਾਂ ਵਖਰਿਆਂ ਝੂਟਣ ਲਈ ਸਾਈਕਲਾਂ ਦੀ ਸ਼ਾਨਦਾਰ ਦੁਕਾਨ ਵੀ ਸੀ, ਜਿਥੋਂ ਵਖੋ ਵਖਰੀਆਂ ਨੌਜੁਆਨ ਜੋੜੀਆਂ ਸਾਈਕਲਾਂ ਕਰਾਏ ਲੈ ਨਿਘੀਆਂ ਤੇ ਨਵੇਕਲੀਆਂ ਸੈਰਾਂ ਲਈ ਜਾਂਦੇ ਸਨ। ਹਰ ਰੋਜ਼ ਨਾਚ-ਘਰ ਤੇ ਸਿਨਮਾ ਵਿਚ ਇੰਦਰ ਦਾ ਅਖਾੜਾ ਜੁੜਦਾ ਸੀ। ਜੱਫੀਆਂ ਪੈਂਦੀਆਂ, ਹਿਕਾਂ ਮਿਲਦੀਆਂ, ਪਿਆਰ ਘੁਟਣੀਆਂ ਹੋਂਦੀਆਂ ਤੇ ਮਜ਼ਦੂਰ ਦੀਆਂ ਸਾਰੀਆਂ ਥਕਾਵਟਾਂ ਦੂਰ ਹੋ ਜਾਂਦੀਆਂ––ਕਿਤਨੀ ਸ਼ਾਹਾਨਾ ਜ਼ਿੰਦਗੀ ਹੈ ਫਰਾਂਸ ਦੇ ਮਜ਼ਦੂਰ ਦੀ।

ਇਕ ਵੱਖ ਹੀ ਦੁਕਾਨ ਥੀਂ ਜ਼ਨਾਨਾ ਅਤੇ ਮਰਦਾਨਾ ਸੂਟ ਵੀ ਕਰਾਏ ਉਪਰ ਮਿਲ ਸਕਦੇ ਸਨ। ਇਸ ਸ਼ਾਹੀ ਦੁਕਾਨ ਉਪਰ ਅਨੇਕਾਂ ਅਲਮਾਰੀਆਂ ਵਿਚ ਵਖੋ ਵਖਰੀ ਥਾਂ ਆਪਣਾ ਸੂਟ ਉਹ ਲਾਹ ਕੇ, ਦੂਜੇ ਸੂਟ ਪਾ ਲਏ ਜਾਂਦੇ। ਨਿਕੇ ਨਿਕੇ ਕਈ ਕਮਰਿਆਂ ਵਿਚ ਆਦਮ-ਕਦ ਸ਼ੀਸ਼ੇ ਅਤੇ ਸ਼ਿੰਗਾਰ-ਮੇਜ਼ ਮੌਜੂਦ ਸਨ। ਸੁੰਦਰੀਆਂ ਆਪਣੇ ਸੂਟ ਲਾਹਕੇ ਸ਼ੀਸ਼ੇ ਦੇ ਸਾਮ੍ਹਣੇ ਖੜੋ, ਕਰਾਏ ਦੇ ਸੂਟ ਸਜਾ ਲੈਂਦੀਆਂ, ਵਾਲ ਸੰਵਾਰ, ਸੁਰਖੀ ਪਾਊਡਰ ਮਲ ਕੇ ਤਿਆਰ ਹੋ ਨਿਕਲਦੀਆਂ। ਇਕ ਸੂਟ ਵਿਚ ਜਰਾਬ, ਅੰਦਰ ਵਾਲੀ ਚੋਲੀ, ਘਗਰੀ ਥੀਂ ਲੈਕੇ ਟੋਪੀ, ਬੂਟ, ਛਤਰੀ, ਬਟਊਆ, ਦਾਸਤਾਨੇ, ਮਫ਼ਲਰ, ਸਾਰੀਆਂ ਚੀਜ਼ਾਂ ਸ਼ਾਮਲ ਹੁੰਦੀਆਂ ਸਨ। ਇਸ ਦੇ ਨਾਲ ਹੀ ਫ਼ੋਟੋਗਰਾਫੀ ਦੀ ਦੁਕਾਨ ਵੀ ਮੌਜੂਦ ਹੈ। ਜਿਥੇ ਜੋੜੀਆਂ ਸਜ ਸਜਾਕੇ ਬਾਹਵਾਂ ਵਿਚ ਬਾਹਵਾਂ ਪਾ, ਵਖੋ ਵਖਰੇ ਅਨੇਕਾਂ ਨਮੂਨਿਆਂ ਦੀਆਂ ਤਸਵੀਰਾਂ ਲੁਹਾਂਦੀਆਂ

ਸਨ । ਖ਼ੁਰਾਕ, ਸੈਰ ਤੇ ਜੀਵਨ ਦੀਆਂ ਹੋਰ ਖੁਸ਼ੀਆਂ ਵਾਂਗ ਜ਼ਿੰਦਗੀ ਵਿਚ ਵਖੋ ਵਖਰੇ ਕਈ ਪ੍ਰਕਾਰ ਦੇ ਫ਼ੋਟੋ ਲੁਹਾਵਣੇ ਵੀ ਇਕ ਇਨਸਾਨੀ ਫ਼ਿਤਰਤ ਹੈ । ਕਈ ਨੌਜਵਾਨ ਸੁੰਦਰੀਆਂ ਥੋੜੀ ਜਹੀ ਉਜਰਤ ਲੈਕੇ ਵਿਕਰੀ ਲਈ ਆਪਣੀਆਂ ਅੱਧ ਨੰਗੀਆਂ ਤਸਵੀਰਾਂ ਵੀ ਲੁਹਾ ਲੈਂਦੀਆਂ । ਸਾਰੇ ਫਰਾਂਸ ਵਿਚ ਹਸਦੀ ਖੇਡਦੀ, ਤੁਰਦੀ ਫਿਰਦੀ, ਚਮਕਦੀ, ਬੋਲਦੀ ਚਾਲਦੀ, ਜੁਵਾਨੀ, ਬੁਢੇਪਾ, ਬਚਪਨ ਦੀਆਂ ਨਦੀਆਂ ਵਗਦੀਆਂ ਹਨ, ਖਾਣ, ਪੀਣ, ਖੇਡਣ, ਗਿਰਜੇ, ਇਸਨਾਨ, ਮੇਲੇ, ਜਨਮ, ਮਰਨ, ਬੀਮਾਰੀ, ਤੰਦਰੁਸਤੀ ਹਰ ਵੇਲੇ ਹੱਸੂ ਹੱਸੂ ਕਰਦੇ ਖਿੜੇ ਮਥੇ ਸਮਾਂ ਗੁਜ਼ਾਰੀ ਜਾਂਦੇ ਹਨ । ਮਾਂ ਨੂੰ ਧੀ ਦਾ ਫ਼ਿਕਰ ਨਹੀਂ, ਧੀ ਨੂੰ ਮਾਂ ਦਾ ਗ਼ਮ ਨਹੀਂ । ਜਵਾਨੀ ਚੜ੍ਹੇ ਮੁੰਡੇ ਕੁੜੀਆਂ ਆਪਣੀ ਮਨ ਮਰਜ਼ੀ ਦੇ ਮਾਲਕ ਹਨ, ਜਿਥੇ ਪਿਆਰ ਪੀਂਘਾਂ ਪਈਆਂ ਉਥੇ ਹੀ ਜੁੜ ਗਏ ਅਤੇ ਜਿਤਨਾ ਚਿਰ ਇਕ ਦੂਜੇ ਦੀ ਪਿਆਰ ਮਿਲਣੀਆਂ ਬਣੀਆਂ ਰਹੀਆਂ—ਵਿਆਹ ਦੀ ਤੰਦ ਬਝੀ ਰਹੀ । ਜਦੋਂ ਤਰੇੜ ਆਈ, ਹਸਦੇ ਹਸਦੇ ਇਕ ਨੇ ਦੂਜੇ ਲਈ ਤਲਾਕ ਦੀ ਦਰਖਾਸਤ ਲਿਖ ਮਾਰੀ । ਪਹਿਲੀ ਪੇਸ਼ੀ ਹੀ ਵਖੋ ਵੱਖਰੇ ਹੋ ਗਏ । ਜਿਵੇਂ ਇਕੋ ਸਾਈਕਲ ਉਪਰ ਚੜ੍ਹਕੇ ਅਨੰਦ ਕਾਰਜ ਲਈ ਪਾਦਰੀ ਪਾਸ ਪੁਜੇ ਸਨ ਉਸੇ ਤਰ੍ਹਾਂ ਬੜੇ ਸਿਦਕ ਪਿਆਰ ਨਾਲ ਇਕ ਦੂਜੇ ਥੀਂ ਵਖਰੇ ਹੋ ਗਏ ।

ਖਾਣ ਦੇ ਬਾਹਰਵਾਰ ਉਪਰਲੇ ਦਫਤਰ ਦੇ ਲਾਗੇ ਇਕ ਵਡਾ ਕਮਰਾ ਹੈ ਜਿਸ ਦੇ ਦੁਗਿਰਦੇ ਸੁਹਾਵਣਾ ਬਾਗ ਤੇ ਖੁਲੇ ਵਰਾਂਡੇ ਸਨ, ਗਮਲਿਆਂ ਵਿਚ ਖਿੜੇ ਫੁਲ ਅਜਬ ਬਹਾਰ ਦਿੰਦੇ । ਇਹ ਬਚਿਆਂ ਦਾ ਕਮਰਾ ਸੀ––ਮਾਸੂਮ ਇੰਵਾਣੇ ਬਚੇ––ਜਿਨ੍ਹਾਂ ਦੀਆਂ ਮਾਂਵਾਂ ਕਾਰਖਾਨੇ ਦੇ ਦਫਤਰ, ਦੁਕਾਨਾਂ, ਰੈਸਟੋਰੈਂਟ, ਸਕੂਲ ਆਦਿਕਾਂ ਵਿਚ ਆਪਣੀ ਨੌਕਰੀ ਉਪਰ ਜਾਂਦੀਆਂ । ਉਹ ਆਪਣੇ ਬਚਿਆਂ ਨੂੰ ਖਿਡਾਵੀਆਂ ਪਾਸ ਛਡ ਜਾਂਦੀਆਂ, ਜਾਂ ਤਾਂ ਮਾਂ ਦੀ ਆਪਣੇ ਬੱਚੇ ਵਾਸਤੇ ਵਖਰੀ ਗਡੀ ਹੁੰਦੀ, ਜਾਂ ਇਸੇ ਕਮਰੇ ਦੀ ਸੀਟ ਬਚੇ ਲਈ ਰੀਜ਼ਰਵ ਕਰਾਈ ਹੁੰਦੀ । ਹਰ ਇਕ ਬਚੇ ਲਈ ਉਸਦੇ ਨਾਲ ਉਸ ਦੀ ਖੁਰਾਕ ਦਾ ਪ੍ਰਬੰਧ ਹੁੰਦਾ । ਉਸਦੀ ਗਡੀ ਜਾਂ ਸੀਟ ਉਪਰ ਮਾਂ ਵਲੋਂ ਬਚੇ ਲਈ ਸਾਰੇ ਦਿਨ ਦਾ ਪੂਰਾ ਪਰੋਗਰਾਮ ਲਿਖਿਆ ਹੁੰਦਾ । ਚਾਕਲੇਟ ਦਾ ਟੁਕੜਾ

ਇਤਨੇ ਵਜੇ, ਦੁਧ ਇਤਨੇ ਚਿਰ ਨੂੰ, ਬਿਸਕੁਟ, ਸੰਗਤਰੀਆਂ ਇਸ ਵੇਲੇ, ਦਸ ਪੰਦਰਾਂ ਬਾਲਾਂ ਦੀ ਇਕ ਖਿਡਾਲੀ ਆਪਣੇ ਦਸ ਬਾਰਾਂ ਬੱਚਿਆਂ ਦੇ ਪਰੋਗਰਾਮ ਆਪਣੀ ਤਖ਼ਤੀ ਉਪਰ ਤਰਤੀਬ ਦੇ ਲੈਂਦੀ ਅਤੇ ਉਸੇ ਤਰਤੀਬ ਅਨਸਾਰ ਹਰ ਇਕ ਬੱਚੇ ਦੀ ਸੇਵਾ ਹੁੰਦੀ ਜਾਂਦੀ, ਢਾਈ ਤਿੰਨ ਸੌ ਬੱਚਿਆਂ ਦੀ ਮੌਜੂਦਗੀ ਵਿਚ ਰਤਾ ਵੀ ਚੀਕ ਚਿਹਾੜਾ ਨਹੀਂ ਸੀ। ਚੂਸਣੀਆਂ, ਖਿਡੌਣੇ, ਛਣਕਲੇ, ਗੇਂਦਾਂ, ਗੁਡੀਆਂ, ਵਖੋ ਵਖਰੀ ਉਮਰ ਦੇ ਬਾਲਾਂ ਲਈ ਮੌਜੂਦ ਸਨ । ਰਿੜ੍ਹਨ, ਤੁਰਨ-ਫਿਰਨ ਵਾਲਿਆਂ ਦੀਆਂ ਵਖੋ ਵਖਰੀਆਂ ਟੋਲੀਆਂ ਸਨ। ਆਪੋ ਆਪਣੇ ਸਮੇਂ ਬਚਿਆਂ ਦੀਆਂ ਮਾਵਾਂ ਆਉਂਦੀਆਂ, ਹਸਦੇ ਖੇਡਦੇ ਮੁਖੜੇ ਚੁੰਮਦੀਆਂ, ਖਿੜ-ਖਿੜਾਂਦੇ ਬਾਲ ਮਾਂਵਾਂ ਨੂੰ ਚੁਮਣੀਆਂ ਦੇਂਦੇ ਤੇ ਹਿਕਾਂ ਦੀਆਂ ਚੁਮਣੀਆਂ ਲੈਂਦੇ ਘਰਾਂ ਵਲ ਤੁਰ ਜਾਂਦੇ। ਜਿਥੇ ਸਾਰਾ ਦਿਨ ਸੁਗੰਧੀ ਭਰੇ ਫੁਲਾਂ ਵਿਚ ਸੰਸਾਰ ਦੀਆਂ ਪਵਿੱਤਰ ਰੱਬੀ ਰੂਹਾਂ ਦਾ ਬਾਗ਼ ਖਿੜਿਆ ਰਹਿੰਦਾ। ਰਾਤ ਪਈ ਨੂੰ ਇਹ ਥਾਂ ਬੰਦ ਕਰ ਦਿਤੀ ਜਾਂਦੀ, ਉਪਰਲੀਆਂ ਛਤਾਂ ਵਿਚ ਖਿਡਾਵੀਆਂ ਆਪੋ ਆਪਣੇ ਕਮਰਿਆਂ ਵਿਚ ਗਰਮ ਅੰਗੀਠੀ ਪਾਸ ਬੈਠ ਅਨੰਦ ਲੈਂਦੀਆਂ। ਦਿਨ ਚੜ੍ਹੇ ਫਿਰ ਉਹੀ ਰੌਣਕ ਅਤੇ ਚਹਿਲ ਬਹਿਲ——ਫ਼ਰਿਆਂ ਦੀ ਮਾਸੂਮ ਦੁਨੀਆਂ।

*　　*　　*　　*

ਅਜ ਸ਼ਾਮ ਨੂੰ ਆਪਣੇ ਨਿਵਾਸ ਅਸਥਾਨ ਥੀਂ ਮੈਂ ਨਾਲ ਦੇ ਪਿੰਡ ਗਿਆ, ਮੇਰੀਆਂ ਮਿੱਤਰ ਸਹੇਲੀਆਂ ਬੁਲਾ ਘਲਿਆ ਸੀ, ਜਿਨ੍ਹਾਂ ਦੇ ਘਰ ਅਸੀਂ ਕੁਝ ਚਿਰ ਪਹਿਲਾਂ ਰਹਿ ਆਏ ਸਾਂ ਉਨ੍ਹਾਂ ਵਿਚੋਂ ਇਕ ਦਾ ਮੰਗੇਤਰ ਫ਼ੌਜ ਵਿਚੋਂ ਛੁਟੀ ਆਇਆ ਸੀ, ਦੋਵੇਂ ਨੌਜਵਾਨ ਸੁੰਦਰ ਕੁੜੀਆਂ ਵਲੋਂ ਉਨ੍ਹਾਂ ਦੇ ਮਾਪਿਆਂ ਦੀ ਆਗਿਆ ਅਨੁਸਾਰ ਇਸ ਸਾਰੇ ਟੱਬਰ ਦਾ ਪ੍ਰੀਤੀ ਭੋਜਨ ਸੀ। ਮੈਂ ਅੱਠ ਕੁ ਵਜੇ ਇਥੇ ਜਾ ਪੁਜਾ। ਮਿੱਤਰਤਾ ਅਨੁਸਾਰ ਕੁਝ ਸੁਗਾਤਾਂ ਵੀ ਆਪਣੀ ਵਲੋਂ ਲੈ ਗਿਆ ਸਾਂ, ਜਿਨ੍ਹਾਂ ਵਿਚੋਂ ਰਾਸ਼ਨ ਦੀ ਥੋੜੀ ਜਹੀ ਰਮ ਵੀ ਸ਼ਾਮਲ ਸੀ, ਰਮ ਨੂੰ ਇਹ ਬੜੀ ਕੀਮਤੀ ਸ਼ਰਾਬ ਗਿਣਦੇ ਸਨ। ਇਹ ਪਿੰਡ ਉਸੇ ਕਾਰਖਾਨੇ ਦੇ ਰਾਹ ਵਿਚ ਸੀ, ਕੋਇਲੇ ਦੀ ਖਾਣ ਵਿਚ ਕੰਮ ਕਰਨ ਵਾਲੇ ਅਨੇਕਾਂ ਮਰਦ ਤ੍ਰੀਮਤਾਂ ਇਸ ਪਿੰਡ ਦੇ ਵੀ ਸ[illegible] ਜੇਹੇ ਹਰ

ਰੋਜ਼ ਜਾਂਦੇ ਤੇ ਰਾਤ ਨੂੰ ਘਰ ਮੁੜ ਆਉਂਦੇ ਸਨ।

ਬੜੀ ਡੂੰਘੀ ਪ੍ਰੀਤ-ਮਿਲਣੀ ਹੋਈ, ਦਸਤ-ਪੰਜੇ ਮਿਲੇ, ਚੁਮਣੀਆਂ ਲਈਆਂ ਦਿਤੀਆਂ। ਇਕ ਮੇਜ਼ ਦੁਵਾਲੇ ਸਭੇ ਮੁੰਡੇ ਕੁੜੀਆਂ ਤੇ ਘਰ ਦੇ ਬੰਦੇ ਜੁੜ ਬੈਠੇ, ਜਾਂਦਿਆਂ ਸਾਰ ਗਰਮ ਗਰਮ ਕਾਫ਼ੀ ਤੇ ਸ਼ਰਾਬ ਦੀਆਂ ਬੋਤਲਾਂ ਮੇਜ਼ ਉਪਰ ਆਣ ਪੁਜੀਆਂ। ਫਰਾਂਸ ਦੀ ਖਾਤਰਦਾਰੀ ਵਿਚ ਕਈ ਤਰ੍ਹਾਂ ਦੀਆਂ ਸ਼ਰਾਬਾਂ ਦਾ ਰਿਵਾਜ ਹੈ ਅਤੇ ਸ਼ਰਾਬ ਜਿਤਨੀ ਪੁਰਾਣੀ ਹੋਵੇ ਉਹ ਸੌਗਾਤ ਦੇ ਤੌਰ ਤੇ ਇੱਜ਼ਤ ਵਾਲੀ ਗਿਣੀ ਜਾਂਦੀ ਹੈ। ਦਸਿਆ ਜਾਂਦਾ ਹੈ:–"ਇਹ ਵੀਹ ਵਰ੍ਹਿਆਂ ਦੀ ਹੈ, ਮਟਕੇ ਵਿਚ ਜਾਂ ਮਰਤਮਾਨ ਵਿਚ ਬੰਦ ਰਖੀ ਗਈ, ਜ਼ਮੀਨ ਹੇਠਾਂ ਦਬੀ ਰਖੀ, ਮਰਤਬਾਨ ਪਾਣੀ ਵਿਚ ਹੀ ਪਿਆ ਰਿਹਾ ਜਾਂ ਦਿਨੇ ਰਾਤ ਪਾਣੀ ਉਪਰੋਂ ਵਗਦਾ ਰਿਹਾ-ਵਿਚ ਮਾਸ, ਮਛੀ, ਅੰਗੂਰ, ਸੇਬ ਕੀ ਕੁਝ ਪਾਇਆ।"

ਕਈ ਸ਼ਰਾਬ ਦੇ ਮਟਕਿਆਂ ਵਿਚ ਮੀਟ ਦੇ ਵਡੇ ਵਡੇ ਟੁਕੜੇ ਸੁਟ ਦਿਤੇ ਜਾਂਦੇ ਹਨ ਅਤੇ ਉਹ ਅਨੇਕਾਂ ਵਰ੍ਹੇ ਇਥੇ ਹੀ ਪਏ ਰਹਿੰਦੇ ਹਨ।

ਮੋਰਚਿਆਂ ਦੀਆਂ ਗਲਾਂ, ਉਥੋਂ ਦੀਆਂ ਤਕਲੀਫਾਂ, ਹਾਸੇ, ਜਰਮਨੀ ਦੇ ਧੋਖੇ, ਚਲਾਕੀਆਂ, ਬਾਟਸ਼ਾਂ, ਬਰਫ਼, ਚਿਕੜ, ਮੌਤਾਂ, ਕਈ ਕਹਾਣੀਆਂ ਸੁਣੀਆਂ ਅਤੇ ਸੁਣਾਈਆਂ ਜਾ ਰਹੀਆਂ ਸਨ। ਦੋਵੇਂ ਨੌਜਵਾਨ ਸੁੰਦਰੀਆਂ ਅਜ ਬੜੇ ਉਤਸ਼ਾਹ ਪਿਆਰ ਵਿਚ ਸਨ, ਸ਼ਰਾਬ ਦੇ ਸਰੂਰ ਵਿਚ ਮਸਤ ਚਮਕੀਆਂ ਹੋਈਆਂ ਅਖਾਂ ਵਿਚ ਕਾਮ ਦੀ ਰੌਸ਼ਨੀ ਲਿਸ਼ਕਾਰੇ ਮਾਰਦੀ ਸੀ, ਗਲ੍ਹਾਂ ਦੀ ਸੁਰਖੀ ਤੇ ਕੋਮਲ ਬੁਲ੍ਹੀਆਂ ਵਿਚੋਂ ਵੀ ਸ਼ਰਾਬ ਨੇ ਮਸਤੀਆਂ ਦੇ ਫੁਹਾਰੇ ਛਡੇ ਹੋਏ ਸਨ। ਦੋਹਾਂ ਬਿਲੌਰੀ ਹਿਕਾਂ ਵਿਚੋਂ ਉਭਰਿਆ ਜੋਬਨ ਚੋਲੀਆਂ ਵਿਚੋਂ ਬਾਹਰ ਆਵਣਾ ਲੋਚਦਾ ਸੀ। ਰਾਤ ਦੇ ਗਿਆਰਾਂ ਬਜੇ ਤਕ ਸ਼ਰਾਬ ਦਾ ਦੌਰ ਚਲਦਾ ਰਿਹਾ।

ਉਂਗਲ ਉਂਗਲ ਜਿਤਨੇ ਸ਼ਰਾਬ ਦੇ ਗਲਾਸ ਜਿਨ੍ਹਾਂ ਵਿਚ ਮਸਾਂ ਇਕ ਇਕ ਤੋਲਾ ਹੀ ਸ਼ਰਾਬ ਆਂਵਦੀ ਹੈ, ਬਾਰੀਕ ਅਤੇ ਸੁੰਦਰ ਚਮਕੀਲੀ ਮੇਜ਼ ਉਪਰ ਮੌਜੂਦ ਸਨ। ਨਾਜ਼ਕ ਸੁੰਦਰੀਆਂ ਦੋਵੇਂ ਫਰਾਂਸਣ ਕੁੜੀਆਂ ਇਹੋ ਜਹੇ ਗਲਾਸਾਂ ਵਿਚ ਹੀ ਪੀਂਦੀਆਂ। ਮੇਜ਼ ਉਪਰ ਅਨੇਕ ਤਰਾਂ ਦੇ ਭਾਂਡੇ, ਕਾਂਟੇ, ਛੁਰੀਆਂ, ਪਲੇਟਾਂ, ਪਿਆਲੀਆਂ, ਗਲਾਸ,

ਜਗ, ਮੁਰੱਬੇ, ਚਟਣੀਆਂ, ਇਤਨਾ ਸਾਮਾਨ ਮੌਜੂਦ ਹੁੰਦਾ। ਫਿਰ ਚਾਰ ਚਾਰ, ਛੀ ਛੀ ਘੰਟੇ ਸ਼ਰਾਬ ਦਾ ਦੌਰ ਚਲਦਾ ਪਰ ਪੀਣ ਦਾ ਢੰਗ ਇਤਨਾ ਆਦਮੀਅਤ ਵਾਲਾ ਹੁੰਦਾ ਹੈ ਕਿ ਕੋਈ ਵੀ ਬੇਸੁਧ ਨਹੀਂ ਹੁੰਦਾ। ਮਾਂ, ਪਿਉ, ਭੈਣਾਂ ਭਰਾ, ਨੂਹਾਂ, ਧੀਆਂ, ਸਹੇਲੀਆਂ, ਮਿੱਤਰ, ਸਭੇ ਪੀਂਦੇ ਹਨ, ਪੀ ਕੇ ਮਿੱਠੀਆਂ ਮਿੱਠੀਆਂ ਪ੍ਰੀਤ ਕਹਾਣੀਆਂ ਹੁੰਦੀਆਂ ਹਨ। ਜੇ ਸਰੂਰ ਆਵੇ ਤਾਂ ਉਸ ਨੂੰ ਲੁਕਾਣ ਦਾ ਉਪਰਾਲਾ ਕੀਤਾ ਜਾਂਦਾ ਹੈ। ਸ਼ਰਾਬ ਪੀ ਕੇ ਵਿਖਾਈ ਨਹੀਂ ਜਾਂਦੀ ਸਗੋਂ ਲੁਕਾਈ ਜਾਂਦੀ ਹੈ।

ਅਖੀਰ ਭੋਜਨ ਦੀ ਵਾਰੀ ਆਈ ਇਕ ਇਕ ਚੀਜ਼ ਵਾਰੋ ਵਾਰੀ ਹਰ ਇਕ ਦੇ ਸਾਮ੍ਹਣੇ ਧਰੀ ਜਾਂਦੀ, ਆਪਣੇ ਛੁਰੀ ਕਾਂਟੇ ਤੇ ਚਮਚੇ ਨਾਲ ਲੋੜ ਅਨੁਸਾਰ ਆਪਣੀ ਪਲੇਟ ਵਿਚ ਪਾਕੇ ਅਗਲੀ ਸੀਟ ਵਲ ਕਰ ਦਿਤੀ ਜਾਂਦੀ। ਡਬਲਰੋਟੀ ਦੇ ਕਟੇ ਹੋਏ ਟੁਕੜੇ ਸਾਂਝ ਸਾਮ੍ਹਣੇ ਮੌਜੂਦ ਹੁੰਦੇ ਹਨ। ਆਚਾਰ, ਚਟਣੀਆਂ, ਮੁਰੱਬਾ, ਮੱਖਣ, ਪਨੀਰ, ਲੋੜ ਅਨੁਸਾਰ ਵਰਤੇ ਜਾ ਸਕਦੇ ਹਨ। ਹੋਰ ਲਵੋ ਥੋੜਾ ਜਿਹਾ, ਜਾਂ ਜ਼ਬਰਦਸਤੀ ਚੀਜ਼ਾਂ ਥਾਲ ਵਿਚ ਸਿਟਣ ਦਾ ਉਕਾ ਰਿਵਾਜ ਨਹੀਂ ਹੈ। ਬੜੇ ਉਤਸ਼ਾਹ ਦਾ ਪ੍ਰੀਤੀ ਭੋਜਨ ਸੀ। ਬੜੇ ਅਨੰਦ ਤੇ ਪੂਰਨ ਪ੍ਰੇਮ ਵਿਚ ਮੁਕਾਇਆ ਗਿਆ ਤੇ ਸਾਰਿਆਂ ਥੀਂ ਅਖ਼ੀਰ ਮੇਜ਼ ਉਪਰੋਂ ਖਾਣ ਵਾਲੇ ਭਾਂਡੇ ਚੁਕ ਕੇ ਅਖ਼ੀਰ ਦੀ ਕਾਫ਼ੀ ਆਣ ਪੁਜੀ। ਜਿਵੇਂ ਪਹਿਲਾਂ ਸਹਿਤ ਦਾ ਤੇ ਫਿਰ ਪਿਆਰ-ਮਿਲਣੀ ਦਾ ਪ੍ਰੇਮ ਪਿਆਲਾ ਪੀਤਾ ਗਿਆ ਸੀ। ਹੁਣ ਅਖ਼ੀਰ ਦਾ ਪ੍ਰੀਤ-ਪਿਆਲਾ ਵਰਤਾਇਆ ਗਿਆ।

* * * *

ਦੋਵੇਂ ਕੁੜੀਆਂ ਸਾਰੇ ਪ੍ਰਵਾਰ ਸਮੇਤ ਬਾਹਰ ਗਈਆਂ। ਹਰ ਇਕ ਨੇ ਆਪੋ ਆਪਣੇ ਘਰ ਜਾਣਾ ਸੀ। ਕੁੜੀਆਂ ਨੇ ਸਾਰਿਆਂ ਨੂੰ ਗਲੋਕੜੀਆਂ ਪਾ ਚੁਮਣੀਆਂ ਦਿਤੀਆਂ, ਪਿਆਰ ਹਿਕੜੀਆਂ ਘੁਟ ਘੁਟ ਮਿਲੀਆਂ। ਮੈਂ ਵੀ ਸ਼ਰਾਬ ਦੇ ਨਸ਼ੇ ਵਿਚ ਮਸਤ ਮਿਠੀਆਂ ਮਿਲਣੀਆਂ ਵਿਚ ਹਿਸਾ ਲਿਆ। ਲਕ ਦੁਆਲੇ ਬਾਹਵਾਂ ਵਲ੍ਹੇਟੀਆਂ ਗਈਆਂ, ਹਸਦੇ ਘਰੀਂ ਟੁਰੇ।

ਮੈਨੂੰ ਆਪਣੇ ਦੇਸ਼ ਦੀ ਇਕ ਪਿਆਰ ਮਿਲਣੀ ਦਾ ਚੇਤਾ ਆ ਗਿਆ ਹੈ। ਪਿੰਡ ਵਿਚ ਜੰਞ ਆਈ, ਜੰਞ ਦੇ ਨਾਲ ਮਿਲਣੀ ਵਾਲੀਆਂ

ਇਸਤਰੀਆਂ ਵੀ ਆਈਆਂ । ਸਸਾਂ, ਭਰਜਾਈਆਂ, ਦਿਰਾਣੀਆਂ, ਜਠਾਣੀਆਂ, ਨੂਹਾਂ, ਧੀਆਂ, ਸਾਰੀਆਂ ਪੂਰੇ ਸ਼ਿੰਗਾਰ ਤੇ ਵਧ ਥੀਂ ਵਧ ਜੋਬਨ ਵਿਚ ਤਿਆਰ ਹੋਕੇ ਆਈਆਂ ਸਨ। ਧੇਤਿਆਂ ਵਲੋਂ ਵੀ ਸਾਰੀਆਂ ਇਕਠੀਆਂ ਹੋਈਆਂ । ਪਰ ਇਨ੍ਹਾਂ ਇਕ ਨੌਜਵਾਨ ਮੁੰਡੇ ਅਨਦਾੜ੍ਹੀਏ ਨੂੰ ਵੀ ਜਨਾਨੇ ਬਸਤਰਾਂ ਵਿਚ ਸਜਾ ਸਵਾਰ, ਸੁਰਮਾ, ਦੰਦਾਸਾ, ਕੰਘੀ ਪਟੀ ਕਰ ਮਿਲਣੀ ਵੇਲੇ ਆਣ ਖੜ੍ਹਾ ਕੀਤਾ। ਗਲਾਂ ਵਾਲੇ ਆਟੇ ਇਕ ਦੂਜੀ ਦੇ ਗਲਾਂ ਵਿਚ ਪਾਏ ਗਏ।"

ਤੀਵੀਆਂ ਨੇ ਤੀਵੀਆਂ ਦੀਆਂ ਗਲ੍ਹਾਂ ਅਤੇ ਹੋਠ ਚੁਮੇ, ਘੁਟ ਘੁਟ ਕੇ ਉਭਰੀਆਂ ਹੋਈਆਂ ਛਾਤੀਆਂ, ਉਭਰੀਆਂ ਛਾਤੀਆਂ ਨਾਲ ਪੀਚ ਪੀਚ ਕੇ ਜੁੜੀਆਂ, ਨੌਜੁਵਾਨ ਅਤੇ ਤਕੜੀਆਂ ਤਰੀਮਤਾਂ ਕਮਜ਼ੋਰ ਤੇ ਸਿਧੀਆਂ ਸਾਧੀਆਂ ਉਪਰ ਭਾਰੂ ਸਾਬਤ ਹੋਈਆਂ । ਅਜ ਇਸਤਰੀ ਜੋਬਨ-ਮਰਦ-ਪੁਣੇ ਵਿਚ ਆਕੇ ਆਪਣੀ ਹਿਲ ਜੁਲ ਕਰਨਾ ਚਾਹੁੰਦਾ ਸੀ। ਬੜੀ ਖਿਲੀ ਮਚੀ, ਜ਼ਨਾਨੀਆਂ ਨੇ ਜ਼ਨਾਨੀਆਂ ਨੂੰ ਮਰਦਾਂ ਵਾਂਗ ਹਿਲ ਹਿਲਕੇ ਛੇੜਖਾਨੀਆਂ ਕੀਤੀਆਂ। ਹਥਾਂ ਨਾਲ ਇਕ ਦੂਜੀ ਦੇ ਜੋਬਨਾਂ ਨੂੰ ਛੇੜਿਆ ਟੋਹਿਆ ਅਤੇ ਉਭਾਰਿਆ ਗਿਆ।

ਮਿਲਣੀ ਮੁਕ ਗਈ, ਜਾਂਜੀ ਅਤੇ ਮੇਲੂ ਸਭੋ ਮਰਦ ਆਪਣੀਆਂ ਵਹੁਟੀਆਂ ਨੂਹਾਂ ਧੀਆਂ ਨੂੰ ਇਤਨਾ ਕੁਝ ਕਰਦਿਆਂ ਵੇਖ ਵੇਖ ਖੁਸ਼ ਚੌਹੀਂ ਪਾਸੀਂ ਹਾਸੇ ਤੇ ਖਿਲੀਆਂ ਮਚੀਆਂ ਹੋਈਆਂ ਸਨ। ਪਰ ਜਦ ਇਹ ਪਤਾ ਲਗਾ ਕਿ ਧੇਤੇ ਪ੍ਰਵਾਰ ਵਲੋਂ ਜ਼ਨਾਨੀਆਂ ਵਿਚ ਇਕ ਨੌਜਵਾਨ ਮੁੰਡਾ ਵੀ ਸੀ। ਜਿਸਨੇ ਜ਼ਨਾਨੇ ਕਪੜਿਆਂ ਵਿਚ ਪੁਤਰੇਤੇ ਵਾਲੀਆਂ ਦੀਆਂ ਚੁਮੀਆਂ ਲਈਆਂ, ਜਫੀਆਂ ਪਾਈਆਂ, ਛਾਤੀ ਨਾਲ ਛਾਤੀ ਜੋੜੀ, ਤਾਂ ਬੜਾ ਰੌਲਾ ਮਚਿਆ। ਜ਼ਨਾਨੀਆਂ ਤਾਂ ਹਸਦੀਆਂ ਖੇਡਦੀਆਂ ਖੁਸ਼ ਸਨ ਪਰ ਜਿਨ੍ਹਾਂ ਦੀਆਂ ਧੀਆਂ ਵਹੁਟੀਆਂ ਸਨ ਉਹ ਸੀਖ-ਪਾ ਹੋ ਕਪੜਿਆਂ ਥੀਂ ਬਾਹਰ ਹੋ ਰਹੇ ਸਨ! ਇਸਤਰੀ ਚਾਲ-ਚਲਣ ਦੇ ਰਾਖੇ ਅਸੀਂ ਆਪ ਭਾਵੇਂ ਘਰੋਂ ਬਾਹਰ ਕੀ ਹਨ੍ਹੇਰ ਪਾ ਆਵੀਏ । ਪਰ ਘਰ ਵਾਲੀ ਨੂੰ ਅਖ ਚੁਕਣ ਦੀ ਵੀ ਆਗਿਆ ਨਹੀਂ ਮਿਲਦੀ। ਹਰ ਇਕ ਮਰਦ ਆਪਣੀ ਸੁਵਾਣੀ, ਨੂੰਹ ਧੀ ਲਈ ਹਰ ਵੇਲੇ ਸ਼ਕੀ ਹੀ ਰਹਿੰਦਾ ਹੈ।

* * * *

ਮੈਂ ਹੁਣ ਇਸ ਪਿੰਡ ਥੀਂ ਦੂਰ ਆਪਣੇ ਪਿੰਡ ਆਵਣਾ ਸੀ। ਰਾਤ ਅਧ ਥੀਂ ਵਧੀਕ ਬੀਤ ਚੁਕੀ ਸੀ, ਇਸ ਜ਼ਿਮੀਦਾਰੀ ਹਵੇਲੀ ਥੀਂ ਨਿਕਲਕੇ ਮੈਂ ਬਾਹਰ ਸੜਕ ਉਪਰ ਪੁਜ ਚੁਕਾ, ਨਿਕੀ ਨਿਕੀ ਮੀਂਹ ਦੀ ਫੁਹਾਰ ਪੈ ਰਹੀ ਸੀ, ਅਕਾਸ਼ ਉਪਰ ਕੋਈ ਟਾਵਾਂ ਹੀ ਤਾਰਾ ਦਿਸਦਾ ਸੀ, ਸਰਦੀ ਆਪਣੇ ਪੂਰੇ ਜੋਬਨ ਵਿਚ ਸੀ, ਆਖਰੀ ਪਿਆਰ ਮਿਲਣੀ ਕਰਕੇ ਮੁੜੀਆਂ ਦੋਵੇਂ ਕੁੜੀਆਂ ਦੀਆਂ ਹਾਸੇ ਖਿਚਕੀਆਂ ਅਜੇ ਵੀ ਮੈਂ ਸੁਣ ਰਿਹਾ ਸਾਂ। ਘਰ ਤਕ ਪੁਜਣ ਦੀਆਂ ਵੀਚਾਰਾਂ ਨੇ ਸ਼ਰਾਬ ਦੀ ਖ਼ੁਮਾਰੀ ਨੂੰ ਘਟਾ ਦਿਤਾ। ਹੁਣ ਜਦੋਂ ਪਿੰਡ ਥੀਂ ਬਾਹਰ ਪੁਜਾ ਤਾਂ ਸਜੇ ਪਾਸੇ ਵਲੋਂ ਆਉਂਦੀ ਸੜਕ ਉਪਰ ਪੈਰਾਂ ਦਾ ਖੜਾਕ ਆਇਆ, ਇਥੇ ਤਿੰਨ ਸੜਕਾਂ ਆਪੋ ਵਿਚ ਮਿਲਦੀਆਂ ਸਨ। ਜਦੋਂ ਉਹ ਖੜਾਕ ਮੇਰੇ ਬਿਲਕੁਲ ਨੇੜੇ ਆਣ ਪੁਜਾ ਤਾਂ ਮੇਰੀ ਪਗ ਵਲ ਵੇਖ ਬੋਲਿਆ:–

"ਹਾ–ਇੰਡੀਅਨ।"

"ਐਸ–ਯੂ?"

"ਮੀ–ਜਰਮਨ।"

ਸੀ ਉਹ ਵੀ ਫਰਾਂਸੀ ਸ਼ਰਾਬ ਦੇ ਨਸ਼ੇ ਵਿਚ ਗੁਟ, ਪਰ ਆਪਣੇ ਪਰਾਂ ਉਪਰ ਬੜੀ ਸੁਖੈਨਤਾ ਨਾਲ ਤੁਰਿਆ ਆ ਰਿਹਾ ਸੀ। ਉਸ ਦੀ ਜ਼ਬਾਨ ਇਹ ਦਸ ਰਹੀ ਸੀ ਕਿ ਰਜਕੇ ਪੀਤੀ ਹੋਈ ਹੈ, ਮੈਂ ਵੀ ਖੂਬ ਗੁਟ ਸਾਂ। ਦੋਵੇਂ ਆਪੋ ਆਪਣੀਆਂ ਸ਼ੇਖੀਆਂ ਮਾਰਦੇ ਸਫਰ-ਸਾਥੀ ਤੁਰੇ ਜਾ ਰਹੇ ਸਨ। ਉਹ ਜਰਮਨਾਂ ਦੀਆਂ ਸਿਫਤਾਂ ਕਰ ਕਰਕੇ ਅੰਗਰੇਜ਼ਾਂ ਤੇ ਫਰਾਂਸੀਆਂ ਨੂੰ ਨਿੰਦ ਰਿਹਾ ਸੀ। ਮੈਂ ਫਰਾਂਸ ਤੇ ਅੰਗ੍ਰੇਜ਼ਾਂ ਦੇ ਨਾਲ ਹਿੰਦੀਆਂ ਦੀਆਂ ਬਹਾਦਰੀਆਂ ਸੁਣਾ ਸੁਣਾਕੇ ਜਰਮਨਾਂ ਨੂੰ ਡਰਾਕਲ ਆਖ ਰਿਹਾ ਸੀ। ਮੈਂ ਆਪਣਾ ਪਿਸਤੌਲ ਵਿਖਾਇਆ, ਉਸ ਗਲ ਪਾਈ ਕਮੀਜ਼ ਉਪਰ ਹਥ ਰਖਕੇ ਪਿਸਤੌਲ ਵਾਂਗ ਹੀ ਅਗੇ ਕੀਤਾ। ਦਿਲੋਂ ਦੋਵੇਂ ਹੀ ਇਕ ਦੂਜੇ ਪਾਸੋਂ ਡਰ ਵੀ ਰਹੇ ਸਾਂ। ਮੈਂ ਤਾਂ ਸਾਫ ਹੀ ਇੰਡੀਅਨ ਸਾਂ। ਉਸਦੀ ਬਾਬਤ ਕੋਈ ਨਖੇੜਾ ਕਰਨਾ ਬੜਾ ਹੀ ਕਠਨ ਸੀ। ਮੈਂ ਦਿਲ ਵਿਚ ਸੋਚਾਂ ਦੇ ਘੋੜੇ ਦੁੜਾ ਰਿਹਾ ਸੀ, ਇਹ ਖਿਸਕ ਨਾ ਜਾਵੇ। ਕਿਸੇ ਜਰਮਨ ਜਾਸੂਸ ਜਾਂ ਜਰਮਨ ਕੈਦੀ ਨੂੰ

ਕਾਬੂ ਕਰਨਾ ਕਿਸੇ ਬਹਾਦਰੀ ਨਾਲੋਂ ਘਟ ਨਾ ਸੀ । ਅਸੀਂ ਦੋਵੇਂ ਪਿਛਲਾ ਪਿੰਡ ਪਿਛੇ ਛਡ ਆਏ, ਅਗਲਾ ਅਜੇ ਮੀਲ ਕੁ ਵਿਥ ਉਪਰ ਸੀ। ਦੋਹਾਂ ਨੇ ਇਕ ਸੜਕ ਦੇ ਇਕ ਪਾਸੇ ਪਿਸ਼ਾਬ ਕੀਤਾ, ਸ਼ਰਲਾ ਮਾਰਕੇ ਦੋਵੇਂ ਫਿਰ ਤੁਰ ਪਏ। ਜਿਉਂ ਜਿਉਂ ਪਿੰਡ ਨੇੜੇ ਆ ਰਿਹਾ ਸੀ, ਤਿਉਂ ਤਿਉਂ ਮੈਂ ਉਸ ਨੂੰ ਕਾਬੂ ਕਰਨ ਦੀਆਂ ਦਲੀਲਾਂ ਸੋਚ ਰਿਹਾ ਸੀ, ਦਿਲ ਨੇ ਆਖਿਆ:—

"ਨਸ ਕਿਉਂ ਨਹੀਂ ਜਾਂਦਾ, ਜੇ ਇਹ ਜਰਮਨੀ ਹੈ ?" ਅੰਦਰੋਂ ਹੀ ਉਤਰ ਮਿਲਿਆ ।

ਜਾਸੂਸ ਬੜੇ ਦਲੇਰ ਹੁੰਦੇ ਹਨ । ਟਾਂਵੀ ਟਾਂਵੀ ਪਿਡ ਦੀ ਰੋਸ਼ਨੀ ਸਾਹਮਣੇ ਦਿਸ ਰਹੀ ਸੀ, ਮੈਂ ਹੁਣ ਉਸ ਦੀ ਬਾਂਹ ਵਿਚ ਬਾਂਹ ਪਾ ਲਈ। ਉਸ ਮੇਰੀ ਬਾਂਹ ਨੂੰ ਘੁਟਿਆ ਮੈਂ ਉਸਦੀ ਬਾਂਹ ਨੂੰ ਜਦੋਂ ਵੀ ਬਾਂਹ ਢਿਲੀ ਹੁੰਦੀ, ਮੈਂ ਖਿਆਲ ਕਰਦਾ ਇਹ ਨਸਣਾ ਚਾਹੁੰਦਾ ਹੈ, ਮੈਂ ਤਕੜਾ ਹੋ ਜਾਂਦਾ। ਅਖੀਰ ਪਿੰਡ ਵੀ ਆ ਗਿਆ। ਮੈਂ ਉਸਨੂੰ ਪਿੰਡ ਵਿਚ ਆਪਣੀ ਰੈਜਮਿੰਟ ਦੇ ਕਵਾਟਰ-ਗਾਰਦ ਵਿਚ ਬੰਦ ਕਰਨਾ ਚਾਹੁੰਦਾ ਸਾਂ। ਪਰ ਉਸ ਦੇ ਘਰ ਨੂੰ ਮੋੜ ਵਾਲੀ ਗਲੀ ਆ ਚੁਕੀ। ਮੈਂ ਉਸ ਨੂੰ ਅਗੇ ਖਿਚਾਂ, ਉਹ ਉਧਰ ਨੂੰ ਮੁੜਨਾ ਚਾਹੇ, ਦੋ ਸ਼ਰਾਬੀਆਂ ਦੀ ਖਿਚੋ-ਖਿਚੀ ਵਧਦੀ ਜਾ ਰਹੀ ਸੀ। ਅਖੀਰ ਇਕ ਦੂਜੇ ਨੂੰ ਜਫੀਆਂ ਪੈ ਗਈਆਂ। ਆਪੋ ਵਿਚ ਦੀ ਜ਼ੋਰ ਅਜ਼ਮਾਈ ਵਿਚ ਅਸੀਂ ਪਹਿਲਵਾਨਾਂ ਵਾਂਗ ਘੁਲਦੇ ਘੁਲਦੇ ਸੜਕ ਦੇ ਇਕ ਪਾਸੇ ਮੀਂਹ ਦੇ ਖੜੋਤੇ ਪਾਣੀ ਵਿਚ ਹੇਠਾਂ ਉਪਰ ਹੋ ਗਏ। ਮੈਂ ਗਾਰਦ ਦੇ ਸਿਪਾਹੀਆਂ ਨੂੰ ਸੰਤਰੀ ! ਸੰਤਰੀ ! ਸੰਤਰੀ ! ਆਖਕੇ ਵਾਜਾਂ ਮਾਰੀਆਂ। ਉਸ ਆਪਣੇ ਬਚਾ ਲਈ ਚੀਕ ਚਿਹਾੜਾ ਪਾਇਆ। ਸੜਕ ਦੇ ਦੋਹੀਂ ਪਾਸੀਂ ਘਰਾਂ ਵਾਲੇ ਹਿੰਦੁਸਤਾਨੀ ਤੇ ਫਰਾਂਸੀਸੀ ਸਾਰੇ ਘਰਾਂ ਵਿਚੋਂ ਜਾਗ ਉਠੇ, ਸੜਕ ਵਿਚ ਲੈਂਪਾਂ ਆ ਗਈਆਂ। ਮੈਂ ਅਜੇ ਵੀ ਵਿਕਟੋਰੀਆ ਕਰਾਸ ਲੈਣ ਲਈ ਜਰਮਨ ਕੈਦੀ ਨੂੰ ਉਸ ਦੇ ਕੋਟ-ਕਾਲਰ ਥੀਂ ਘੁਟਕੇ ਫੜਿਆ ਹੋਇਆ ਸੀ। ਉਸ ਦੇ ਦੋਹਾਂ ਹਥਾਂ ਵਿਚ ਮੇਰਾ ਪਿਸਤੌਲ ਘੁਟਿਆ ਪਿਆ ਸੀ। ਭਈ ਮਤਾਂ ਅਸਲੋਂ ਹੀ ਜਰਮਨ ਜਾਣਕੇ ਜਿੰਦ ਹੀ ਨਾ ਮੁਕਾ ਛਡੇ।

ਜਦੋਂ ਪਤਾ ਲਗਾ ਕਿ ਉਹ ਇਸੇ ਘਰ ਦਾ ਮਾਲਕ ਹੈ ਤੇ ਕੋਇਲੇ ਦੀ ਖਾਣ ਵਿਚ ਕੰਮ ਕਰਦਾ ਹੈ, ਤਾਂ ਬੜੀ ਖਿਲੀ ਮਚੀ। ਦੋਵੇਂ ਸਰਦੀ ਨਾਲ ਕੁੱਕੜੂ-ਕੜੂੰ ਬਣੇ ਹੋਏ ਸਿਰ ਸੁਟੀ ਆਪੋ ਆਪਣੇ ਰਾਹ ਪੈ ਗਏ। ਇਹ ਸੀ ਮੇਰਾ ਅਧੀ ਰਾਤ ਦਾ ਸਾਥੀ। ਜਿਸ ਦਾ ਚੇਤਾ ਕਰਕੇ ਮੈਨੂੰ ਹੁਣ ਵੀ ਹਾਸਾ ਆਉਂਦਾ ਹੈ।

# ਗਿਰਜੇ ਦੇ ਰਾਹ ਵਿਚ

ਸ਼ਹਿਰਾਂ ਨੂੰ ਛਡ ਕੇ, ਫ਼ਰਾਂਸ ਦੀ ਆਬਾਦੀ ਨੂੰ ਮੈਂ ਚਾਰ ਤਰੀਕਿਆਂ ਵਿਚ ਵੰਡ ਸਕਦਾ ਹਾਂ। ਇਕ ਪਾਸੇ ਨਹਿਰ ਜਾਂ ਦਰਿਆ ਦੇ ਦੋਹੀਂ ਪਾਸੀਂ ਦੂਰ ਤਕ ਮਕਾਨਾਂ ਦਾ ਸਿਲਸਲਾ ਚਲਾ ਜਾਂਦਾ ਹੈ। ਦੂਜੇ ਕਿਸੇ ਸੜਕ ਦੇ ਦੋਹੀਂ ਪਾਸੀਂ ਸਬਜ਼ ਸੁਗੰਧੀ ਭਰੇ ਬਗ਼ੀਚਿਆਂ ਸਮੇਤ ਮਕਾਨਾਂ ਦੀਆਂ ਲਾਈਨਾਂ। ਤੀਜੇ ਸਾਡੇ ਦੇਸ ਦੇ ਹੀ ਪਹਾੜੀ ਇਲਾਕਿਆਂ ਵਾਂਗ ਵਖੋ ਵਖਰੇ ਟਿਲੇ ਤੇ ਚਟਾਨਾਂ ਉਪਰ ਬੰਗਲੇ, ਕੋਠੀਆਂ, ਅਤੇ ਚੌਥੇ ਮੈਦਾਨੀ ਥਾਵਾਂ ਵਿਚ ਆਪੋ ਆਪਣੇ ਖੇਤਾਂ ਜਾਂ ਮੁਰੱਬੇ ਜਾਗੀਰਾਂ ਵਿਚ ਵਡੀਆਂ ਹਵੇਲੀਆਂ, ਘੁਘ ਵਸਦੇ ਪਿੰਡ ਅਤੇ ਸ਼ਹਿਰ ਇਨ੍ਹਾਂ ਨਾਲੋਂ ਵਖਰੇ ਗਿਣ ਲਵੋ, ਜਿਵੇਂ ਸਾਡੇ ਦੇਸ ਵਿਚ ਹਨ। ਸਾਡੇ ਦੇਸ ਵਿਚ ਵੀ ਮੁਰਬਿਆਂ ਦੀ ਵਸੋਂ, ਕੋਹਮਰੀ, ਬਾਰਾਮੂਲਾ ਅਤੇ ਕਸ਼ਮੀਰ ਦਰਿਆ ਦੇ ਕੰਢੇ ਦੂਰ ਦੂਰ ਤਕ ਦੀ ਵਸੋਂ, ਕਾਂਗੜਾ, ਡੇਹਰਾਦੂਨ, ਪਾਲਮ ਪੁਰ, ਧਰਮ ਸਾਲਾ ਵੀ ਅਸਾਂ ਵਿਚੋਂ ਕਈਆਂ ਨੇ ਸੈਰਾਂ ਕੀਤੀਆਂ ਹਨ। ਭਾਵੇਂ ਮਕਾਨ ਅਮੀਰਾਨਾ ਹੋਵੇ, ਭਾਵੇਂ ਗਰੀਬਾਨਾ, ਸਾਰਿਆਂ ਦੀਆਂ ਛਤਾਂ ਢਾਲਵੀਆਂ ਅਤੇ ਉਪਰੋਂ ਆਮ ਕਰ ਕੇ ਸਲੇਟਾਂ ਦੀਆਂ ਢੂਬੀਆਂ ਹੀ

ਹੁੰਦੀਆਂ ਹਨ। ਫ਼ਰਾਂਸ ਦੇ ਇਕ ਜਗੀਰਦਾਰੇ ਘਰ ਨੂੰ ਅਸੀਂ ਕਈ ਹਿਸਿਆਂ ਵਿਚ ਵੰਡ ਸਕਦੇ ਹਾਂ। ਗਊਆਂ, ਘੋੜਿਆਂ, ਖਰਗੋਸ਼ਾਂ, ਮੁਰਗ਼ਿਆਂ ਅਤੇ ਸੂਰਾਂ ਲਈ ਵਖੋ ਵਖਰੇ ਕਮਰੇ—ਬਿਨਾ ਮਤਲਬ ਖਰਗੋਸ਼, ਮੁਰਗੇ, ਸੂਰ, ਆਪਣੇ ਕਮਰਿਆਂ ਥੀਂ ਬਾਹਰ ਨਹੀਂ ਆ ਸਕਦੇ, ਜਦੋਂ ਤਕ ਲੋੜ ਅਨੁਸਾਰ ਉਨ੍ਹਾਂ ਨੂੰ ਖੁਰਾਕ ਜਾਂ ਸੈਰ ਲਈ ਨਾ ਕਢਿਆ ਜਾਵੇ। ਅਤੇ ਹਰ ਇਕ ਜਾਨਵਰ ਚੰਗੀ ਨਸਲ ਦਾ ਹੋਵੇਗਾ। ਕਈ ਗਊਆਂ ਨੂੰ ਦਿਨ ਵਿਚ ਤਿੰਨ ਵਾਰੀ ਬਿਨਾਂ ਬਛੜੇ ਚੋਇਆ ਜਾਂਦਾ ਹੈ। ਮੁਰਗੀਆਂ ਹਰ ਰੋਜ਼ ਬਿਲਾ ਨਾਗਾ ਅੰਡੇ ਦੇਣ ਵਾਲੀਆਂ, ਇਨ੍ਹਾਂ ਨੂੰ ਖਾਧਾ ਵੀ ਜਾਂਦਾ, ਪਰ ਖਾਣ ਵਾਲੀ ਵਖਰੀ ਨਸਲ ਹੈ, ਉਹ ਅੰਡੇ ਨਹੀਂ ਦਿੰਦੀਆਂ। ਉਹਨਾਂ ਦੇ ਪੂਰਾਂ ਦੇ ਪੂਰ ਬਚੇ ਕਢਾਕੇ ਦਿਨਾਂ ਵਿਚ ਵਧਦੇ ਜਾਂਦੇ ਹਨ। ਚਵੀ ਘੰਟਿਆਂ ਵਿਚ ਦਿਨ ਵੇਲੇ ਇਕ ਵਾਰੀ, ਜਾਨਵਰਾਂ ਦੇ ਮਕਾਨ ਬਦਲ ਦਿਤੇ ਜਾਂਦੇ। ਸਮੇਂ ਅਨੁਸਾਰ ਦੋਵੇਂ ਵੇਲੇ ਪੂਰੀ ਅਤੇ ਵਧੀਆ ਖੁਰਾਕ ਮਿਲਦੀ। ਜਾਨਵਰ ਦੀ ਪੈਦਾਇਸ਼ ਉਮਰ, ਵਿਕਰੀ, ਆਮਦਨ ਅਤੇ ਖ਼ਰਚ ਦਾ ਇਕ ਰਜਿਸਟਰ ਘਰ ਦੀ ਨੌਜਵਾਨ ਕੁੜੀ ਰਖਦੀ, ਜਿਸ ਥੀਂ ਸਾਬਤ ਹੁੰਦਾ ਹੈ ਕਿ ਜਾਨਵਰ ਪਾਲਣੇ ਕਿਤਨੇ ਕੁ ਲਾਭਦਾਇਕ ਹਨ, ਕੀ ਖਰਚ ਆਇਆ ਹੈ, ਕਿਤਨੀ ਆਮਦਨੀ ਹੋਈ, ਦੁਧ ਵਾਲੇ ਜਾਨਵਰਾਂ ਨੂੰ ਮਾਰਿਆ ਨਹੀਂ ਜਾਂਦਾ। ਗਊ ਮਾਸ ਹਫ਼ਤੇ ਵਿਚ ਇਕ ਵਾਰੀ ਮਿਲਦਾ ਹੈ, ਬਛੜੇ ਨੂੰ ਪਾਲ ਕੇ ਸਪਤਾਹਿਕ ਮੇਲੇ ਵਿਚ ਵੇਚ ਲਿਆ ਜਾਂਦਾ ਹੈ। ਸੂਰਾਂ ਦੀ ਪਾਲਨਾ ਘਰਾਂ ਵਿਚ ਕੀਤੀ ਜਾਂਦੀ ਹੈ, ਇਹ ਚੰਗੇ ਨਫ਼ੇ ਦਾ ਕੰਮ ਹੈ, ਇਸ ਦੀ ਨਸਲ ਬੜੀ ਜਲਦੀ ਵਧਦੀ ਹੈ ਤੇ ਚੰਗੀ ਤਰ੍ਹਾਂ ਪਾਲਿਆ ਜਾਨਵਰ ਸੇਵਾ ਦਾ ਪੂਰਾ ਬਦਲਾ ਦੇ ਜਾਂਦਾ ਹੈ।

ਦੋਵੇਂ ਵੇਲੇ ਮੱਝਾਂ ਵਰਗੀਆਂ ਗਊਆਂ ਦੇ ਦੁਧ ਚੋ ਕੇ ਜਾਂ ਤਾਂ ਕੱਚਾ ਵੇਚ ਲਿਆ ਜਾਂਦਾ ਜਾਂ ਕਰੀਮ ਕਢਕੇ ਮੱਖਣ ਤਿਆਰ ਹੁੰਦਾ ਅਤੇ ਪਾਲਤੂ ਜਾਨਵਰਾਂ ਨੂੰ ਲੱਸੀ ਪਿਆ ਦਿਤੀ ਜਾਂਦੀ। ਘਰਾਂ ਵਿਚੋਂ ਹੀ ਦੁਧ ਦੇ ਬਪਾਰੀ ਦੁਧ ਲੈ ਜਾਂਦੇ ਅਤੇ ਨੇੜੇ ਦੇ ਰੇਲਵੇ ਸਟੇਸ਼ਨ ਉਪਰ ਸ਼ਹਿਰ ਨੂੰ ਘਲਣ ਲਈ ਲਦ ਦਿਤਾ ਜਾਂਦਾ—ਮੱਖਣ, ਪਨੀਰ ਅਤੇ ਦੁਧ ਤਿੰਨੇ ਚੀਜ਼ਾਂ ਪਿੰਡਾਂ ਵਿਚੋਂ ਸ਼ਹਿਰਾਂ ਵਿਚ ਪੁਜਦੀਆਂ।

ਸੋਮਵਾਰ ਥੀਂ ਸ਼ੁਕਰਵਾਰ ਤਕ ਇਹ ਸੰਸਾਰ ਦੇ ਸਾਰੇ ਸੌਦੇ ਕਰਦੇ,

ਸਨੀਚਰ ਵਾਰ ਅੱਧੇ ਦਿਨ ਦੀ ਛੁਟੀ ਹੋ ਜਾਂਦੀ, ਕਪੜੇ ਸਾਫ਼ ਹੁੰਦੇ, ਫਰਸ਼ ਧੋਤੇ ਜਾਂਦੇ, ਘਰ ਦੀਆਂ ਵਸਤਾਂ ਖਰੀਦੀਆਂ ਜਾਂਦੀਆਂ ਤੇ ਐਤਵਾਰ ਦੀਆਂ ਖੁਸ਼ੀਆਂ ਮਨਾਣ ਲਈ ਸਾਰੀਆਂ ਹੀ ਤਿਆਰੀਆਂ ਸਨੀਚਰਵਾਰ ਨੂੰ ਮੁਕਾ ਲਈਆਂ ਜਾਂਦੀਆਂ। ਇਹ ਹਸਦੀ ਖੇਡਦੀ ਬੇਚਿੰਤ ਦੁਨੀਆਂ ਦੇ ਬੰਦੇ ਐਤਵਾਰ ਪ੍ਰੇਮ ਪੀਂਘਾਂ ਝੂਟਦੇ, ਜ਼ਿਮੀਂਦਾਰ ਮੁੰਡੇ ਕੁੜੀਆਂ, ਮਰਦ, ਤ੍ਰੀਮਤਾਂ, ਬਚੇ ਸਭੋ ਹੀ ਐਤਵਾਰ ਸਵੇਰੇ ਸੁੰਦਰ ਮੁਖੜੇ ਲਿਸ਼ਕ ਪੁਸ਼ਕ ਇੰਦਰ ਦੇ ਅਖਾੜੇ ਦੀਆਂ ਪਰੀਆਂ ਅਤੇ ਸਭੋ ਹੀ ਸ਼ਾਹ ਬਹਿਰਾਮ ਬਣ ਬੈਠਦੇ। ਗਿਰਜੇ ਘਰਾਂ ਵਿਚ ਜਿਥੇ ਪਾਦਰੀ ਸਾਹਿਬ ਰੱਬ ਦੀ ਦਰਗਾਹ ਵਿਚ ਅਰਜ਼ੋਈਆਂ ਲਈ ਅੰਜੀਲ ਦੀਆਂ ਆਇਤਾਂ ਪੜ੍ਹਕੇ ਸੁਣਾਂਦਾ, ਉਥੇ ਹੀ ਨੌਜਵਾਨ ਮੁੰਡੇ ਕੁੜੀਆਂ ਦੀਆਂ ਪ੍ਰੀਤ ਮਿਲਣੀਆਂ ਵੀ ਹੁੰਦੀਆਂ। "ਪ੍ਰਭ ਕੈ ਸਿਮਰਨ ਸਦਾ ਨਿਰਲੇਪ ਜੈਸੇ ਜਲ ਮੈ ਕੰਵਲ ਅਲੇਪ" ਗਿਰਜੇ ਦੇ ਬਾਹਿਰ ਤੇ ਅੰਦਰ ਪ੍ਰੇਮ-ਜੋੜੀਆਂ ਜੁੜਦੀਆਂ। ਮੰਗਣੀਆਂ ਤੇ ਵਿਆਹ ਦੇ ਇਕਰਾਰ ਹੁੰਦੇ, ਮਾਪੇ, ਬੀਬੇ ਅਤੇ ਬੀਬੀਆਂ ਨੂੰ ਸਮਾਂ ਦੇਕੇ ਆਪ ਵਖਰਿਆਂ ਹੋ ਜਾਂਦੇ। ਗਿਰਜੇ ਦੇ ਅੰਦਰ ਪ੍ਰਾਰਥਨਾ ਹੁੰਦੀ ਅਤੇ ਬਾਹਰ ਕਬਰਿਸਤਾਨ ਦੇ ਬਾਗ ਵਿਚ ਬੜਾ ਭਾਰੀ ਮੇਲਾ ਜੁੜਦਾ। ਉਹੀ ਜ਼ਿਮੀਂਦਾਰ ਜੇਹੜੇ ਸਤ ਦਿਨ ਘਰਾਂ ਦੇ ਕੰਮਾਂ ਨਾਲ ਲੇਬੂ-ਪੇਬੂ ਹੁੰਦੇ, ਅਜ ਸ਼ਹਿਜ਼ਾਦੇ ਸ਼ਹਿਜ਼ਾਦੀਆਂ ਬਣ ਜਾਂਦੇ।

ਦੁਪਹਿਰ ਦੀ ਰੋਟੀ ਵੀ ਐਤਵਾਰ ਨੂੰ ਬੜੇ ਉਤਸ਼ਾਹ ਵਾਲੀ ਹੁੰਦੀ। ਲੜਾਈ ਦੇ ਕਾਰਨ ਤੇਲ, ਕੋਇਲਾ, ਡਬਲ ਰੋਟੀ ਅਤੇ ਖੰਡ ਦਾ ਰਾਸ਼ਨ ਸੀ। ਸਨੀਚਰ ਨੂੰ ਹੀ ਡਬਲ ਰੋਟੀ, ਖੰਡ ਵਾਲੀ ਗਡੀ ਪਿੰਡ ਵਿਚ ਪੁਜ ਜਾਂਦੀ, ਆਪਣੀ ਪਾਸਬੁਕ–ਜਿਸ ਉਪਰ ਫੋਟੋ ਦੀ ਤਸਵੀਰ ਲਗੀ ਹੁੰਦੀ ਵਿਖਾਕੇ ਹਫ਼ਤੇ ਲਈ ਸਾਰੀਆਂ ਚੀਜ਼ਾਂ ਖਰੀਦ ਲਈਆਂ ਜਾਂਦੀਆਂ। ਵਡੇ ਜ਼ਿਮੀਂਦਾਰ ਘਰਾਂ ਵਿਚ ਘਰ ਦੀ ਬੇਕਰੀ ਉਪਰ ਹੀ ਡਬਲਰੋਟੀਆਂ ਪੰਦਰਵੇਂ ਦਿਨ ਤਿਆਰ ਕਰ ਲਈਆਂ ਜਾਂਦੀਆਂ। ਕਾਰਖਾਨੇ, ਕੋਇਲੇ ਦੀਆਂ ਖਾਣਾਂ ਦੇ ਮਜ਼ਦੂਰ ਅਤੇ ਹੋਰ ਸਾਰਿਆਂ ਹੀ ਕਿਰਤੀਆਂ ਨੂੰ ਐਤਵਾਰ ਨੂੰ ਛੁਟੀ ਹੁੰਦੀ।

ਵਡੇ ਹੋਟਲਾਂ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਸ਼ਰਾਬ ਦੇ ਦੌਰ ਚਲਦੇ, ਸ਼ਰਾਬੀਆਂ ਦੇ ਵਿਚਕਾਰ ਨਾਚੀ ਕੁੜੀਆਂ, ਪਿਆਨੋ ਦੇ

ਤਾਲ-ਸੁਰ ਉਪਰ ਅਧ-ਨੰਗੀਆਂ ਸ਼ਰਾਬ ਦੇ ਨਸ਼ੇ ਵਿਚ ਮਸਤ ਨਚਦੀਆਂ ਥਰਕਦੀਆਂ, ਇਹੋ ਜਹੇ ਨਾਚ ਘਰ ਜਿਥੇ ਸ਼ਹਿਰਾਂ ਵਿਚ ਸਨ, ਉਥੇ ਪਿੰਡਾਂ ਵਿਚ ਵੀ ਮੌਜੂਦ ਸਨ। ਸਾਰੇ ਹੀ ਯੂਰਪੀ ਦੇਸਾਂ ਵਿਚ ਇਸਤ੍ਰੀ ਪੁਰਸ਼ ਦਾ ਹਿਕ ਨਾਲ ਹਿਕ ਜੋੜਕੇ, ਬਾਹਵਾਂ ਵਿਚ ਬਾਹਵਾਂ ਘੁਟਕੇ ਨਚਣਾ ਇਕ ਹੁਨਰ ਅਤੇ ਆਰਟ ਹੈ। ਸਰਦੀ ਦੇ ਕਾਰਨ ਨਚਣਾ ਇਕ ਚੰਗੀ ਕਸਰਤ ਵਿਚ ਸ਼ਾਮਲ ਹੈ।

*　　*　　*　　*

ਫਰਾਂਸ ਦੇ ਪੇਂਡੂ ਸਕੂਲਾਂ ਵਿਚ ਮੁੰਡੇ ਕੁੜੀਆਂ ਇਕੋ ਥਾਂ ਪੜ੍ਹਦੇ ਹਨ ਬਾਲ-ਪਨ ਥੀਂ ਮਰਦ ਨੂੰ ਇਸਤਰੀ ਦੇ ਇਤਨਾ ਨੇੜੇ ਕਰ ਦਿਤਾ ਜਾਂਦਾ ਹੈ ਕਿ ਉਸਦੀਆਂ ਸਾਰੀਆਂ ਕਾਮਚੇਸ਼ਟਾ ਪਿਆਰ ਅਤੇ ਮਿਲਣੀਆਂ ਤਕ ਹੀ ਮੁਕ ਜਾਂਦੀਆਂ ਹਨ। ਸਾਡੇ ਦੇਸ਼ ਵਾਂਗੂ ਮਰਦਾਵੀਆਂ ਅੱਖਾਂ ਇਸਤਰੀ ਜੋਬਨ ਲਈ ਭੁਖੀਆਂ ਤੇ ਤਰਸਦੀਆਂ ਰਾਹ ਜਾਂਦੀਆਂ ਸੁੰਦਰੀਆਂ ਵਲ ਬਿਟਰ ਬਿਟਰ ਨਹੀਂ ਵੇਖਦੀਆਂ। ਸਕੂਲਾਂ ਵਿਚ ਮੁੰਡੇ ਕੁੜੀਆਂ ਲਈ ਇਕਠੀਆਂ ਖੇਡਾਂ ਮਿਥੀਆਂ ਜਾਂਦੀਆਂ ਹਨ। ਕਈ ਖੇਡਾਂ ਇਹੋ ਜਹੀਆਂ ਹਨ ਜਿਨ੍ਹਾਂ ਵਿਚ ਕਦੇ ਮੁੰਡਾ ਉਪਰ ਤੇ ਕੁੜੀ ਹੇਠਾਂ, ਕਦੇ ਕੁੜੀ ਉਪਰ ਤੇ ਮੁੰਡਾ ਹੇਠਾਂ। Three type ਵਿਚ ਕਦੇ ਮੁੰਡੇ ਦੀ ਪਿਠ ਕੁੜੀ ਦੀ ਹਿਕ ਨਾਲ ਤੇ ਕਦੇ ਕੁੜੀ ਦੀ ਪਿਠ ਮੁੰਡੇ ਦੀ ਹਿਕ ਨਾਲ ਜੁੜ ਜਾਂਦੀ ਹੈ, "ਘੋੜੀ ਟਾਪਾ" ਇਕ ਵਾਰੀ ਕੁੜੀ ਹੇਠਾਂ, ਦੂਜੀ ਵਾਰੀ ਮੁੰਡਾ ਹੇਠਾਂ। ਜਦੋਂ ਬਰਫਾਂ ਪੈ ਜਾਣ ਕਰਕੇ ਨਹਿਰਾਂ, ਛੱਪੜ, ਤਾਲਾਬ, ਜਮ ਕੇ ਸ਼ੀਸ਼ੇ ਦਾ ਫ਼ਰਸ਼ ਬਣ ਜਾਂਦੇ ਨੇ, ਤਾਂ ਪੈਰਾਂ ਵਿਚ ਗਲੀਸਣ ਵਾਲੇ ਬੂਟ ਪਾਕੇ ਜਾਂ ਗਰਾਰੀਆਂ ਅਤੇ ਪਹੀਆਂ ਵਾਲੇ ਜੋੜੇ ਕਸਕੇ, ਜਮੀ ਹੋਈ ਬਰਫ ਉਪਰ ਗਲੀਸਿਆ ਜਾਂਦਾ ਹੈ ਪਰ ਇਹ ਖੇਡ ਵੀ ਮੁੰਡੇ ਕੁੜੀ ਦੀ ਜੋੜੀ ਵਿਚ ਹੀ ਖੇਡੀ ਜਾਂਦੀ ਹੈ। ਇਕ ਦੇ ਡਿਗਣ ਨੂੰ ਦੂਜੇ ਦੀ ਗਲਵਕੜੀ ਵਿਚ ਘੁਟਕੇ ਬਚਾ ਲਿਆ ਜਾਂਦਾ ਹੈ। ਕਈ ਖੇਡਾਂ ਵਿਚ ਮੁੰਡਾ ਕੁੜੀ ਦੇ ਪਟਾਂ ਉਪਰ ਜਾ ਬੈਠਦਾ ਹੈ ਤੇ ਕੁੜੀ ਮੁੰਡੇ ਦੇ ਪਟਾਂ ਉਪਰ। ਹਾਸੇ ਖਿਲੀਆਂ, ਮੁਕਾਬਲੇ, ਦੌੜਾਂ, ਛਾਲਾਂ, ਕਿਸੇ ਕੰਮ ਵਿਚ ਵੀ ਫਰਾਂਸ ਦੀ ਕੁੜੀ ਮੁੰਡਿਆਂ ਥੀਂ ਘਟ ਨਹੀਂ। ਇਹੋ ਕਾਰਨ ਹਨ ਕਿ ਅਜ ਪਛਮੀ

ਦੇਸਾਂ ਦੀਆਂ ਚਿਟੀਆਂ ਦੁਧ ਨਰਮ ਅਤੇ ਨਾਜ਼ਕ ਹਿਰਦੇ ਵਾਲੀਆਂ ਪੁਤਲੀਆਂ ਹਵਾਈ ਜਹਾਜ਼ਾਂ ਥੀਂ ਸੈਂਕੜਿਆਂ ਦੀ ਗਿਣਤੀ ਵਿਚ ਛਾਲਾਂ ਮਾਰ ਮਾਰਕੇ ਦੁਸ਼ਮਣ ਦੇ ਇਲਾਕਿਆਂ ਵਿਕ ਪੈਰਾਸ਼ੂਟ ਥੀਂ ਉਤਰਕੇ ਦੇਸ਼ ਦੀ ਸੇਵਾ ਕਰ ਰਹੀਆਂ ਹਨ। ਵਡੀ ਉਮਰ ਦੇ ਮੁੰਡਿਆਂ ਕੁੜੀਆਂ ਵਿਚ ਤੈਰਨ, ਹਾਕੀ, ਫੁਟਬਾਲ, ਟੈਨਸ, ਕਿਸ਼ਤੀ ਚਲਾਣੀ, ਆਦ ਕਈ ਖੇਡਾਂ ਦੇ ਮੁਕਾਬਲੇ ਹੁੰਦੇ ਹਨ। ਮੁੰਡੇ ਕੁੜੀਆਂ ਕਈ ਕਈ ਦਿਨ ਅਤੇ ਜਵਾਨੀ ਦੀਆਂ ਅਨੇਕਾਂ ਰਾਤਾਂ ਪੜ੍ਹਾਈ ਦੇ ਦਿਨਾਂ ਵਿਚ ਘਰਾਂ ਥੀਂ ਬਾਹਰ ਇਤਿਹਾਸਕ ਥਾਵਾਂ ਦੀ ਸੈਰ ਲਈ ਜਾਂਦੀਆਂ ਹਨ। ਨਾਲੋ ਨਾਲ ਬਿਸਤਰਿਆਂ ਵਿਚ ਇਕਠੇ ਸੁਤਿਆਂ ਵੀ ਇਹ ਕਾਮਚੇਸ਼ਟਾ ਥੀਂ ਬਚੇ ਹੀ ਰਹਿੰਦੇ ਹਨ। ਪਰ ਜਦੋਂ ਇਕ ਜੋੜੀ ਦੀ ਮਨਮਰਜ਼ੀ ਜੁੜ ਗਈ, ਇਕ ਨੇ ਦੂਜੇ ਨੂੰ ਪਰਵਾਨ ਕਰ ਲਿਆ, ਤਾਂ ਫਿਰ ਉਨ੍ਹਾਂ ਨੂੰ ਕੋਈ ਰੋਕ ਟੋਕ ਨਹੀਂ ਹੁੰਦੀ। ਪਰ ਵਿਦਿਆ ਦੇ ਹੋਣ ਕਰਕੇ ਮੁੰਡੇ ਕੁੜੀਆਂ ਬਾਲਗ਼ ਹੋਣ ਤਕ ਆਪਣੇ ਆਪ ਨੂੰ ਜ਼ਰੂਰ ਬਚਾਈ ਰਖਦੇ ਹਨ। ਇਨ੍ਹਾਂ ਨੂੰ ਹਰ ਤਰ੍ਹਾਂ ਦੇ ਰਸਾਲੇ, ਅਖਬਾਰ, ਨਾਵਲ, ਤਸਵੀਰਾਂ ਫਿਲਮਾਂ ਗੰਦੇ ਥੀਂ ਗੰਦੇ ਤੇ ਚੰਗੇ ਥੀ ਚੰਗੇ ਪੜ੍ਹਨ ਅਤੇ ਵੇਖਣ ਦੀਆਂ ਖੁਲ੍ਹਾਂ ਹਨ। ਉਨ੍ਹਾਂ ਦਾ ਖਿਆਲ ਹੈ ਕਿ ਚਾਲ-ਚਲਣ ਦੀ ਨਿਗਰ ਨੀਂਹ ਉਦੋਂ ਹੀ ਰਖੀ ਜਾ ਸਕਦੀ ਹੈ, ਜਦੋਂ ਹਰ ਇਸਤਰੀ ਪੁਰਸ਼ ਨੂੰ ਪੂਰਨ ਖੁਲ੍ਹ ਹੋਵੇ, ਅਸਲ ਵਿਚ ਇਹ ਕਾਮ, ਕਰੋਧ, ਲੋਭ ਮੋਹ ਹੰਕਾਰ ਥੀਂ ਨਿਰਲੇਪ ਹਨ।

ਕੰਵਲ ਫੁਲ ਵਾਂਗੂ ਸਾਰਾ ਕੁਝ ਵੇਖਦਿਆਂ, ਸਾਰਾ ਕੁਝ ਸੁਣਦਿਆਂ ਸਾਰਾ ਕੁਝ ਹੁੰਦਿਆਂ ਵੀ ਨਿਰਲੇਪ ਹਨ। ਪੁਤਰ ਦੀ ਕੁੜਮਾਈ ਦੀ ਚਿੰਤਾ ਨਹੀਂ। ਸਪੁਤਰੀ ਦੇ ਵਿਆਹ ਦਾ ਵਿਜੋਗ ਨਹੀਂ। ਕੁਛੜ ਬਾਲ ਖਿਡਾਂਦੀਆਂ ਕੰਵਾਰੀਆਂ ਕੁੜੀਆਂ ਝੱਟ ਆਖ ਦਿੰਦੀਆਂ ਹਨ "ਇਹ ਮੇਰੇ ਮਿਤਰ ਦੀ ਨਿਸ਼ਾਨੀ ਹੈ, ਉਹ ਸਾਲੋਨੀਕਾ ਹੈ, ਆਵੇਗਾ ਤਾਂ ਵਿਆਹ ਕਰਾਵਾਂਗੀ, ਚਿਠੀਆਂ ਆਂਵਦੀਆਂ ਹਨ।" ਪਰ ਕਿਸੇ ਅਣਵਿਆਹੀ ਨੇ ਆਪਣਾ ਬਾਲ ਆਪ ਨਾ ਪਾਲਣਾ ਹੋਵੇ ਜਾਂ ਬਾਲ ਪਾਲਣ ਦੀ ਸਮਰਥਾ ਨਾ ਹੋਵੇ ਤਾਂ ਇਹੋ ਜਹੇ ਸਰਕਾਰੀ ਆਸ਼ਰਮ ਹਨ ਜਿਥੇ ਸਰਕਾਰੀ ਖ਼ਰਚ ਉਪਰ ਬਚਿਆਂ ਦੀ ਪਾਲਣਾ ਹੁੰਦੀ ਹੈ। ਨਰਸਾਂ ਡਾਕਟਰ, ਖਿਡਾਵੀਆਂ, ਖ਼ੁਰਾਕ ਪੁਸ਼ਾਕ, ਪ੍ਰਬੰਧ ਸਾਰਾ ਕੁਝ ਅਮੀਰਾਨਾ

ਸਾਫ਼ ਸੁਥਰਾ ਅਤੇ ਸੁੰਦਰ ਹੁੰਦਾ ਹੈ। ਇਹੋ ਬਚੇ ਬਚੀਆਂ ਜਵਾਨ ਹੋਕੇ ਦੇਸ ਦੇ ਸੁਭਾਗ ਮੈਂਬਰ ਬਣਦੇ ਹਨ। ਇਨ੍ਹਾਂ ਆਸ਼ਰਮਾਂ ਵਿਚ ਜਿਥੇ ਇਨ੍ਹਾਂ ਬਚਿਆਂ ਨੂੰ ਪੜ੍ਹਣਾ ਲਿਖਣਾ ਸਿਖਾਇਆ ਜਾਂਦਾ ਹੈ, ਉਥੇ ਹਰ ਇਕ ਚੰਗੀ ਆਦਤ ਪਾਉਣ ਦਾ ਉਪਰਾਲਾ ਵੀ ਹੁੰਦਾ ਹੈ। ਸਾਡੇ ਦੇਸ ਦੇ ਯਤੀਮਾਂ ਵਾਂਗੂ ਚਿਮਟੇ ਵਜਾਕੇ ਰੇਲ ਗਡੀਆਂ ਵਿਚ ਮੰਗਦੇ ਨਹੀਂ ਫਿਰਦੇ ਅਤੇ ਨਾ ਹੀ ਅਣਵਿਆਹੀਆਂ ਦੇ ਬਚੇ ਗੰਦੀਆਂ ਨਾਲੀਆਂ ਵਿਚ ਸਿਟਕੇ ਲਾਵਾਰਸ ਦਸੇ ਜਾਂਦੇ ਹਨ।

* * * *

ਜਿਸ ਪਿੰਡ ਅਜ ਕਲ ਅਸੀਂ ਉਤਾਰਾ ਕੀਤਾ ਹੋਇਆ ਸੀ, ਇਸ ਦੇ ਅੰਤ ਉਪਰ ਕਬਰਿਸਤਾਨ ਦੇ ਵਿਚਕਾਰ ਦੇ ਗਿਰਜਾ ਹੈ। ਐਤਵਾਰ ਦੇ ਐਤਵਾਰ ਇਸ ਬਾਗ਼ ਅਤੇ ਗਿਰਜੇ ਵਿਚ ਤਿੰਨ ਚਾਰ ਨਿਕੇ ਨਿਕੇ ਪਿੰਡਾਂ ਦੀਆਂ ਸੰਗਤਾਂ ਦਾ ਮੇਲਾ ਜੁੜਦਾ ਸੀ। ਸਜਰ-ਵਿਆਹੀਆਂ ਨੂਹਾਂ, ਧੀਆਂ, ਕੰਵਾਰੀਆਂ, ਬੁਢੀਆਂ, ਜੁਵਾਨ, ਮੁੰਡੇ ਸਾਰੇ ਹੀ ਸੱਜ-ਸਜਾਕੇ ਨੂਰ ਦੀਆਂ ਪੁਤਲੀਆਂ ਬਣ ਆਣ ਰੌਣਕਾਂ ਲਾਂਦੀਆਂ, "ਕੋਸ਼ੀਲਾਟੂਰ" ਅਸੀਂ ਇਨ੍ਹਾਂ ਦੇ ਘਰਾਂ ਵਿਚ ਹੀ ਰਿਹਾ ਕਰਦੇ, ਹਰ ਘਰ ਦੇ ਬੂਹੇ ਉਪਰ ਲਗੀ ਤਖ਼ਤੀ ਅਨੁਸਾਰ, ਘਰਾਂ ਦੇ ਅੰਦਰ ਸਿਪਾਹੀਆਂ ਦੀ ਥਾਂ ਮੌਜੂਦ ਸੀ, ਉਨ੍ਹਾਂ ਦੀ ਅੰਗੀਠੀ ਉਪਰ ਹੀ ਚਾਹ ਬਣਦੀ, ਉਨ੍ਹਾਂ ਦੀਆਂ ਪਲੇਟਾਂ, ਚਿਮਚੇ ਵਰਤੇ ਜਾਂਦੇ। ਉਨ੍ਹਾਂ ਦੇ ਹੀ ਕਮਰਿਆਂ ਵਿਚ ਬੈਠਕੇ ਨੁਕਲ ਹੁੰਦਾ ਤੇ ਫਿਰ ਕਈ ਕਈ ਘੰਟੇ ਇਨ੍ਹਾਂ ਹੀ ਜੋਬਨੀਆਂ ਦੀ ਪਿਆਰ ਚਿਤਵਨੀਆਂ ਵਿਚ ਤਕ ਤਕ ਕੇ ਪਰੀਤ-ਕਹਾਣੀਆਂ ਹੁੰਦੀਆਂ। ਮਾੜੀ ਮੋਟੀ ਮਸ਼ਕਰੀ, ਟਿਚਕਰ ਹਾਸਾ, ਛੇੜ-ਛਾੜ ਦੀ ਵੀ ਖੁਲ੍ਹ ਹੁੰਦੀ ਅਤੇ ਜਦੋਂ ਕਿਸੇ ਦੀ ਕਿਸੇ ਨਾਲ ਪਿਆਰ-ਪੀਂਘਾਂ ਦੀ ਰਸੀ ਵਧੀਕ ਲੰਬੀ ਹੋ ਜਾਂਦੀ ਤਾਂ ਨਵੇਕ-ਲੀਆਂ ਪਿਆਰ-ਮਿਲਣੀਆਂ ਵਿਚ ਵੀ ਕੋਈ ਹਰਜ ਨਾ ਸੀ ਸਮਝਿਆ ਜਾਂਦਾ, ਚੁਮਣੀਆਂ ਵਿਚ ਮਿਠੀਆਂ ਪ੍ਰੀਤਾਂ ਹੁੰਦੀਆਂ। ਸ਼ਰਾਬ ਦੇ ਦੌਰ ਚਲਦੇ ਅਤੇ ਐਸ਼ ਦੀਆਂ ਘੜੀਆਂ ਗੁਜ਼ਰਦੀਆਂ। ਕਿਸੇ ਦੀ ਉਂਗਲ ਕਿਸੇ ਵਲ ਨਾ ਉਠਦੀ, ਉਂਞ ਕਿਸੇ ਨੂੰ ਨਾ ਲਾਈ ਜਾਂਦੀ।

ਫਰਾਂਸਣ ਕੰਵਾਰੀਆਂ ਜਿਥੇ ਸਾਡੇ ਹਿੰਦੁਸਤਾਨੀ ਗੀਤ ਗਾ ਕੇ

ਆਪਣੀਆਂ ਕਲਬਾਂ ਵਿਚ ਨਚਦੀਆਂ ਸਨ, ਉਥੇ ਹਿੰਦੀਆਂ ਲਈ ਵੀ ਕਈ ਇਕ ਗੀਤ ਗਾਂਦੀਆਂ ਸਨ। ਜਿਨ੍ਹਾਂ ਵਿਚ ਇਕ–

"ਪ੍ਰੂਵਿਨੇ ਅਵਿਕ ਨੂੰ !
"ਇੰਡੀਅਨ ਮਨਮੌਜਲੇ ਟੂ !
"ਸੋਲਜਰ ਮਰਲਾ !

"ਡੂਲੇ, ਡੂਪੇ, ਮਮਾ, ਪਪਾ !
"ਸੁਭਨੀ ਮਨ ਮੋਜ਼ੇਲ !
"ਮਿਤੀ ਬੇਬੇ ਤੂੰ ਸੇਲ !

"ਮਨ ਮੋਜ਼ੇਲ ਪਲੌਂ ਗੇ !
"ਸੋਲਜਰ ਪ੍ਰਲਾ ਅਤਾਸਿਉ !"

ਇਨ੍ਹਾਂ ਪੰਗਤੀਆਂ ਦੇ ਅਰਥ ਕੁਝ ਇਉਂ ਸਨ:–

"ਹਿੰਦੀ ਸਿਪਾਹੀ ਆਉਂਦੇ ਨੇ !
"ਕੰਵਾਰੀਆਂ ਨੂੰ ਭੈਣਾਂ, ਮਾਂ ਨੂੰ ਮਾਂ, ਪਿਉ ਨੂੰ ਪਿਉ ਆਖਦੇ !

"ਰੋਟੀ ਦੁਧ ਤੇ ਪਾਣੀ ਮੰਗਦੇ !
"ਕੰਵਾਰੀਆਂ ਨਾਲ ਸੈਰਾਂ ਹੁੰਦੀਆਂ !
"ਹਿੰਦੀ ਸਿਪਾਹੀ ਅਟਨ-ਸ਼ਨ ਹੋ ਸਮੇਂ ਸਿਰ ਤੁਰ ਜਾਂਦੇ !
"ਆਪਣੀ ਨਿਸ਼ਾਨੀ ਇਕ ਬੱਚਾ ਕੰਵਾਰੀਆਂ ਲਈ ਦੇ ਜਾਂਦੇ !
"ਕੁੜੀਆਂ ਹਿੰਦੀਆਂ ਦੀ ਯਾਦ ਵਿਚ ਰੋਣਗੀਆਂ !

"ਇਹ ਬੜੇ ਚੰਗੇ ਹਿੰਦੀ ਤੇ ਸੁੰਦਰ ਕੰਵਾਰੀਆਂ !
"ਕਠੀਆਂ ਸੈਰਾਂ ਤੇ ਪਿਆਰ ਮਿਲਣੀਆਂ ਸਦਾ ਦੀ ਯਾਦ !"

ਐਤਵਾਰ ਵਾਲੇ ਮੇਲੇ ਨੂੰ ਵੇਖਣ ਲਈ ਜਦੋਂ ਕੁੜੀਆਂ ਟੁਰ ਗਈਆਂ ਤਾਂ ਮਗਰੋਂ ਸਿਪਾਹੀਆਂ ਨੇ ਵੀ ਮੁਛਹਿਰਿਆਂ ਨੂੰ ਵੱਟ ਚਾੜ੍ਹੇ, ਦਾੜ੍ਹੇ ਸਜਾਕੇ ਵਰਦੀਆਂ ਪਾਕੇ ਲਿਸ਼ਕ ਲਿਸ਼ਕਾ ਇਸ ਆਉਂਦੇ ਤੇ ਜਾਂਦੇ ਸੁੰਦਰਤਾ ਦੇ ਹੜ ਵਿਚ ਕਾਮਦਿਓ ਦੇ ਦੇਵਤੇ ਨੂੰ ਵੇਖਣ ਲਈ ਸੜਕ ਦੇ ਕਿਨਾਰੇ ਆਣ ਜੁੜੇ ਸਨ। ਅੱਖਾਂ ਹੀ ਅੱਖਾਂ ਵਿਚ ਸਿਰ ਥੀਂ ਪੈਰਾਂ ਤਕ ਕਪੜਿਆਂ ਦੇ ਅੰਦਰਲਾ ਜੋਬਨ ਵੀ ਤਾੜਿਆ ਜਾ ਰਿਹਾ ਸੀ। ਕਈਆਂ ਨੂੰ ਆਪਣੀਆਂ ਸੁਵਾਣੀਆਂ, ਆਪਣਾ ਪਿੰਡ, ਆਪਣੇ

ਪਿੰਡ ਦਾ ਖੂਹ ਤੇ ਤਾਲਾਬ, ਸਾਲੀਆਂ ਤੇ ਸਾਲੇਹਾਰਾਂ ਦੇ ਭੰਡਾਰ ਚੇਤੇ ਆ ਰਹੇ ਸਨ। ਉਹ ਖ਼ਿਆਲ ਕਰ ਰਹੇ ਸਨ ਸਾਡੀਆਂ ਪਤਨੀਆਂ ਦੇ ਜੋਬਨ ਵੀ ਖੂਹਾਂ ਤਲਾਵਾਂ ਉਪਰ ਜਾਂਦੀਆਂ ਨੌਜਵਾਨ ਮੁਟਿਆਰਾਂ ਨੂੰ ਕਈ ਨੌਜਵਾਨ ਅੱਖਾਂ ਵਿਚੋਂ ਲੰਘਣਾ ਪੈਂਦਾ ਹੋਣਾ ਹੈ, ਜੋਬਨ ਅਤੇ ਸੁੰਦਰਤਾ ਦੀ ਖਿਚ ਸਾਰਿਆਂ ਮਨਾਂ ਨੂੰ ਖਿਚ ਪਾਉਂਦੀ ਹੈ। ਪਿੰਡ ਦੀ ਸ਼ੁਰੂ ਥੀਂ ਅਖ਼ੀਰ ਤਕ ਸਾਰੀ ਸੜਕ ਆਂਵਦੀਆਂ ਜਾਂਦੀਆਂ ਸੰਗਤਾਂ ਨਾਲ ਭਰਪੂਰ ਸੀ।

* * * *

ਦਿਨੇ ਰਾਤ ਮੀਂਹ ਪੈਣ ਦੇ ਕਾਰਨ ਸਾਰੀ ਥਾਂ ਗਾਹਾ ਹੀ ਗਾਹਾ ਸੀ, ਨਾਜ਼ਕ ਉਂਗਲਾਂ ਵਿਚ ਝਗਵੀਆਂ ਘਘਰੀਆਂ ਨੂੰ ਚੁਕੀ, ਪਿਨੀਆਂ ਤੇ ਗੋਡਿਆਂ ਪਟਾਂ ਦੀ ਸਜਾਵਟ ਸੁੰਦਰਤਾ ਵਿਖਾਂਦੀਆਂ, ਡਾਰਾਂ ਦੀਆਂ ਡਾਰਾਂ ਨੌਜੁਵਾਨ ਕੁੜੀਆਂ ਠੁਮਕ ਠੁਮਕ ਪਬਾਂ ਭਾਰ ਤੁਰੀਆਂ ਜਾ ਰਹੀਆਂ ਸਨ।

ਅਚਣਚੇਤ ਖਿਲੀ-ਹਾਸਾ ਤੇ ਬਚੋ, ਹਟੋ ਦੀਆਂ ਚਾਂਗਾਂ ਪੈ ਗਈਆਂ, ਪਿੰਡ ਦੇ ਆਖਰੀ ਸਿਰੇ ਥੀਂ ਇਕ ਡਯੂ ਕਿਸੇ ਦਾ ਬੁਲ-ਡਾਗ ਕੁਤਾ ਬੇਤਹਾਸ਼ਾ ਭੱਜਾ ਆ ਰਿਹਾ ਸੀ, ਜਿਸ ਦੇ ਪਿਛੇ ਲੰਮੀ ਰਸੀ ਨਾਲ ਬੱਧਾ—ਖ਼ਾਲੀ ਪੀਪਾ ਖਾੜ ਖਾੜ ਕਰਦਾ, ਸੜਕ ਦੇ ਗਾਰੇ ਦੀਆਂ ਪਿਚਕਾਰੀਆਂ ਦੂਰ ਦੂਰ ਤਕ ਖਿਲਾਰ ਰਿਹਾ ਸੀ। ਕੁਤਾ ਗਿਰਜੇ ਥੀਂ ਅਗਲੇ ਪਿੰਡ ਦਾ ਹੋਣਾ ਏ, ਇਸ ਲਈ ਉਧਰ ਦੌੜ ਰਿਹਾ ਸੀ। ਇਹ ਸ਼ਰਾਰਤ ਕਿਸੇ ਹਿੰਦੀ ਸਿਪਾਹੀ ਦੀ ਹੋਣੀ ਹੈ, ਜਿਸ ਨੇ ਪਹਿਲੇ ਦਿਨ ਕੁਤੇ ਨੂੰ ਬੰਨ੍ਹ ਰਖਿਆ ਅਤੇ ਐਨ ਉਸ ਵੇਲੇ ਹਾਸਾ ਮਚਾਉਣ ਲਈ ਕੁਤੇ ਦੇ ਗਲ ਵਿਚ ਖਾਲੀ ਟੀਨ ਨੂੰ ਰਸੀ ਨਾਲ ਬੰਨ੍ਹ ਉਸ ਵਿਚ ਰੋੜੇ ਪਾਕੇ ਤਿੰਨ ਚਾਰ ਚਾਬਕਾਂ ਖਿਚ ਕੇ ਸੜਕ ਉਪਰ ਛਡ ਦਿਤਾ। ਲਾਂਗ ਅਤੇ ਚਮਕੀਲੇ ਬੂਟ, ਚਿਟੇ ਦੁਧ ਸਾਇਬਾਨ, ਨੰਗੀਆਂ ਬਾਹਵਾਂ, ਨੰਗੀਆਂ ਪਿਨੀਆਂ, ਸਾਰਾ ਕੁਝ ਹੀ ਲਿਬੜ ਗਿਆ ਸੀ। ਗਾਰੇ ਦੇ ਛਿਟਿਆਂ ਨੇ ਕਈਆਂ ਦੀਆਂ ਗਲ੍ਹਾਂ, ਠੋਡੀਆਂ, ਅੱਧ-ਨੰਗੀਆਂ ਹਿਕਾਂ ਤੇ ਮਥੇ ਦੀਆਂ ਚੁੰਮਣੀਆਂ ਵੀ ਲਈਆਂ ਸਨ। ਮਾਂਵਾਂ, ਧੀਆਂ, ਨੂੰਹਾਂ, ਕੰਵਾਰੀਆਂ, ਵਿਆਹੀਆਂ, ਬੁਢੇ, ਜਵਾਨ ਸਾਰਿਆਂ ਦੀਆਂ ਵੱਖੀਆਂ

ਵਿਚ ਹਾਸਿਆਂ ਨਾਲ ਪੀੜਾਂ ਪੈ ਰਹੀਆਂ ਸਨ। ਕਿਸੇ ਵੀ ਮੁਖੜੇ ਉਪਰ ਕ੍ਰੋਧ, ਗਾਲ੍ਹ, ਰੋਸ ਤੇ ਦੁਰਬਚਨ ਨਹੀਂ ਸਨ। ਘਰੀਂ ਜਾਕੇ ਜਿਥੇ ਬੂਟਾਂ ਦਾ ਗਾਰਾ ਲਾਹਿਆ ਗਿਆ, ਉਥੇ ਗੌਨ ਘਘਰੀਆਂ, ਕੋਟ ਪਤਲੂਣਾਂ ਨੂੰ ਵੀ ਸੁਕਾਇਆ ਜਾ ਰਿਹਾ ਸੀ। ਬੁਰਸ਼ ਕੀਤੇ ਗਏ। ਇੰਡੀਆ ਵਾਲਿਆਂ ਦੇ ਇਸ ਹਾਸੇ ਨੂੰ ਕਈ ਦਿਨਾਂ ਤਕ ਯਾਦ ਕੀਤਾ ਗਿਆ। ਇਹ ਸੀ ਮੇਰੀ ਯਾਦ ਗਿਰਜੇ ਦੇ ਰਾਹ ਵਿਚ।

ਪ੍ਰਿੰਟਰ: ਸਾਥੀ ਅਰਜਨ ਸਿੰਘ ਗੜਗੱਜ, ਦੇਸ਼ ਭਗਤ ਪ੍ਰਿੰਟਿੰਗ ਪ੍ਰੈਸ,
ਪੁਰਾਣੀ ਅਨਾਰਕਲੀ, ਲਾਹੌਰ।

ਪਬਲਿਸ਼ਰਜ਼: ਸ: ਪਿਆਰਾ ਸਿੰਘ 'ਦਾਤਾ', ਮੈਨੇਜਰ ਪ੍ਰੀਤ ਨਗਰ ਸ਼ਾਪ,
੩੦ ਨਿਸਬਤ ਰੋਡ, ਲਾਹੌਰ